
ਸਿਰਜਣਾ
ਜੁਲਾਈ-ਸਤੰਬਰ 2023
209
50 ਰੁਪਏ

# ਸਿਰਜਣਾ

**209**

**ਜੁਲਾਈ-ਸਤੰਬਰ 2023**

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***

**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਸੱਤਾ ਸੁਰ ਬਨਾਮ ਅਵਾਮੀ ਪਿੜ/1
ਆਦੇਸ਼ ਅੰਕੁਸ਼/ਪੰਜ ਗ਼ਜ਼ਲਾਂ/3
ਹਰਵਿੰਦਰ/ਤਿੰਨ ਕਵਿਤਾਵਾਂ/6
ਗੁਰਜੰਟ ਰਾਜੇਆਣਾ/ਦੋ ਕਵਿਤਾਵਾਂ/9
ਗੁਰਮੀਤ ਕੜਿਆਲਵੀ/ਕਹਾਣੀ/ਮੋਰ ਪੈਲ ਕਿਉਂ ਨਹੀਂ ਪਾਉਂਦੇ/11
ਤੌਕੀਰ ਚੁਗ਼ਤਾਈ/ਕਹਾਣੀ/ਫੋਟੋ ਸੈਸ਼ਨ/18
ਰਮਨਦੀਪ ਵਿਰਕ/ਕਹਾਣੀ/ਐਨ ਅਫੇਅਰ/21
ਅਮਰਜੀਤ ਸਿੰਘ ਮਾਨ/ਕਹਾਣੀ/ਆਖ ਦਮੋਦਰ.../29
ਬਲਦੇਵ ਚੱਕ ਸਕੰਦਰ/ਵਾਰਤਾ/ਆਦਮ ਦੀ ਆਵਾਜ਼/38
ਜੌਹਨ ਮੌਲੀਨੌਕਸ/ਲੇਖ/ਇਨਸਾਨੀ ਫਿਤਰਤ ਸਮਾਜਵਾਦ ਦੇ ਰਾਹ ਵਿਚ ਰੋੜਾ ਨਹੀਂ/45
ਬਲਜਿੰਦਰ ਨਸਰਾਲੀ/ਲੇਖ/ਐੱਚ.ਜੀ. ਵੈੱਲਜ਼ ਦਾ ਵਿਸ਼ਵ ਦਾ ਸੰਖੇਪ ਸਭਿਆਚਾਰਕ ਤੇ ਰਾਜਨੀਤਕ ਇਤਿਹਾਸ/59
ਬਲਵਿੰਦਰ ਗਰੇਵਾਲ/ਯਾਦਗਾਰੀ ਪਲ/ਬੁਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ/74
ਹਰਿੰਦਰ ਸਿੰਘ/ਰਿਵਿਊ/ਨਾਬਰ ਪੈੜਾਂ/78
ਗੁਰਦੀਪ ਕੌਰ/ਰਿਵਿਊ/ਕੁਲਬੀਰ ਬਡੇਸਰੋਂ ਦੀਆਂ ਇਕੱਤੀ ਕਹਾਣੀਆਂ/79
ਜੇ.ਬੀ. ਸੇਖੋਂ/ਰਿਵਿਊ/ਸੁਪਨੇ ਅਤੇ ਵਾਟਾਂ/82/ਤ੍ਰਿਕਾਲ ਸੰਧਿਆ/84
ਪਰਗਟ ਸਿੰਘ/ਰਿਵਿਊ/ਆਈ ਲਾਚਾ/86
ਹਰਿੰਦਰ ਸਿੰਘ/ਰਿਵਿਊ/1947/88
ਹਰਵਿੰਦਰ ਸਿੰਘ/ਰਿਵਿਊ/ਮਨ ਦਾ ਮੌਸਮ/90/ਵਗਦੀਆਂ ਵਾਵਾਂ ਵਹਿੰਦੇ ਦਰਿਆ/91
ਰਘਬੀਰ ਸਿੰਘ/ਰਿਵਿਊ/ਟੂਮਾਂ/93


**ਟਾਈਟਲ ਚਿੱਤਰ : ਦੇਵ**


**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ**

*ਸੰਪਾਦਕੀ*

# ਸੱਤਾ ਸੁਰ ਬਨਾਮ ਅਵਾਮੀ ਪਿੜ

*ਧਨ-ਦੌਲਤ ਦੀ ਬਹੁਲਤਾ ਸਿਆਸੀ ਸੱਤਾ ਦੇ ਕੇਂਦਰੀਕਰਨ ਦਾ ਰਾਹ ਖੋਲ੍ਹਦੀ ਹੈ ਅਤੇ ਸੱਤਾ ਦਾ ਕੇਂਦਰੀਕਰਨ ਅਜਿਹਾ ਵਿਧੀ-ਵਿਧਾਨ ਸਿਰਜਦਾ ਹੈ ਜੋ ਅਗਾਂਹ ਇਸੇ ਚੱਕਰ ਨੂੰ ਜ਼ਰਬਾਂ ਦੇਈ ਜਾਂਦਾ ਹੈ। ਚਿਰਾਂ ਤੋਂ ਇਹ ਵਰਤਾਰਾ ਅਸੀਂ ਅੱਖਾਂ ਸਾਹਵੇਂ ਵਾਪਰਦਾ ਦੇਖ ਰਹੇ ਹਾਂ। ਇਸ ਦਾ ਪ੍ਰਚੰਡ ਰੂਪ ਪਿਛਲੇ ਤਕਰੀਬਨ ਇਕ ਦਹਾਕੇ ਤੋਂ ਸਾਡੇ ਸਾਹਮਣੇ ਹੈ। ਸੱਤਾ ਸੁਰ ਦਾ ਇਹ ਸਫ਼ਰ ਹੁਣ ਫ਼ੈਸਲਾਕੁਨ ਮੋੜ 'ਤੇ ਹੈ। ਅਹਿਮ ਮੋੜ ਤਾਂ ਭਾਵੇਂ ਇਸ ਨੇ ਦਹਾਕਾ ਪਹਿਲਾਂ 2014 ਵਿਚ ਹੀ ਕੱਟ ਲਿਆ ਸੀ ਪਰ 2019 ਤਕ ਪੁੱਜਦਿਆਂ-ਪੁੱਜਦਿਆਂ ਇਸ ਸੁਰ ਦਾ ਜਲੌਅ ਕੁੱਝ ਵਧੇਰੇ ਤੱਦੀ ਵਾਲਾ ਸਰੂਪ ਅਖ਼ਤਿਆਰ ਕਰ ਗਿਆ। ਇਸ ਦਾ ਸਿਖਰ ਹੁਣ ਭਲਵਾਨ ਕੁੜੀਆਂ ਨੂੰ ਸੜਕਾਂ ਉੱਤੇ ਰੋਲਣ ਦੇ ਰੂਪ ਵਿਚ ਸਾਰੇ ਮੁਲਕ ਨੇ ਦੇਖਿਆ ਹੈ। ਇਸ ਘਟਨਾਕ੍ਰਮ ਦੇ ਸੱਤਾ ਸੁਰ ਨੂੰ ਚੋਣ ਸਿਆਸਤ ਨਾਲ ਜੋੜ ਕੇ ਸਮਝਿਆ ਜਾ ਸਕਦਾ ਹੈ। ਭਾਰਤੀ ਕੁਸ਼ਤੀ ਸੰਘ ਦੇ ਮੁਖੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਸੱਤਾ ਸਿਆਸਤ ਉੱਤੇ ਜਕੜ ਇੰਨੀ ਮਜ਼ਬੂਤ ਹੈ ਕਿ ਪ੍ਰਧਾਨ ਮੰਤਰੀ ਤਕ ਨੇ ਕੁੜੀਆਂ ਦੀਆਂ ਚੀਕਾਂ ਅਣਸੁਣੀਆਂ ਕਰ ਦਿੱਤੀਆਂ। ਵਿਨੇਸ਼ ਫੋਗਾਟ ਨੇ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀਆਂ ਵਧੀਕੀਆਂ ਵਾਲੀ ਗੱਲ ਦੋ ਸਾਲ ਪਹਿਲਾਂ ਪ੍ਰਧਾਨ ਮੰਤਰੀ ਦੇ ਕੰਨੀਂ ਪਾਈ ਸੀ ਪਰ ਸੱਤਾ ਧਿਰ ਦੇ ਇਸ ਲੀਡਰ ਦਾ ਜ਼ੋਰ ਇਕ ਨਹੀਂ, ਆਲੇ-ਦੁਆਲੇ ਦੇ ਪੰਜ-ਛੇ ਹਲਕਿਆਂ ਵਿਚ ਸੁਣੀਂਦਾ ਹੈ; ਤੇ ਸੱਤਾ ਧਿਰ ਅਗਲੀਆਂ ਚੋਣਾਂ ਹਰ ਹੀਲੇ-ਵਸੀਲੇ ਜਿੱਤਣ ਲਈ ਤਹੂ ਹੈ, ਇਸ ਕਰ ਕੇ ਅਜਿਹੀਆਂ ਵਧੀਕੀਆਂ ਉਸ ਲਈ ਕੋਈ ਖਾਸ ਨਹੀਂ ਹਨ।*

*ਅਗਲੀਆਂ ਲੋਕ ਸਭਾ ਚੋਣਾਂ ਨੂੰ ਅਜੇ ਭਾਵੇਂ ਪੂਰਾ ਸਾਲ ਪਿਆ ਹੈ ਪਰ ਸੱਤਾ ਧਿਰ ਦੀ ਸਮੁੱਚੀ ਮਸ਼ੀਨਰੀ ਨੂੰ ਹੁਣ ਤੋਂ ਹੀ ਤੇਲ ਦੇਣ ਦੀ ਕਵਾਇਦ ਚਾਲੂ ਹੈ। ਇਸ ਪ੍ਰਸੰਗ ਵਿਚ ਸੱਤਾ ਧਿਰ ਭਾਰਤੀ ਜਨਤਾ ਪਾਰਟੀ ਦੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੇ ਤਰਜਮਾਨ ਪਰਚੇ 'ਆਰਗੇਨਾਈਜ਼ਰ' ਦੀ ਟੀਕਾ-ਟਿੱਪਣੀ ਧਿਆਨ ਗੋਚਰੇ ਹੈ। 'ਆਰਗੇਨਾਈਜ਼ਰ' ਨੇ ਫ਼ਿਕਰ ਜ਼ਾਹਿਰ ਕੀਤਾ ਹੈ ਕਿ ਅਗਲੀਆਂ ਚੋਣਾਂ ਇਕੱਲੇ ਨਰਿੰਦਰ ਮੋਦੀ ਅਤੇ ਹਿੰਦੂਤਵ ਵਾਲੇ ਏਜੰਡੇ 'ਤੇ ਨਿਰਭਰ ਰਹਿ ਕੇ ਜਿੱਤਣੀਆਂ ਸ਼ਾਇਦ ਮੁਸ਼ਕਿਲ ਹਨ। ਮੋਦੀ ਰਾਜ ਵਿਚ ਬਹੁਗਿਣਤੀ ਦਾਬੇ, ਘੱਟਗਿਣਤੀਆਂ ਪ੍ਰਤੀ ਅਸਹਿਣਸ਼ੀਲਤਾ ਅਤੇ ਅਸਹਿਮਤੀ ਰੱਖਣ ਵਾਲਿਆਂ ਦੀ ਜ਼ੁਬਾਨਬੰਦੀ ਦਾ ਐਲਾਨੀਆ ਰੁਝਾਨ ਹੁਣ ਕਿਸੇ ਤੋਂ ਲੁਕਿਆ ਹੋਇਆ ਨਹੀਂ। ਇਸ ਸਭ ਕਾਸੇ ਦਾ ਇਕੋ-ਇਕ ਨਿਸ਼ਾਨਾ ਫ਼ਿਰਕੂ ਆਧਾਰ 'ਤੇ ਸਮਾਜ ਦਾ ਧਰੁਵੀਕਰਨ ਹੈ। ਇਹੀ ਅਸਲ ਵਿਚ ਆਰ.ਐੱਸ.ਐੱਸ. ਦੇ ਨਵੇਂ ਭਾਰਤ ਦੇ ਨੈਣ-ਨਕਸ਼ ਹਨ ਅਤੇ ਇਨ੍ਹਾਂ ਨੈਣ-ਨਕਸ਼ਾਂ ਦੇ ਪ੍ਰਗਟ ਰੂਪ ਸਹਿਜ-ਸੁਭਾਅ ਅਵਾਮ ਦੇ ਨੈਣਾਂ ਵਿਚ ਲਟਕਾਏ ਜਾ ਰਹੇ ਹਨ। ਬਹੁਤ ਸਾਰੇ ਦਾਅਵਿਆਂ ਤੇ ਵਾਅਦਿਆਂ ਨਾਲ ਅਵਾਮ ਨੂੰ ਨਵਾਂ ਸੰਸਦ ਭਵਨ ਦੇ ਦਿੱਤਾ ਗਿਆ ਹੈ; ਚੜ੍ਹਦੇ ਸਾਲ ਰਾਮ ਮੰਦਿਰ ਦਾ ਉਦਘਾਟਨ ਹੋ ਜਾਣਾ ਹੈ। ਪਿਛਲੇ ਕੁਝ ਸਮੇਂ ਤੋਂ ਮੁਲਕ ਦੇ ਅਰਥਚਾਰੇ ਬਾਰੇ ਹਾਂ-ਪੱਖੀ ਰਿਪੋਰਟਾਂ ਅਤੇ ਅੰਕੜੇ ਨਸ਼ਰ ਹੋ ਰਹੇ ਹਨ। ਇਹ 'ਵਿਸ਼ਵ ਗੁਰੂ' ਵਾਲੇ ਭਰਮ ਦਾ ਦਾਅ ਜਾਪਦਾ ਹੈ। ਕੌਮਾਂਤਰੀ ਮੰਚਾਂ ਉੱਤੇ ਇਹ ਸੁਰ ਬਾਕਾਇਦਾ ਉੱਚੀ ਕੀਤੀ ਜਾ ਰਹੀ ਹੈ। ਹੋਰ ਮਸਲਿਆਂ ਦੀ ਲਾਮਡੋਰੀ ਵੀ ਅਸੰਭਵ ਨਹੀਂ; 'ਪੁਲਵਾਮਾ' ਵਾਲੀ ਕਹਾਣੀ ਅਜੇ ਲੋਕਾਂ ਦੇ ਚੇਤਿਆਂ ਵਿਚ ਫਿੱਕੀ ਨਹੀਂ ਪਈ ਹੈ। ਚੌਧਰੀਆਂ ਵੱਲੋਂ ਇਸ ਘਟਨਾ ਦੇ ਤੱਥ ਅੱਜ ਤਕ ਜ਼ਾਹਿਰ ਨਾ ਕਰਨੇ ਸੌੜੀ ਸਿਆਸਤ ਵੱਲ ਹੀ ਸੂਈ ਘੁਮਾਉਂਦੇ ਹਨ।*

ਹਕੀਕਤ ਇਹ ਹੈ ਕਿ ਸੱਤਾ ਧਿਰ ਦੀ ਸਮੁੱਚੀ ਸਿਆਸਤ ਅਤੇ ਜਿੱਤ ਧਰੁਵੀਕਰਨ ਦੀ ਨੋਕ 'ਤੇ ਖੜ੍ਹੀ ਹੈ। ਜਿੱਥੇ-ਜਿੱਥੇ ਇਹ ਜਮਾਤ ਧਰੁਵੀਕਰਨ ਵਿਚ ਕਾਮਯਾਬ ਰਹੀ ਹੈ, ਉੱਥੇ-ਉੱਥੇ ਇਸ ਨੇ ਜਿੱਤ ਦਰਜ ਕੀਤੀ ਹੈ। ਜਿੱਥੇ ਧਰੁਵੀਕਰਨ ਸੰਭਵ ਨਹੀਂ ਹੋ ਸਕਿਆ, ਉੱਥੇ ਇਸ ਨੂੰ ਸ਼ਿਕਸਤ ਦਾ ਸਾਹਮਣਾ ਕਰਨਾ ਪਿਆ ਹੈ। ਕਰਨਾਟਕ ਵਿਧਾਨ ਸਭਾ ਦੀ ਹਾਲੀਆ ਚੋਣ ਇਸ ਦੀ ਮਿਸਾਲ ਹੈ। ਉੱਥੇ ਸਥਾਨਕ ਮਸਲਿਆਂ ਦਾ ਜ਼ੋਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਵਿਸ਼ਾਲ ਰੈਲੀਆਂ ਅਤੇ ਭਰਪੂਰ ਰੋਡ ਸ਼ੋਆਂ ਨਾਲ ਵੀ ਟੁੱਟ ਨਹੀਂ ਸਕਿਆ। ਕਰਨਾਟਕ ਵਿਧਾਨ ਸਭਾ ਚੋਣਾਂ ਨੇ ਦਰਸਾਇਆ ਕਿ ਮੋਦੀ ਜਾਂ ਭਾਰਤੀ ਜਨਤਾ ਪਾਰਟੀ ਅਜਿੱਤ ਨਹੀਂ। ਇਸੇ ਤਰ੍ਹਾਂ ਭਲਵਾਨ ਕੁੜੀਆਂ ਦੇ ਸੰਘਰਸ਼ ਨੇ ਸਾਬਤ ਕੀਤਾ ਕਿ ਪਹਾੜ ਜਿੱਡੀ ਦਿਸਦੀ ਤਾਕਤ ਨਾਲ ਵੀ ਮੱਥਾ ਡਾਹਿਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਇਤਿਹਾਸਕ ਕਿਸਾਨ ਅੰਦੋਲਨ ਨੇ ਵੀ ਜਨਤਕ ਘੋਲਾਂ ਲਈ ਰਾਹ ਮੋਕਲੇ ਕੀਤੇ ਸਨ।

ਕਿਹਾ ਜਾਂਦਾ ਹੈ ਕਿ ਜਦੋਂ ਕੋਈ ਜਿੱਤਦਾ ਹੈ ਤਾਂ ਐਨ ਉਸੇ ਵਕਤ ਕੋਈ ਹੋਰ ਹਾਰ ਰਿਹਾ ਹੁੰਦਾ ਹੈ। 2014 ਵਿਚ ਭਾਰਤੀ ਜਨਤਾ ਪਾਰਟੀ ਜੇ ਤਿੰਨ ਦਹਾਕਿਆਂ ਬਾਅਦ ਇਕੱਲਿਆਂ ਬਹੁਮਤ ਹਾਸਲ ਕਰਨ ਵਾਲੀ ਧਿਰ ਬਣਦੀ ਹੈ ਤਾਂ, ਜ਼ਾਹਿਰ ਹੈ, ਇਸ ਜਿੱਤ ਦੀ ਬੁਨਿਆਦ ਕਾਂਗਰਸ ਦੀ ਹਾਰ ਹੀ ਬਣੀ ਸੀ। ਇਸ ਤੋਂ ਬਾਅਦ ਸਾਲ-ਦਰ-ਸਾਲ ਲੋਕਤੰਤਰ ਨੂੰ ਮਹਿਜ਼ ਚੋਣਾਂ ਤਕ ਘਟਾ ਦਿੱਤਾ ਗਿਆ, ਨਿਆਂਪਾਲਿਕਾ ਤਕ ਨੂੰ ਕਠਪੁਤਲੀ ਬਣਾ ਲਿਆ ਅਤੇ ਲੋਕਤੰਤਰ ਹੌਲੀ-ਹੌਲੀ ਨਿਰੰਕੁਸ਼ਤਾ ਵਿਚ ਵਟਾ ਦਿੱਤਾ। ਸੰਵਿਧਾਨ ਨੂੰ ਖਾਰਿਜ ਕੀਤੇ ਬਗ਼ੈਰ ਮਨਫ਼ੀ ਕਰ ਦਿੱਤਾ ਗਿਆ। ਭਾਰਤੀ ਸਿਆਸਤ ਦੀਆਂ ਇਹ ਹਕੀਕਤਾਂ ਅਤੇ ਤੱਥ ਸਾਨੂੰ ਲੋਕਤੰਤਰ ਦੀ ਇਸ ਨਵੀਂ ਵੰਨਗੀ ਬਾਰੇ ਵਿਚਾਰਾਂ ਲਈ ਹਾਕਾਂ ਮਾਰ ਰਹੇ ਹਨ। ਇਸ ਪ੍ਰਸੰਗ ਵਿਚ ਇਕ ਤੱਥ ਧਿਆਨ ਵਿਚ ਰੱਖਣਾ ਪਵੇਗਾ ਕਿ ਜਦੋਂ ਅੱਠ ਸਾਲ ਪਹਿਲਾਂ ਅਸਹਿਣਸ਼ੀਲਤਾ ਖ਼ਿਲਾਫ਼ ਰੋਹ ਉਠਿਆ ਸੀ ਤਾਂ ਲਿਖਾਰੀਆਂ ਨੇ ਇਨਾਮ ਵਾਪਸੀ ਮੁਹਿੰਮ ਚਲਾ ਕੇ ਸੱਤਾ ਧਿਰ ਨੂੰ ਇਕ ਤਰ੍ਹਾਂ ਨਾਲ ਬੇਵੱਸ ਕਰ ਦਿੱਤਾ ਸੀ। ਹੁਣ ਹਾਲਾਤ ਇਹ ਹਨ ਕਿ ਆਪਣਾ ਕਰੀਅਰ ਤਕ ਦਾਅ 'ਤੇ ਲਾਉਣ ਵਾਲੀਆਂ ਭਲਵਾਨ ਕੁੜੀਆਂ ਦੇ ਸੰਘਰਸ਼ ਦੇ ਬਾਵਜੂਦ ਉਹ ਸਭ ਧਿਰਾਂ ਬੇਵੱਸ ਜਿਹੀਆਂ ਨਜ਼ਰ ਆ ਰਹੀਆਂ ਹਨ ਜਿਨ੍ਹਾਂ ਤੋਂ ਘੱਟੋ-ਘੱਟ ਸੱਤਾ ਨੂੰ ਵੰਗਾਰਨ ਦੀ ਤਵੱਕੋ ਸੀ। ਬਿਨਾਂ ਸ਼ੱਕ, ਇਸ ਮਸਲੇ 'ਤੇ ਸੱਤਾ ਧਿਰ ਨੇ ਆਪਣੀ ਮਰਜ਼ੀ ਚਲਾਈ ਹੈ। ਇਨਾਮ ਵਾਪਸੀ ਵਾਲੀ ਮੁਹਿੰਮ ਸੌੜੀ ਸਿਆਸਤ ਖਿਲਾਫ ਸਾਹਿਤ ਅਤੇ ਕਲਾ ਦਾ ਵੱਡਾ ਦਖ਼ਲ ਸੀ। ਇਸ ਨੇ ਸੱਤਾ ਧਿਰ ਨੂੰ ਸਫਾਈਆਂ ਦੇਣ ਅਤੇ ਨਜ਼ਰਸਾਨੀ ਲਈ ਮਜਬੂਰ ਕਰ ਦਿੱਤਾ ਸੀ। ਇਸ ਵਾਰ ਅਜਿਹੇ ਜਾਨਦਾਰ ਦਖ਼ਲ ਨੂੰ ਉਡੀਕਦਿਆਂ ਅੱਖਾਂ ਪੱਕ ਗਈਆਂ ਹਨ ਅਤੇ ਕੁੜੀਆਂ ਇਕੱਲੀਆਂ ਲੜਦੀਆਂ ਹੰਭ ਗਈਆਂ ਹਨ। ਉਹ ਆਪਣੇ ਤਗਮੇ ਵਿਸਰਜਨ ਕਰਨ ਦੇ ਵੱਡੇ ਫ਼ੈਸਲੇ ਤੋਂ ਵੀ ਮੁੜ ਆਈਆਂ। ਇਹ ਕਿਤੇ ਸੱਤਾ ਧਿਰ ਦੀ ਜਿੱਤ ਤਾਂ ਨਹੀਂ?

ਇਸ ਸੂਰਤ ਵਿਚ ਵੱਡਾ ਸਵਾਲ ਇਹੀ ਹੈ ਕਿ ਅਗਲੀਆਂ ਚੋਣਾਂ ਵਿਚ ਕੌਣ ਜਿੱਤ ਰਿਹਾ ਹੈ ਅਤੇ ਕੌਣ ਹਾਰ ਰਿਹਾ ਹੈ? ਇਤਿਹਾਸ ਗਵਾਹ ਹੈ ਕਿ ਸਿਆਸੀ ਤਰਥੱਲੀ ਨਾਲ ਜੁੜ ਕੇ ਸਾਹਿਤ ਅਤੇ ਕਲਾ ਬੜਾ ਕੁਝ ਸਾਰਥਕ ਸਿਰਜਦੇ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ-ਦਸੇਰੇ ਬਣਦੇ ਰਹੇ ਹਨ। ਹੁਣ ਜਦੋਂ ਸਿਆਸੀ ਤਰਥੱਲੀ ਵਾਲੀ ਦਿੱਲੀ ਅਜੇ ਦੂਰ ਜਾਪਦੀ ਹੈ ਤਾਂ ਸਾਹਿਤ ਤੇ ਕਲਾ, ਸਾਹਿਤਕਾਰਾਂ, ਬੁੱਧੀਜੀਵੀਆਂ ਤੇ ਕਲਾਕਾਰਾਂ ਦੀ ਕੀ ਭੂਮਿਕਾ ਹੋਵੇ? ਸੱਤਾ ਸੁਰ ਤਾਂ ਐਨ ਸਪਸ਼ਟ ਹੈ। ਇਸ ਨੇ ਹਰ ਬੁਲੰਦ ਆਵਾਜ਼ ਲਈ ਸੀਖਾਂ ਪਿੱਛੇ ਥਾਂ ਰਾਖਵੀਂ ਰੱਖ ਲਈ ਹੈ। ਉਂਝ, ਇਹ ਵੀ ਇਤਿਹਾਸ ਹੀ ਹੈ ਕਿ ਸਾਹਿਤ ਅਤੇ ਕਲਾ ਵੰਗਾਰਾਂ ਕਬੂਲ ਕਰਦੇ ਹਨ ਤੇ ਬੇਖ਼ੌਫ਼ ਸਵਾਲ ਵੀ ਉਠਾਉਂਦੇ ਹਨ। ਨਾ ਵਧੀਕੀਆਂ ਮੁੱਕਦੀਆਂ ਹਨ ਅਤੇ ਨਾ ਹੀ ਸਵਾਲ। ਹੁਣ ਮੁੱਦਾ ਸ਼ਾਇਦ ਸਮੇਂ ਦਾ ਹੈ ਜਿਸ ਨੂੰ ਵਿਚਾਰ ਕੇ ਬੁਲੰਦ ਆਵਾਜ਼ ਵਾਲਿਆਂ ਨੇ ਪਿੜ ਮੱਲਣਾ ਹੈ। 00

# ਆਦੇਸ਼ ਅੰਕੁਸ਼: ਪੰਜ ਗ਼ਜ਼ਲਾਂ

**–1–**

ਇਹ ਮੇਰੀ ਸਮਝ ਤੋਂ ਬਾਹਰ ਦੀ ਗੱਲ ਹੈ,
ਉਹ ਮੈਨੂੰ ਕਿਸ ਤਰ੍ਹਾਂ ਦਾ ਪਿਆਰ ਕਰਦੈ!
ਨਾ ਮੈਨੂੰ ਗ਼ੈਰਹਾਜ਼ਰ ਹੋਣ ਦੇਂਦੈ,
ਨਾ ਮੇਰੀ ਹੋਂਦ ਨੂੰ ਸਵਿਕਾਰ ਕਰਦੈ!

ਉਹ ਅਕਸਰ ਹੋਰ ਸੌਂਦੇ ਵਕਤ ਹੁੰਦੈ,
ਅਤੇ ਕੁਝ ਹੋਰ ਉੱਠਣ ਸਾਰ ਕਰਦੈ!
ਉਹ ਇਕ ਪਲ ਨਬਜ਼ ਟੋਹ ਕੇ ਵੇਖਦਾ ਹੈ–
ਅਤੇ ਅਗਲੇ ਹੀ ਪਲ ਫਿਰ ਵਾਰ ਕਰਦੈ!

ਉਹ ਸਿਰਜਕ ਹੈ, ਮੁਹਾਫ਼ਿਜ਼ ਹੈ ਕਦੇ ਉਹ,
ਕਦੇ ਖ਼ੁਦ ਆਪਣਾ ਮਿਸਮਾਰ ਕਰਦੈ!
ਕਦੇ ਪਾਪੀ, ਕਦੇ ਨਿਸ਼ਪਾਪ ਹੁੰਦੈ–
ਉਹ ਕਰਦੈ ਵਧ, ਕਦੇ ਉੱਧਾਰ ਕਰਦੈ!

ਉਹ ਪੜ੍ਹਦਾ ਹੈ, ਕਦੇ ਲਾਉਂਦਾ ਹੈ ਕਲਮਾਂ,
ਕਦੇ ਆਪੇ ਹੀ ਨਰਸੰਘਾਰ ਕਰਦੈ!
ਸਿਮਟ ਜਾਂਦਾ ਹੈ ਬਣ ਕੇ ਨਾਦ-ਬਿੰਦੂ,
ਕਦੇ ਬ੍ਰਹਿਮੰਡ ਦਾ ਵਿਸਥਾਰ ਕਰਦੈ!

ਉਹ ਖ਼ੁਦ ਹਾਥੀ, ਮਹਾਵਤ ਆਪ ਹੁੰਦੈ,
ਤੇ ਖ਼ੁਦ ਆਦੇਸ਼ ਦੀ ਟੁਣਕਾਰ ਕਰਦੈ!
ਕਦੇ ਉਂਗਲੀ ਲਗਾ ਕੇ ਤੋਰਦਾ ਹੈ,
ਕਦੇ ਅੰਕੁਸ਼ ਬਣਾ ਕੇ ਵਾਰ ਕਰਦੈ...!

**–2–**

ਚਿਹਰਾ ਸੰਵਾਰਦੇ ਹਾਂ, ਰਹਿੰਦੇ ਨੇ ਚੀਰ ਦਿਲ 'ਤੇ।
ਕਿਧਰੇ ਵੀ ਪੀੜ ਹੋਵੇ, ਪਹੁੰਚੇ ਅਖ਼ੀਰ ਦਿਲ 'ਤੇ।

ਨੈਣਾਂ 'ਚੋਂ ਟਪਕਿਆ ਤੇ ਡੁੱਲ੍ਹਿਆ ਸੀ, ਨੀਰ ਦਿਲ 'ਤੇ।
ਹੱਥਾਂ 'ਚ ਮੱਕੜਾ ਸੀ, ਫਿਰ ਗਏ ਕਸੀਰ ਦਿਲ 'ਤੇ।

ਖ਼ਾਬਾਂ ਦੇ ਫੱਟ ਹੁਣ ਤਾਂ ਨਾਸੂਰ ਬਣ ਗਏ ਨੇ,
ਭਲਿਆ ਚਲਾ ਨਾ ਐਵੇਂ ਨਜ਼ਰਾਂ ਦੇ ਤੀਰ ਦਿਲ 'ਤੇ।

ਲੁਕਦੀ ਨਹੀਂ ਲੁਕਾਇਆਂ, ਮਿਟਦੀ ਨਹੀਂ ਮਿਟਾਇਆਂ,
ਵਾਹੀ ਸੀ ਜੋ ਸਮੇਂ ਨੇ ਖ਼ੂਨੀ ਲਕੀਰ ਦਿਲ 'ਤੇ।

ਤਖ਼ਤਾਂ, ਤਕਾਜ਼ਿਆਂ ਨਾ ਤੂਰਾਂ ਨੂੰ ਸਮਝ ਆਵੇ,
ਰਹਿੰਦੇ ਨੇ ਰਾਜ ਕਰਦੇ, ਕੀਕਰ ਫ਼ਕੀਰ ਦਿਲ 'ਤੇ।

ਖ਼ਵਰੇ ਲੁਟਾ ਰਿਹਾ ਹਾਂ, ਖ਼ਵਰੇ ਵਧਾ ਰਿਹਾ ਹਾਂ,
ਪੁਰਖੇ ਜੋ ਦੇ ਗਏ ਸੀ, ਲਿਖਕੇ ਜਗੀਰ ਦਿਲ 'ਤੇ।

ਆਦੇਸ਼ ਫਿਰ ਵੀ ਉਸਦੇ, ਰੂਹਾਂ ਦਾ ਰੱਜ ਬਣਦੇ,
ਅੰਕੁਸ਼ ਦੇ ਵਾਰ ਬੇਸ਼ੱਕ, ਹੁੰਦੇ ਨੇ ਵੀਰ ਦਿਲ 'ਤੇ॥

-3-

ਕੁਦਰਤ ਦਾ ਸਿਲਸਿਲਾ ਹੈ, ਰੁੱਤਾਂ 'ਤੇ ਮਾਣ ਕਾਹਦਾ!
ਇਹ ਸ਼ੀਤ-ਯੁੱਧ ਕੈਸਾ, ਇਹ ਅਗਨਬਾਣ ਕਾਹਦਾ!

ਹੋ ਕੇ ਮੁਹਾਵਰੇ ਤੋਂ ਮਾਯੂਸ ਮਾਤ-ਬੋਲੀ,
ਖਿਝਦੀ ਹੈ ਅੱਖਰਾਂ 'ਤੇ, ਪਾਵੇ ਅਖਾਣ ਕਾਹਦਾ!

ਫਰਕੇ ਨਾ ਹੋਂਠ ਤੇਰੇ, ਹੋਏ ਨਾ ਨੈਣ ਸਿੱਲ੍ਹੇ,
ਸੁਣਿਆਂ ਹਮਾਤੜਾਂ ਦਾ ਵਿਥਿਆ-ਪੁਰਾਣ ਕਾਹਦਾ!

ਅਜ਼ਲਾਂ ਤੋਂ ਅਰਘ ਦੇਵਣ, ਹਉਕੇ ਨੂੰ ਹਾਸਿਆਂ ਦਾ
ਗ਼ਜ਼ਲਾਂ ਵਿਚਾਰੀਆਂ ਦਾ, ਹੈ ਮਾਣ-ਤਾਣ ਕਾਹਦਾ!

ਬੇਖ਼ੌਫ਼ ਹੋ ਕੇ ਲੰਘੋ, ਆਦੇਸ਼ ਦੀ ਗਲੀ 'ਚੋਂ,
ਜੇ ਪਿਆਰ ਹੀ ਨਹੀਂ ਤਾਂ, ਰੁੱਸਣ-ਮਨਾਣ ਕਾਹਦਾ!

-4-

ਬੇਬੇ ਨੂੰ ਔਲਾਦ ਮੁਖ਼ਾਲਿਫ਼ ਇਕ ਵੀ ਸ਼ਬਦ ਕਬੂਲ ਨਹੀਂ ਸੀ।
ਪਰ ਬਾਪੂ ਦੀ ਫ਼ਿਕਰਾਂ ਡੁੱਬੀ, ਸ਼ੰਕਾ ਵੀ ਨਿਰਮੂਲ ਨਹੀਂ ਸੀ।

ਨਗਰੀ ਤੋਂ ਉਕਤਾਅ ਕੇ ਜੋਗੀ ਪਰਬਤ ਵੱਲ ਨੂੰ ਮੁੜ ਤਾਂ ਆਇਆ,
ਪਰ ਹੁਣ ਸੂਖ਼ਮ ਸਹਿਜ ਗੁਫ਼ਾ ਵਿਚ, ਕੁਝ ਵੀ ਰਿਹਾ ਸਥੂਲ ਨਹੀਂ ਸੀ।

ਵੱਖਰੀ ਗੱਲ ਹੈ ਜਾਗਣ ਮਗਰੋਂ ਸਮਝੋਂ ਬਾਹਰ ਹੋ ਚੁੱਕਿਆ ਹੈ,
ਫਿਰ ਵੀ ਟੁੱਟਣ ਤੀਕਰ ਸੁਪਨਾ ਲੱਗਦਾ ਊਲ-ਜਲੂਲ ਨਹੀਂ ਸੀ।

ਅੱਜ ਖਵਰੇ ਕਿਉਂ ਡੌਰ-ਭੌਰਿਆ ਪੱਤੇ ਵਾਂਗਰ ਡੋਲ ਰਿਹਾ ਏ,
ਕੱਲ ਤਕ ਤਾਂ ਇਸ ਤਨ-ਤਖ਼ਤੇ ਦੀ ਢਿੱਲੀ ਇਕ ਵੀ ਚੂਲ ਨਹੀਂ ਸੀ।

ਨੇਰ੍ਹੀ ਨੇ ਫੱਕਰ ਦੀ ਕੁੱਲੀ ਪਲ ਵਿਚ ਮਿੱਟੀਓ ਮਿੱਟੀ ਕੀਤੀ,
ਹੈਰਤ ਹੈ ਪਰ ਉਸਦੇ ਤਨ 'ਤੇ ਭੋਰਾ ਭਰ ਵੀ ਧੂਲ ਨਹੀਂ ਸੀ।

ਨਕਲਾਂ ਮਾਰੀ ਨਗਰੀ ਅੰਦਰ ਨਾਮ ਗੁਆਚੇ ਨਕਸ਼ ਗੁਆਚੇ,
ਹੁੰਦੀ ਜੋ ਪਹਿਚਾਣ ਸੀ ਬਾਕੀ ਇਕ ਵੀ ਅਸਲ-ਅਸੂਲ ਨਹੀਂ ਸੀ।

ਤੋਰਨ ਲਈ ਆਦੇਸ਼ ਨੂੰ ਘੱਲਿਆ ਸਭ ਨੂੰ ਇੱਕੋ ਵਕਤ ਸੁਨੇਹਾ,
ਬਾਕੀ ਪਹੁੰਚ ਗਏ ਪਰ ਦਿਸਿਆ ਅੰਕੁਸ਼ ਨਾਮਾਅਕੂਲ ਨਹੀਂ ਸੀ।

**-5-**

ਜ਼ਰਾ ਕੁ ਦਿਲ ਨੂੰ ਟਟੋਲੋ; ਹਲਾਲ ਹੈ ਕਿ ਨਹੀਂ?!
ਚੁਫ਼ੇਰੇ ਸੂਰਜੀ ਕਿਰਨਾਂ ਦਾ ਜਾਲ਼ ਹੈ ਕਿ ਨਹੀਂ?!

ਤੁਸੀਂ ਤਾ-ਉਮਰ ਜਿਸਨੂੰ ਸਾਂਭ-ਸਾਂਭ ਰੱਖਦੇ ਰਹੇ,
ਅਖ਼ੀਰੀ ਵਕਤ ਉਹ ਮੰਜ਼ਰ ਵੀ ਨਾਲ ਹੈ ਕਿ ਨਹੀਂ?!

ਨਾ ਐਵੇਂ ਸ਼ਾਖ਼ 'ਤੇ ਬਹਿ ਕੇ ਕਿਆਸ ਕਰ ਦੂਰੀ,
ਪਰਿੰਦੇ ਉੱਡ ਕੇ ਤੱਕ ਅੰਬਰ ਵਿਸ਼ਾਲ ਹੈ ਕਿ ਨਹੀਂ?!

ਤੂੰ ਆਪਣੀ ਬਾਤ ਕਹਿ; ਇਹ ਲੋਕ ਆਪ ਦੇਖਣਗੇ,
ਤੇਰੇ ਬੋਲਾਂ 'ਚ ਉਹ ਜਾਹੋ-ਜਲਾਲ ਹੈ ਕਿ ਨਹੀਂ?!

ਨਹੀਂ ਹਾਂ ਜਾਣਦੇ ਪਿੰਗਲ-ਅਰੂਜ਼ ਕੀ ਕਹਿੰਦੈ,
ਸਿਰਫ਼ ਤੱਕੀਏ ਗ਼ਜ਼ਲ 'ਚ ਕਦਮ ਤਾਲ ਹੈ ਕਿ ਨਹੀਂ?!

ਚਲੋ ਮੰਨਿਆ ਕਿ ਹੋ ਮੌਕੇ ਦੇ ਸ਼ਾਹਸਵਾਰ ਤੁਸੀਂ,
ਸਮੇਂ ਦਾ ਅੱਥਰਾ ਘੋੜਾ ਕਮਾਲ ਹੈ ਕਿ ਨਹੀਂ?!

ਜ਼ਰੂਰੀ ਤਾਂ ਨਹੀਂ ਆਦੇਸ਼ ਹੀ ਜਵਾਬ ਦਵੇ,
ਰਤਾ ਕੁ ਸਮਝ ਕਰ ਅੰਕੁਸ਼; ਸਵਾਲ ਹੈ ਕਿ ਨਹੀਂ?! 000

***(ਪਿੰਡ ਤੇ ਡਾਕਖਾਨਾ ਧਿਆਨਪੁਰ, ਵਾਇਆ ਬਟਾਲਾ, ਜ਼ਿਲ੍ਹਾ ਗੁਰਦਾਸਪੁਰ-143 605***
***ਫੋਨ: +91-98768-12725)***

# ਤਿੰਨ ਕਵਿਤਾਵਾਂ: ਹਰਵਿੰਦਰ

## ਤੁਸੀਂ ਕੈਮਰੇ ਦੀ ਅੱਖ ਹੇਠ ਹੋ?

ਖੁਸ਼ ਬਹੁਤ ਹੈ ਅੱਜ ਪ੍ਰਧਾਨ ਗੁਰੂ ਘਰ ਦਾ

ਪ੍ਰਧਾਨ ਦਾ ਮੁੰਡਾ... ... ਖੜਾਕ... ...!

ਗ੍ਰੰਥੀ ਦਾ ਚਹੁੰ ਵਰ੍ਹਿਆਂ ਦਾ ਛੋਹਰ ਫੜਿਆ ਗਿਆ ਹੈ
ਗੋਲਕ ਵਿਚ ਪੈਣੋ ਰਹੇ, ਦਸ ਦਾ ਨੋਟ ਉਸਦੇ ਹੱਥ ਵਿਚ ਹੈ

ਹੱਥ 'ਚ ਹੱਥ ਹੀ ਤਾਂ ਫੜਿਆ ਸੀ ਉਸ, ਨਾਲ ਪੜ੍ਹਦੀ
ਦਰਵਾਜੇ ਵਿਚ ਲਿਆ ਮਾਰਿਆ ਬੁਲਟ... ਖੜਾਕ!

ਜਦ ਤਕ ਨਹੀਂ ਮਿਲਦਾ ਹੋਰ ਕੋਈ ਗੁਰੂ ਘਰ
ਸੋਚਦਾ ਹੈ ਗ੍ਰੰਥੀ ਦਿਹਾੜੀ...
ਉਹਦੇ ਘਰਦੀ ਨੇ ਦੇ ਲਿਆ ਸਿਲਾਈ ਮਸ਼ੀਨ ਨੂੰ ਤੇਲ

ਸੋਚ ਹੀ ਤਾਂ ਲਿਆ ਹੈ ਉਹਨੇ
ਕੋਈ ਨਾ ਬਾਹਰ ਵੇਖੂੰ ਵੱਡੀ...ਜੇ ਤੇਜਾਬ...

ਵੇਖ ਲਿਆ ਰਾਮੂ ਵੀ
ਕੁੱਤੇ ਨੂੰ ਪਾਉਣ ਗਿਆ ਦੁੱਧ ਪੀ ਜਾਂਦਾ ਸੀ ਖੁਦ
ਦੱਸਦਾ ਸੀ ਸਰਦਾਰ ਹੱਸ ਹੱਸ

ਹੱਸਦਾ ਹਸਾਉਂਦਾ ਗਿਆ ਕਨੇਡਾ ਪੁੱਤ ਸਰਦਾਰ ਦਾ

ਇਕ ਵੱਡੀ ਇਮਾਰਤ ਅੰਦਰ ਵੇਖਿਆ ਗਿਆ
ਸਿਰਫ ਉਸਦਾ ਹੱਥ ਅਤੇ ਸਿਰ ਹਿਲਦਾ
ਫਲੱਸ਼ ਵਿਚੋਂ ਪੋਚਾ ਲਾ ਕੇ ਪਰਤਿਆ
ਉਹ ਸੋਚਦਾ ਹੈ... ਪਰਤਣਾ... ਪਰਵਾਸ ਤੋਂ

ਕੁੱਤੇ ਨੇ ਲੱਤ ਹੀ ਵੱਢ ਖਾਧੀ
ਰਾਮੂ ਹਉਕਾ ਭਰਦਾ
ਸੋਚਦਾ ਹੈ... ਪਰਤਣਾ... ਪਰਵਾਸ ਤੋਂ

ਵਾਇਰਲ ਹੋ ਰਹੀ ਹੈ ਵੀਡੀਓ

ਖੁਸ਼ ਬਹੁਤ ਹੈ ਮਾਲਕ
ਅੰਗੀ ਵਿਚ ਲੁਕੋ ਰਹੀ ਸੀ ਰੋਟੀ

ਇਸੇ ਮਾਲਕ ਦੇ ਮਾਲਕ ਨੇ
ਇਸ ਨੂੰ ਵਿਖਾਈ ਹੈ ਇਕ ਰਿਕਾਰਡਿੰਗ... ... ...?
ਤੀਸਰੀ ਅੱਖ ਦੀ ਅੱਖ 'ਚ ਅੱਖ ਪਾ ਕੇ ਨਹੀਂ ਵੇਖ ਸਕਦੇ
ਨੀਵੀਆਂ ਅੱਖਾਂ... ...

ਸਭ ਦਾ ਮਾਲਕ...

ਵਾਇਰਲ ਹੋ ਸਕਦੇ ਹੋ ਕਦੇ ਵੀ
ਕਿਉਂਕਿ, ਤੁਸੀਂ ਕੈਮਰੇ ਦੀ ਅੱਖ ਹੇਠ ਹੋ!! 00

## ਦਿਸਹੱਦਿਆਂ ਦੇ ਉਰਾਰ-ਪਾਰ

ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ

ਅਜੇ ਤਾਂ ਖੇੜਿਆਂ ਦੇ ਪਿੰਡੋਂ ਕੋਈ ਸੁਨੇਹਾ ਨਹੀਂ ਆਇਆ
ਇਹ ਤੇਰੀ ਚੁੰਨੀ ਦਾ ਰੰਗ ਫਿੱਕਾ-ਫਿੱਕਾ ਕਿਉਂ ਲੱਗਦੈ?

ਸਾਥੋਂ ਨੀ ਮੱਝੀ ਚਾਰ ਹੁੰਦੀਆਂ
ਆਹ ਲੈ ਸਾਂਭ ਲੈ ਨੀ ਸੈਦੇ ਦੀਏ... ...

ਸੱਚ! ਇਕ ਗੱਲ ਦੱਸਣੀ ਭੁੱਲ ਗਿਆ ਸਾਂ
ਨਕੇਲਾਂ ਪਾਉਣ ਦੀ ਉਮਰੇ, ਵਾਸਤੇ ਨਹੀਂ ਪਾਈਦੇ
ਤੂੰ ਲਹਿਰੀਆ ਰੰਗਾ ਕੇ ਰੱਖ

ਖੈਰ... ਇਹ ਹੁਣ ਕਿਹਾ ਜਾ ਸਕਦੈ
ਤਦ ਭਾਵੇਂ ਨਾ ਸਹੀ

ਉਂਝ ਵੀ... ...ਦਾਨਾਬਾਦ ‘ਚੋਂ ਅਜੇ ਤੀਰ ਨੀ ਮੁੱਕੇ
ਜੰਡ ਹੇਠਾਂ ਟੁੱਟੀਆਂ ਕਾਨੀਆਂ ਤਾਂ ਭੁਲੇਖਾ ਹੈ
ਮਾਂ ਲੱਧੀ ਨੇ ਬੱਕਲ਼ੀਆਂ ਚਾਰ-ਚਾਰ ਪਾਲ਼ੀ ਏ ਬੱਕੀ
ਰਾਹ ਪੱਧਰੈ ਦਾਨਾਬਾਦ ਤਾਈਂ
ਅਮਰਦੀਪ ਗਿੱਲ ਵੀ ਏਹੀ ਆਖਦੈ

ਰਾਂਝੇ ਦਿਆਂ ਬੰਜਰ ਖੇਤਾਂ ਵਿਚ ਪਹੁੰਚ ਗਿਐ
ਫਰਹਾਦ ਦੀ ਕੱਢੀ ਨਹਿਰ ਦਾ ਅਮ੍ਰਿਤ
ਤਖਤ ਹਜ਼ਾਰਾ, ਸਿਰਫ ਆਸ਼ਾਵਾਦ ਨਹੀਂ

ਭਵਿੱਖ ਹੈ, ਭਵਿੱਖਬਾਣੀ ਨਹੀਂ

ਉੱਚੈ ਚੜ੍ਹ ਕੇ ਵੇਖਿਆ
ਅੱਗਾ ਨੇੜੇ ਆਇਆ ਪਿੱਛਾ ਰਹਿਆ ਦੂਰ॥ 00

**ਧਰਤ ਮੌਤ**

ਤ੍ਰਿੰਝਣਾਂ ਵਿਚ ਉਹ ਹੁਣ ਵੀ ਬੈਠਦੀ
ਚਰਖਾ ਵੈਣ ਪਾਉਣ ਲੱਗਦਾ
ਕਿੰਨੇ ਵਰ੍ਹੇ ਚਰਖੇ ਦੀ ਘੂਕ ਗੂੰਜਦੀ ਰਹੀ
ਪਰ ਕੋਈ ਜੋਗੀ ਕਿਸੇ ਪਹਾੜੋਂ ਨਾ ਉੱਤਰਿਆ
ਏਸ ਤ੍ਰਿੰਝਣ ਦਾ ਪਹਿਲਾ ਪੂਰ
ਕਦ ਦਾ ਠਿੱਲ੍ਹ ਗਿਆ ਬੇੜੀ ਚੜ੍ਹ ਕੇ
ਹੁਣ ਉਹ ਏਸ ਤ੍ਰਿੰਝਣ ਦੀ ਭੂਆ ਲੱਗਦੀ ਹੈ

ਵੀਰ ਦੀ ਸ਼ਮ੍ਹਲੇ ਵਾਲੀ ਪੱਗ
ਕਈਆਂ ਵਰ੍ਹਿਆਂ ਤੋਂ ਸੰਦੂਕ ਵਿਚ ਪਈ
ਉਡੀਕਦੀ ਹੈ ਵੀਰ ਦੇ ਸਿਰ ਨੂੰ
ਸਿਰ ‘ਤੇ ਚੁੱਕੀ ਦੇਸ਼ ਆਬਰੂ ਉਤਾਰ
ਉਹ ਤਿਰੰਗੇ ਵਿਚ ਲਿਪਟ ਪਰਤ ਆਇਆ ਹੈ

ਬਾਪੂ ਦੀ ਸਫੈਦ ਪੱਗ ਨੂੰ ਉਸ ਕਦੇ ਦਾਗ ਨਹੀਂ ਲਾਇਆ
ਮਾਹਵਾਰੀ ਦੇ ਦਾਗਾਂ ਨਾਲ ਲਿੱਬੜੀ ਸੁੱਥਣ
ਕਦੇ-ਕਦੇ ਉਹ ਮਾਂ ਤੋਂ ਵੀ ਲੁਕਾ ਲੈਂਦੀ ਹੈ
ਕਬੀਲਦਾਰੀ ਦਾ ਗੱਡਾ ਧੂੰਹਦਾ ਬਾਪੂ
ਮੌਲਾ ਹੋ ਗਿਆ ਮੀਣ੍ਹੇ ਬਲ਼ਦ ਵਾਂਗ
ਧੀ ਲਈ ਰਿਸ਼ਤੇ ਵੇਖਦਾ
ਕੋਈ ਘਰ ਨਹੀਂ ਵੇਖ ਸਕਿਆ।

ਕਦੇ-ਕਦੇ ਉਹ ਸੁੰਨ ਹੋ ਜਾਂਦੀ, ਚੱਕਰ ਖਾ ਡਿੱਗਦੀ
ਕਿੰਨਾ-ਕਿੰਨਾ ਚਿਰ ਘੁਮਾਉਂਦੀ ਰਹਿੰਦੀ
ਹੱਥ ਵਿੱਚ ਫੜਿਆ ਇਕੋ ਪੇੜਾ
ਉਹਦੀ ਮਾਂ ਅਜੇ ਵੀ ਬੀਹੀ ਦਾ ਬੂਹਾ ਬੰਦ ਰੱਖਦੀ
ਹੁਣ ਤੇ ਉਸ ਛੱਡ ਦਿੱਤਾ ਹੈ, ਝੀਥਾਂ 'ਚੋਂ ਵੀ ਤੱਕਣਾ
ਲੱਧੇ ਵਣਜਾਰੇ ਦੀ ਡੱਗੀ ਵਿਚੋਂ
ਹੁਣ ਉਸ ਕਦੇ ਕੁਝ ਨਹੀਂ ਲੱਭਿਆ
ਅੰਗੀ-ਬਨਿਆਣ, ਨਹੁੰ-ਪਾਲਿਸ਼, ਸੁਰਮਾ
ਸੜਿਆਂਦ ਮਾਰਦੇ, ਹੁਣ ਉਹ ਬੱਸ ਪਿੰਡੇ ਪਾਣੀ ਪਾਉਂਦੀ ਹੈ
ਅੱਡੀਆਂ ਕੂਚਣ ਦੀ ਰੁੱਤ ਲੰਘਾ ਚੁੱਕੀ

ਕਦੇ-ਕਦੇ ਜਵਾਨੀ ਦਾ ਮਰਸੀਆ ਗਾ ਲੈਂਦੀ ਹੈ

ਉਹ ਧੀ-ਧਿਆਣੀ, ਜੋ ਉਲੰਘ ਨਾ ਸਕੀ ਲਛਮਣ-ਰੇਖਾ
ਬਾਪ ਦੀ ਸਫੈਦ ਪੱਗ ਜਿਸ ਸਾਂਭ-ਸਾਂਭ ਰੱਖੀ

ਸੁਣਿਐ, ਕੁਝ ਦਿਨ ਹੋਏ
ਉਸੇ ਪੱਗ ਨਾਲ ਫਾਹਾ ਲੈ ਗਈ॥ 000

**(ਈਮੇਲ: harvindermaan30@gmail.com ਫੋਨ: 9876032603)**

## ਗੁਰਜੰਟ ਰਾਜੇਆਣਾ: ਦੋ ਕਵਿਤਾਵਾਂ

### ਵੈਸੇ ਤੁਸੀਂ ਕੀ ਹੁੰਦੇ ਹੋ

ਪਤਨੀ ਖ਼ੁਸ਼ ਹੈ
ਅੱਧਾ ਸ਼ਹਿਰ ਗਾਹੁਣ ਤੋਂ ਬਾਅਦ
ਆਖਿਰ ਮਿਲ ਹੀ ਗਿਐ
ਰਿਹਾਇਸ਼ੀ ਗਰਾਉਂਡ ਫਲੋਰ...

ਬੜੇ ਉਤਸ਼ਾਹ ਨਾਲ
ਮਾਲਕ ਨੇ ਦਿਖਾਏ ਕਮਰੇ-- ਰਸੋਈ ਗ਼ੁਸਲਖਾਨਾ
ਉਸ ਉਚੇਚ ਨਾਲ ਕਿਹੈ
ਜਦੋਂ ਮਰਜ਼ੀ ਆਓ ਜਾਓ...

ਸ਼ਰਤ ਅਨੁਸਾਰ
ਮੈਂ! ਹੋ ਗਿਆ ਹਾਂ
ਸ਼ੁਧ ਵੈਸ਼ਨੂੰ ਤੇ ਸੋਫੀ...

ਸਭ ਤੋਂ ਚੰਗਾ ਲੱਗਾ
ਘਰ ‘ਚ ਮਾਂ ਦਾ ਹੋਣਾ ਮੌਜੂਦ
ਦਿਲ ਖੋਲ੍ਹ ਸਕੇਗੀ ਪਤਨੀ
ਮੈਂ ਪੇਸ਼ਗੀ ਰਕਮ ਦੇ
ਘਰ ਤੋਂ ਹੋਇਆ ਹਾਂ ਬਾਹਰ ...

ਮਾਲਕ ਅਹੁਲ਼ਿਆ ਹੈ ਮੇਰੇ ਵੱਲ
ਰਹਿ ਗਈ
ਕਾਰ ਦੀ ਚਾਬੀ ਫੜਾਉਂਦਿਆਂ
ਉਸ ਪੁੱਛਿਐ, ਵੈਸੇ ਤੁਸੀਂ ਕੀ ਹੁੰਦੇ ਹੋ...? 00

## ਸੁੱਚਮ

ਘਰ 'ਚ
ਜਦ ਵੀ ਸੰਵਾਉਂਦਾ ਕੋਈ ਜੀਅ
ਨਵਾਂ ਲੀੜਾ-ਲੱਤਾ
ਬੇਬੇ ਦੇ ਪੈਰੀਂ ਰੱਖਦਾ
ਤੇ! ਲੀੜਾ ਸੁਚਾ ਹੋ ਜਾਂਦਾ
"ਪਾਓ ਹੰਢਾਓ, ਇਹ ਪਾਟਣ ਤੇ ਹੋਰ ਜੁੜਨ"
ਬੇਬੇ ਦੀਆਂ ਅਸੀਸਾਂ ਨਾਲ
ਸੁੱਚਾ ਹੋ ਜਾਂਦਾ ਸਾਰਾ ਘਰ...

ਬੇਬੇ ਵਿਦਾਅ ਹੋਈ
ਤਾਂ ਬੀਬੀ ਦੇ ਪੈਰਮ, ਹੋ ਗਏ ਸੁੱਚਮ ਦਾ ਥੜ੍ਹਾ
ਲੂਣ ਤੇਲ ਦੇ ਫਿਕਰਾਂ ਦੀ ਮਾਰੀ ਬੀਬੀ!
ਦੁਹਰਾਉਂਦੀ  ਅੱਧ-ਪਚੱਧੀਆਂ ਬੇਬੇ ਦੀਆਂ ਅਸੀਸਾਂ
ਘਰ ਰਾਜ਼ੀ ਹੋ ਜਾਂਦਾ...

ਬੀਬੀ ਵਿਦਾਅ ਹੋਈ
ਜਦ ਵੀ ਅਸੀਂ ਸਾਰੇ ਭਰਾ
ਛੋਟੀ ਭੈਣ ਦੇ ਪੈਰੀਂ ਰੱਖਦੇ ਨਵੇਂ ਲੀੜੇ-ਲੱਤੇ
ਭੈਣ ਨੱਚਦੀ-ਕੁਦਦੀ ਖੁਸ਼ੀ ਸੰਗ ਝੂਮ ਉਠਦੀ
ਉਸਦੇ ਹੋਠਾਂ 'ਤੇ ਨਾ ਹੁੰਦੀ ਕੋਈ ਅਸੀਸ
ਪਰ! ਘਰ ਮਹਿਕ ਉੱਠਦਾ...

ਸੁੱਖ ਨਾਲ  ਘਰ ਹੋ ਗਿਐ ਕੋਠੀ 'ਚ ਤਬਦੀਲ
ਭਰ ਗਿਐ ਲੀੜੇ-ਲੱਤੇ ਨਾਲ
ਪਤਨੀ ਦੁਆਰਾ ਮੇਰੇ ਲਈ ਖਰੀਦੀ ਬਰੈਂਡਿਡ ਪੈਂਟ-ਸ਼ਰਟ
ਮੈਂ ਅਚੇਤ ਹੀ ਰੱਖ ਦਿੱਤੀ
ਖੇਡਦੀ ਧੀ ਦੇ ਪੈਰੀਂ...

ਬੇਸ਼ੱਕ! ਸ਼ਹਿਰ 'ਚ ਜੰਮੀ-ਪਲ਼ੀ
ਪਤਨੀ ਦਾ ਤਰਕ ਹੈ ਕਿ
ਪੈਰੀਂ ਛੁਹਾਇਆਂ ਵੀ
ਕੋਈ ਚੀਜ਼ ਹੁੰਦੀ ਹੈ ਸੁੱਚੀ?
ਪਰ! ਫਿਰ ਵੀ ਉਸ
ਛੋਹ ਲਏ ਨੇ ਧੀ ਦੇ ਪੈਰ
ਘਰ ਰੌਸ਼ਨ ਹੋ ਗਿਆ ਹੈ...  000

***(ਫੋਨ: +91-76967-67647 ਈਮੇਲ: gurjantr89@gmail.com)***

# ਮੋਰ ਪੈਲ ਕਿਉਂ ਨਹੀਂ ਪਾਉਂਦੇ: ਕਹਾਣੀ: ਗੁਰਮੀਤ ਕੜਿਆਲਵੀ

ਕਿੰਨੇ ਹੀ ਵਰ੍ਹੇ ਹੋ ਗਏ ਨੇ ਪਿੰਡੋਂ ਨਿਕਲਿਆਂ। ਹੁਣ ਤਾਂ ਮਸੀਂ ਸਾਲ ਛਿਮਾਹੀਂ ਜਾ ਹੁੰਦਾ। ਜਦੋਂ ਪਿੰਡ ਤੋਂ ਸ਼ਹਿਰ ਪ੍ਰਵਾਸ ਕੀਤਾ ਸੀ ਉਦੋਂ ਸੋਚਿਆ ਸੀ ਕਿ ਹਫਤੇ 'ਚ ਦੋ ਦਿਨ ਤਾਂ ਪਿੰਡ ਗੇੜਾ ਮਾਰ ਲਿਆ ਕਰਾਂਗਾ। ਪਹਿਲੋ ਪਹਿਲ ਆਉਂਦਾ ਵੀ ਰਿਹਾ। ਫੇਰ ਹਫਤੇ 'ਚ ਇਕ ਦਿਨ ਹੋ ਗਿਆ-ਫੇਰ ਮਹੀਨੇ 'ਚ ਇਕ ਦਿਨ ਤੇ ਹੁਣ ਤਾਂ ਮਸੀਂ ਆ ਹੁੰਦਾ। ਉਹ ਵੀ ਕਿਸੇ ਸ਼ਰੀਕੇ ਕਬੀਲੇ ਦੇ ਘਰ ਵਿਆਹ ਸ਼ਾਦੀ ਜਾਂ ਦੁੱਖ ਦੇ ਮੌਕੇ 'ਤੇ। ਆਉਣਾ ਵੀ ਕੀ ਆਉਣਾ। ਬਸ ਘੜੀ ਦੀ ਘੜੀ। ਹੁਣੇ ਆਏ ਹੁਣੇ ਵਾਪਸ। ਵਕਤ ਨੇ ਪੈਰਾਂ ਨੂੰ ਜਕੜ ਹੀ ਅਜਿਹੀ ਪਾ ਲਈ ਹੈ ਕਿ ਚਾਹੁੰਦਿਆਂ ਵੀ ਮਰਜ਼ੀ ਨਹੀਂ ਕਰ ਹੁੰਦੀ। ਹੁਣ ਪਿੰਡ ਅਤੇ ਪਿੰਡ ਦੇ ਲੋਕਾਂ ਬਾਰੇ ਵਰ੍ਹੇ ਛਿਮਾਹੀਂ ਕਵਿਤਾ ਲਿਖ ਲਈਦੀ ਹੈ-ਬਸ ਇੰਨੀ ਕੁ ਸਾਂਝ ਰਹਿ ਗਈ ਹੈ ਪਿੰਡ ਨਾਲ।

ਜਦੋਂ ਵੀ ਪਿੰਡ ਆਈਦਾ ਹੈ-ਨਿੱਕੇ ਕੇ ਘਰਾਂ ਕੋਲ਼ ਦੀ ਲੰਘਦਿਆਂ ਅੰਦਰੋਂ ਜਿਵੇਂ ਕੁੱਝ ਭੁਰਦਾ ਹੈ। ਕਦੇ ਕਦੇ ਦਿਲ ਕਰਦਾ ਹੁੰਦਾ ਹੈ ਗੱਡੀ ਰੋਕ ਕੇ ਨੀਝ ਨਾਲ ਉਹਨਾਂ ਗਲੀਆਂ ਨੂੰ ਨਿਹਾਰਾਂ ਜਿੰਨ੍ਹਾਂ 'ਚ ਦਿਹਾੜੀ 'ਚ ਪਤਾ ਨਹੀਂ ਕਿੰਨੇ ਚੱਕਰ ਮਾਰ ਲੈਂਦਾ ਸਾਂ। ਨਿੱਕੇ ਕੇ ਘਰ ਨੂੰ ਜਾਂਦੀ ਇਸ ਗਲੀ 'ਚ ਤਾਂ ਮੇਰਾ ਕਿੰਨਾ ਕੁੱਝ ਹੀ ਗੁਆਚ ਗਿਆ ਹੈ। ਕਈ ਵਾਰ ਬਰੇਕ ਮਾਰ ਕੇ ਆਪਣੇ ਗੁਆਚ ਗਏ ਸੁਪਨੇ ਭਾਲਣ ਦੀ ਕੋਸ਼ਿਸ਼ ਕੀਤੀ ਹੈ-ਇਹ ਜਾਣਦਿਆਂ ਵੀ ਕਿ ਗੁਆਚ ਗਏ ਸੁਪਨਿਆਂ ਨੂੰ ਤਾਂ ਵਰ੍ਹਿਆਂ ਦੇ ਵਰ੍ਹੇ ਬੀਤ ਗਏ ਨੇ, ਹੁਣ ਤਾਂ ਵਕਤ ਦੀ ਹਨੇਰੀ ਇਹਨਾਂ ਸੁਪਨਿਆਂ ਦੀ ਰਾਖ ਵੀ ਕਿਤੇ ਦੂਰ ਉਡਾ ਕੇ ਲੈ ਗਈ ਹੋਵੇਗੀ।

ਪਿਛਲੀ ਵਾਰ ਜਦੋਂ ਪਿੰਡ ਆਇਆ ਸਾਂ ਤਾਂ ਆਪਣੇ ਆਪ ਕਾਰ ਦੀਆਂ ਬਰੇਕਾਂ 'ਤੇ ਪੈਰ ਚਲਾ ਗਿਆ ਸੀ। ਮੈਂ ਨਿੱਕੇ ਦੇ ਇਉਂ ਮਿਲਣ 'ਤੇ ਅੰਦਰੋ ਅੰਦਰੀ ਖੁਸ਼ ਹੋਇਆ ਸਾਂ।

"ਬਾਈ ਨਿੱਕਿਆ---!" ਨਿੱਕੇ ਨੂੰ ਬੁਲਾਉਣ ਲਈ ਮੂੰਹ ਖੋਲ੍ਹਣ ਹੀ ਲੱਗਾ ਸਾਂ ਕਿ ਰੁਕ ਗਿਆ। ਇਹ ਨਿੱਕਾ ਤਾਂ ਨਹੀਂ ਸੀ। ਮੈਂ ਸੋਚੀਂ ਪੈ ਗਿਆ। ਹੋ ਸਕਦਾ ਨਿੱਕੇ ਦਾ ਵੱਡਾ ਮੁੰਡਾ ਬਲੌਰ ਹੋਵੇ—ਬਿਲਕੁੱਲ ਉਹੋ ਜਿਹਾ ਮੁਹਾਂਦਰਾ। ਪਰ ਇਹ ਤਾਂ ਹੁਣ ਤੋਂ ਹੀ ਬੁੱਢਾ ਹੋਇਆ ਪਿਆ ਸੀ।

"ਕਾਕਾ ਮਾਈਂਡ ਨਾ ਕਰੀਂ—ਕਿਤੇ ਤੂੰ ਨਿੱਕਾ ਸਿਹੁੰ ਦਾ---ਬਲੌਰ ਏਂ?"

"ਆਹੋ ਜੀ--!"

ਮੇਰਾ ਅੰਦਾਜ਼ਾ ਸਹੀ ਨਿਕਲਿਆ ਸੀ। ਨਿੱਕੇ ਦੇ ਉਦੋਂ ਦੋ ਮੁੰਡੇ ਸਨ।

"ਤੈਨੂੰ ਛੋਟੇ ਹੁੰਦੇ ਨੂੰ ਦੇਖਿਆ, ਉਦੋਂ ਤੂੰ ਆਵਦੀ ਬੀਬੀ ਦੀ ਕੁੱਛੜ ਹੁੰਦਾ ਸੀ। ਹੁਣ ਤਾਂ ਸੁੱਖ ਨਾਲ--।" ਮੇਰੇ ਮੂੰਹੋਂ 'ਪਾਰੋ ਦੀ ਕੁੱਛੜ' ਨਿਕਲ ਚੱਲਿਆ ਸੀ ਪਰ ਐਨ ਮੌਕੇ 'ਤੇ ਜ਼ੁਬਾਨ ਕਾਬੂ ਕਰ ਲਈ।

"ਕਿੱਥੇ ਹੁੰਨੈ?" ਮੈਂ 'ਕੀ ਕਰਦਾ ਹੁੰਨਾ' ਦੀ ਥਾਂ 'ਕਿੱਥੇ ਹੁੰਨੈ' ਪੁੱਛਿਆ ਸੀ। ਲਹਿਜਾ ਮੇਰਾ 'ਕੀ ਕਰਦਾ ਹੁੰਨਾ' ਵਾਲਾ ਹੀ ਸੀ। ਉਂਝ ਉਸਦੀ ਸਰੀਰਕ ਹਾਲਤ ਦੇਖ ਕੇ ਉਸਦੇ ਕੰਮਕਾਰ ਬਾਰੇ ਮੋਟਾ ਜਿਹਾ ਲੱਖਣ ਲਾ ਲਿਆ ਸੀ। ਬਲੌਰ ਨੂੰ ਸਿਰ ਤੋਂ ਪੈਰਾਂ ਤਕ ਗਹੁ ਨਾਲ ਵੇਖਦਿਆਂ ਮਨ ਕਈ ਕੁੱਝ ਸੋਚ ਗਿਆ। ਉਸਦੀ ਕਮਰ ਅੱਗੇ ਵੱਲ ਝੁਕੀ ਪਈ ਸੀ। ਹੜਬਾਂ ਬਾਹਰ ਵੱਲ ਨੂੰ ਝਾਕਦੀਆਂ ਸਨ।

"ਕਰਨਾ ਕੀ---ਆਹੀ ਦਿਹਾੜੀ ਦੱਪਾ। ਕਦੇ ਸ਼ਹਿਰ ਵਗ ਜਾਈਦਾ ਮਿਸਤਰੀ ਨਾਲ ਪੱਕੀ ਉਸਾਰੀ ਦੇ ਕੰਮ 'ਤੇ।" ਉਸਨੇ 'ਦਿਹਾੜੀ ਦੱਪਾ' ਸ਼ਬਦ 'ਤੇ ਜ਼ੋਰ ਪਾਇਆ ਸੀ। ਮੇਰੇ ਮਨ ਨੂੰ

ਧੱਕਾ ਜਿਹਾ ਲੱਗਾ। ਪਹਿਲਾਂ ਨਿੱਕੇ ਦਾ ਬਾਪ ਸੀਰੀ ਸਾਂਝੀ ਰਲ਼ਦਾ ਰਿਹਾ, ਫਿਰ ਅੱਗੋਂ ਨਿੱਕਾ ਵੀ ਇਹੋ ਕਰਦਾ ਰਿਹਾ ਤੇ ਹੁਣ ਨਿੱਕੇ ਦੀ ਔਲਾਦ ਵੀ। ਕੀ ਇਹ ਪ੍ਰਥਾ ਅੱਗੇ ਦੀ ਅੱਗੇ ਇਉਂ ਹੀ ਚੱਲਦੀ ਰਹਿਣੀ?

"ਤੁਹੀਂ--?" ਉਸਦੀਆਂ ਅੱਖਾਂ ਸਵਾਲ ਬਣ ਗਈਆਂ ਸਨ।

"ਮੈਂ—ਮੈਂ ਤੇਰੇ ਭਾਪੇ ਦਾ ਲੰਗੋਟੀਆ ਯਾਰ। ਜਗਦੇਵ। ਪ੍ਰਿੰਸੀਪਲ ਜਗਦੇਵ ਸਿੰਘ। ਮੈਥੋਂ ਪ੍ਰਿੰਸੀਪਲ ਸ਼ਬਦ 'ਤੇ ਜ਼ੋਰ ਦਿੱਤਾ ਗਿਆ ਸੀ। ਮੇਰਾ ਜੀਅ ਤਾਂ ਕੀਤਾ ਸੀ ਆਖਾਂ- 'ਮੈਂ ਤੇਰਾ ਚਾਚਾ ਜਗਦੇਵ' ਪਰ ਪਤਾ ਨਹੀਂ ਕਿਉਂ ਸ਼ਬਦ ਮੇਰੇ ਮੂੰਹ 'ਚੋਂ ਬਾਹਰ ਹੀ ਨਹੀਂ ਸਨ ਨਿਕਲੇ।

"ਕੀ ਕਰਦਾ ਹੁੰਦਾ ਬਾਈ ਨਿੱਕਾ?"

"ਕਰਨਾ ਕੀ ਆ?" ਬਲੌਰ ਨੇ ਉਲਟਾ ਸਵਾਲ ਮੈਨੂੰ ਕਰ ਦਿੱਤਾ ਸੀ। ਉਸਦੇ ਜਵਾਬ 'ਚ ਕੁੱਝ ਤਲਖੀ ਵੀ ਸੀ, ਜਿਵੇਂ ਉਸਨੂੰ ਮੇਰਾ ਸਵਾਲ ਬੇਲੋੜਾ ਲੱਗਾ ਹੋਵੇ।

"ਆਵਦੇ ਭਾਪੇ ਨੂੰ ਆਖੀਂ, ਜਗਦੇਵ ਮਿਲਿਆ ਸੀ। ਮੈਂ ਆਊਂ ਕਿਸੇ ਦਿਨ ਮਿਲਣ। ਬੜਾ ਜੀਅ ਕਰਦਾ ਮਿਲਣ ਨੂੰ।"

"ਕਿਹੜਾ ਜਗਦੇਵ?" ਮੁੰਡੇ ਨੇ ਮੈਨੂੰ ਕਿੱਥੋਂ ਸਿਆਨਣਾ ਸੀ।

"ਮੋਰ ਵਾਲਿਆਂ ਦਾ ਦੇਵ। ਆਪੇ ਸਮਝ ਜਾਊ।" ਬਾਰੀ ਦਾ ਸ਼ੀਸ਼ਾ ਚੜ੍ਹਾ ਮੈਂ ਗੱਡੀ ਗੇਅਰ 'ਚ ਪਾ ਲਈ ਸੀ।

ਨਿੱਕੇ ਦੇ ਮੁੰਡੇ ਨੂੰ ਮੈਂ ਆਪਣੀ ਸਹੀ ਪਛਾਣ ਦੱਸੀ ਸੀ। ਪਿੰਡ 'ਚ ਸਾਡੇ ਘਰ ਨੂੰ ਮੋਰ ਵਾਲਿਆਂ ਦਾ ਘਰ ਕਿਹਾ ਜਾਂਦਾ ਸੀ। ਕਿਸੇ ਵਕਤ ਸਾਡੀ ਹਵੇਲੀ 'ਤੇ ਲੋਹੇ ਦਾ ਮੋਰ ਲੱਗਾ ਹੁੰਦਾ ਸੀ। ਇਹ ਗੱਲਾਂ ਮੇਰੇ ਬਚਪਨ ਦੀਆਂ ਸਨ।

ਮੈਂ ਭਾਵੇਂ ਨਿੱਕੇ ਨੂੰ ਮਿਲਣ ਦੀ ਇੱਛਾ ਜ਼ਾਹਰ ਕਰ ਦਿੱਤੀ ਸੀ ਪਰ ਅਸਲ ਗੱਲ ਇਹ ਸੀ ਕਿ ਉਸਨੂੰ ਮਿਲਣ ਬਾਰੇ ਸੋਚਦਿਆਂ ਹੀ ਮਨ ਥਾਲੀ ਦੇ ਪਾਣੀ ਵਾਂਗੂੰ ਡੋਲਣ ਲੱਗ ਪੈਂਦਾ ਸੀ। ਮੂਰਤ ਵਰਗੀ ਪਾਰੋ ਮੇਰੀਆਂ ਅੱਖਾਂ ਅੱਗੇ ਆ ਖੜ੍ਹਦੀ ਸੀ।

ਪਾਰੋ ਨਿੱਕੇ ਦੇ ਮਾਮੇ ਦੀ ਕੁੜੀ ਸੀ ਜੋ ਨਿੱਕੇ ਹੁਣਾਂ ਕੋਲ਼ ਰਹਿੰਦੀ ਸੀ। ਤਿੱਖੇ ਤੇ ਖਿੱਚਵੇਂ ਨੈਣ ਨਕਸ਼। ਰੰਗ ਗੰਦਮੀ। ਨਾ ਗੋਰਾ ਨਾ ਸਾਉਲਾ। ਉਹ ਆਪਣੀ ਭੂਆ ਨਾਲ ਅਕਸਰ ਸਾਡੇ ਘਰ ਆਉਂਦੀ। ਉਦੋਂ ਨਿੱਕੇ ਦਾ ਬਾਪ, ਜਿਸਨੂੰ ਮੈਂ ਨਿੱਕੇ ਦੀ ਰੀਸੇ ਚਾਚਾ ਆਖਦਾ ਸਾਂ, ਸਾਡੇ ਸੀਰੀ ਹੁੰਦਾ ਸੀ। ਪਾਰੋ ਆਪਣੀ ਭੂਆ ਨਾਲ ਸਾਡੇ ਘਰ ਦੇ ਕੰਮ ਧੰਦੇ ਕਰਵਾਉਂਦੀ। ਕਦੇ ਬੀਬੀ ਨਾਲ ਪੀਹਣ ਕਰਵਾ ਦਿੰਦੀ। ਭੈਣ ਹੋਰਾਂ ਨਾਲ ਸਿਲਾਈ ਕਢਾਈ ਨੂੰ ਹੱਥ ਮਾਰ ਦਿੰਦੀ। ਉਸਦੇ ਤਿੱਖੇ ਨੈਣ ਨਕਸ਼ਾਂ ਅਤੇ ਸਚਿਆਰਪੁਣੇ ਨੂੰ ਵੇਖਦਿਆਂ ਬੀਬੀ ਹਸਰਤ ਕਰਦੀ।

"ਕਿਤੇ ਐਹੋ ਜ਼ੀ ਕੁੜੀ ਜੱਟਾਂ ਜ਼ਿਮੀਂਦਾਰਾਂ ਦੇ ਘਰ ਹੁੰਦੀ-ਲੋਹੜੇ ਦਾ ਰੂਪ ਨਿਖਰਦਾ।"

"ਹੁਣ ਕੀ ਚਿੰਬੜਿਆ ਏਹਨੂੰ? ਹੁਣ ਨ੍ਹੀ ਚੜ੍ਹਿਆ ਰੂਪ? ਫਿਲਮਾਂ ਆਲੀਆਂ ਐਕਟਰਨੀਆਂ ਅਰਗੀ ਤਾਂ ਲੱਗਦੀ ਐ।" ਮੇਰੇ ਮੂੰਹੋਂ ਆਪ ਮੁਹਾਰੇ ਨਿੱਕਲ ਜਾਂਦਾ। ਬੀਬੀ ਬੜੇ ਭੇਦ ਭਰੇ ਢੰਗ ਨਾਲ ਮੇਰੇ ਮੂੰਹ ਵੱਲ ਵੇਖਣ ਲੱਗਦੀ।

"ਰੂਪ ਤਾਂ ਮਰ ਜਾਣੀ ਨੂੰ ਹੁਣ ਵੀ ਲੋਹੜੇ ਦਾ ਚੜ੍ਹਿਆ ਵਾ—ਬੱਸ ਲੇਖ ਈ ਨ੍ਹੀ ਡਾਹ ਦਿੰਦੇ।"

"ਲੇਖਾਂ ਨੂੰ ਕੀ ਜੂੰਆਂ ਪਈਆਂ?" ਮੈਂ ਹਾਸੇ ਦੇ ਰੌਂਅ 'ਚ ਆਖ ਦਿੰਦਾ, ਉਂਞ ਅੰਦਰੋਂ ਹੱਸਦਾ ਨਹੀਂ ਸਾਂ ਬਲਕਿ ਦੁਖੀ ਹੁੰਦਾ ਸਾਂ।

"ਹੋਰ ਏਦੂੰ ਮਾੜੇ ਲੇਖ ਕੀ ਹੋਣਗੇ---ਐਨੀ ਸੋਹਣੀ ਸਚਿਆਰੀ ਕੁੜੀ ਕੰਮੀਆਂ ਕਮੀਣਾਂ ਦੇ ਘਰੇ ਜੰਮਪੀ। ਕਿਤੇ ਜੱਟਾਂ ਜਿਮੀਂਦਾਰਾਂ ਦੇ ਜੰਮੀ ਹੁੰਦੀ---?"

"ਫੇਰ ਕੀ ਹੋ ਜਾਂਦਾ--?"

"ਹੋਣਾ ਕੀ ਸੀ? ਏਹਦੇ ਭੂਆ ਫੁੱਫੜ ਤੋਂ ਝੋਲ਼ੀ ਅੱਡ ਕੇ ਮੰਗ ਲੈਂਦੀ ਤੇਰੇ ਆਸਤੇ।" ਬੀਬੀ ਆਵਦੇ ਵੱਲੋਂ ਮੇਰੇ ਦਿਲ ਦੀ ਗੱਲ ਕਰ ਕੇ ਮੇਰੇ ਅੰਦਰ ਚੱਲਦੀ ਉੱਥਲ-ਪੁੱਥਲ ਨੂੰ ਸ਼ਾਂਤ ਕਰਦੀ। ਮੈਂ ਬੀਬੀ ਦੇ ਬੋਲਾਂ ਨਾਲ ਸਗੋਂ ਰਿੱਝਣ ਲੱਗ ਜਾਂਦਾ।

ਮੈਂ ਤੇ ਨਿੱਕਾ ਅੱਠਵੀਂ ਤਕ ਇਕੱਠੇ ਪੜ੍ਹੇ ਸਾਂ। ਮੈਂ ਨਿੱਕੇ ਨਾਲ ਅਕਸਰ ਉਹਨਾਂ ਦੇ ਘਰ ਜਾਂਦਾ ਰਹਿੰਦਾ। ਮੈਂ ਤੂਤ ਦੀਆਂ ਛਿਟੀਆਂ ਦੇ ਬਣੇ ਛਾਬੇ 'ਚੋਂ ਸੁੱਕੀਆਂ ਭਰੂਰੀਆਂ ਰੋਟੀਆਂ ਆਪ ਹੀ ਚੱਕ ਕੇ ਖਾ ਲੈਂਦਾ। ਉਹਨਾਂ ਦੇ ਘਰ ਦੀਆਂ ਸਮਾਨ ਵਾਲੀਆਂ ਪੀਪੀਆਂ, ਜੋ ਅਕਸਰ ਭਾਂਅ ਭਾਂਅ ਹੀ ਕਰਦੀਆਂ ਹੁੰਦੀਆਂ ਸਨ, 'ਚ ਹੱਥ ਕਰੋਲ਼ੇ ਮਾਰਦਾ ਰਹਿੰਦਾ। ਰੋਟੀ ਪਾਣੀ ਤਾਂ ਨਿੱਕਾ ਵੀ ਸਾਡੇ ਘਰੋਂ ਖਾ ਲੈਂਦਾ ਸੀ ਪਰ ਸਾਡੇ ਛਾਬੇ ਨੂੰ ਤਾਂ ਕੀ ਚੱਲ੍ਹੇ ਚੌਂਕੇ ਕੋਲ਼ ਆਉਣਾ ਵੀ ਉਸ ਦੇ ਵੱਸ 'ਚ ਨਹੀਂ ਸੀ ਹੁੰਦਾ। ਮੈਂ ਜਦੋਂ ਕਦੇ ਰੋਟੀ ਖਾ ਰਿਹਾ ਹੁੰਦਾ ਤੇ ਉਸ ਵਕਤ ਨਿੱਕਾ ਘਰ ਆ ਜਾਂਦਾ ਤਾਂ ਆਪਣੇ ਨਾਲ ਹੀ ਰੋਟੀ ਖੁਆਉਣ ਲਾ ਲੈਂਦਾ। ਬੀਬੀ ਅੱਖਾਂ ਅੱਖਾਂ 'ਚ ਹੀ ਮੈਨੂੰ ਘੂਰਦੀ ਪਰ ਮੈਂ ਇਸ ਘੂਰ ਨੂੰ ਆਈ ਗਈ ਕਰ ਛੱਡਦਾ। ਇੰਝ ਦਾ ਵਿਖਾਵਾ ਕਰਦਾ ਜਿਵੇਂ ਬੀਬੀ ਵੱਲ ਵੇਖਿਆ ਹੀ ਨਾ ਹੋਵੇ। ਨਿੱਕੇ ਦੇ ਜਾਣ ਬਾਅਦ ਬੀਬੀ ਕਿੰਨਾ ਚਿਰ ਬੁੜ ਬੁੜ ਕਰਦੀ ਰਹਿੰਦੀ।

"ਤੈਨੂੰ ਤਾਂ ਉੱਕਾ ਈ ਹੈਨੀ ਸੁੱਚ ਭਿੱਟ ਦਾ। ਤੇਰਾ ਵੱਸ ਚੱਲੇ ਤਾਂ ਐਨ ਚੁੱਲ੍ਹੇ ਮੂਹਰੇ ਲਿਆ ਬਹਾਵੇਂ।"

"ਸੁੱਚ ਭਿੱਟ ਨੂੰ ਕੀ ਉਹਦੇ ਹੱਥਾਂ ਨੂੰ ਕੋਹੜ ਹੋਇਆ? ਕਿ ਪਾਕ ਪਈ ਵ੍ਹੀ ਆ? ਮੇਰੇ ਵਰਗੇ ਹੱਥ ਐ-ਮੇਰੇ ਵਰਗੇ ਪੈਰ ਐ। ਦੋ ਕੰਨ-ਦੋ ਅੱਖਾਂ-ਨੱਕ-ਮੂੰਹ-ਲੱਤਾਂ-ਸਿਰ। ਬਾਕੀ ਰਹੀ ਗੱਲ ਦਿਮਾਗ਼ ਦੀ-ਦਿਮਾਗ਼ ਆਪਣੇ ਨਾਲੋਂ ਭੋਰਾ ਵੱਧ ਈ ਐ।" ਪਹਿਲਾਂ-ਪਹਿਲ ਤਾਂ ਮੈਂ ਬੀਬੀ ਦੀ ਗੱਲ ਦਾ ਜੁਆਬ ਦਿਆਂ ਕਰਦਾ ਸਾਂ, ਫਿਰ ਹਟ ਗਿਆ। ਨਿੱਕੇ ਨਾਲ ਬਹਿ ਕੇ ਖਾਣ-ਪੀਣ ਵਾਲੀ ਆਦਤ ਨਾ ਮੈਂ ਬਦਲੀ ਨਾ ਬੀਬੀ ਨੇ ਬੁੜ ਬੁੜ ਕਰਨੀ ਛੱਡੀ।

ਬੀਬੀ ਤਾਂ ਕੇਵਲ ਬੁੜ ਬੁੜ ਹੀ ਕਰਦੀ ਸੀ, ਅਸਲ ਵਿਰੋਧ ਤਾਂ ਬੇਬੇ ਵੱਲੋਂ ਹੁੰਦਾ। ਉਹ ਤਾਂ ਨਿੱਕੇ ਦੇ ਬੈਠਿਆਂ ਵੀ ਮੂੰਹ 'ਚ ਬੁਰਾ ਭਲਾ ਬੋਲਦੀ ਰਹਿੰਦੀ। ਨਿੱਕੇ ਦੇ ਚਲੇ ਜਾਣ ਬਾਅਦ ਤਾਂ ਹੱਥ ਵਾਲੀ ਖੂੰਡੀ ਮੇਰੇ ਵੱਲ ਉਲਾਰਦਿਆਂ ਚੀਕ ਹੀ ਪੈਂਦੀ, "ਵੇ ਤੈਨੂੰ ਸੂਗ ਨ੍ਹੀ ਆਉਂਦੀ---ਨਾਲ ਬੁਰਕੀਆਂ ਲਾਉਂਦਿਆਂ। ਅਸੀਂ ਤਾਂ ਏਹਨਾਂ ਨੂੰ ਦੇਹਲ਼ੀਏ ਨ੍ਹੀ ਚੜ੍ਹਨ ਦਿੰਦੇ ਤੇ ਇਹ ਨਾਲ ਬਹਾ ਬਹਾ ਕੇ ਤੋਸੇ ਖਵਾਉਂਦਾ। ਖਵਾਉਂਦਾ ਕੀ ਮੂੰਹ 'ਚ ਬੁਰਕੀਆਂ ਪਾਉਣ ਤਕ ਜਾਂਦਾ। ਖਬਰਦਾਰ ਜੇ ਮੇਰੇ ਨੇੜੇ ਆਇਆ—ਕੀ ਧਰਮ ਭ੍ਰਿਸ਼ਟ ਕਰਨਾ ਲਿਆ ਮਲੇਛ ਨੇ।"

ਮੈਨੂੰ ਦਾਦੀ 'ਤੇ ਬੜਾ ਗ਼ੁੱਸਾ ਚੜ੍ਹਦਾ। ਮੈਂ ਜਾਣ ਬੁੱਝ ਕੇ ਉਸਦੀ ਰੋਟੀ ਵਾਲੀ ਥਾਲੀ ਨੂੰ ਹੱਥ ਲਾ ਦਿੰਦਾ। ਉਹ ਹਾਲ ਪਾਹਰਿਆ ਕਰਨ ਲੱਗਦੀ। ਉਂ ਮੈਂ ਹੈਰਾਨ ਹੁੰਦਾ, ਨਿੱਕੇ ਦੀ ਮਾਂ ਤੋਂ ਕੰਮ ਕਰਵਾਉਣ ਵੇਲ਼ੇ ਬੇਬੇ ਉਸ ਨਾਲ ਮਿੱਠੀ ਪਿਆਰੀ ਹੋ ਜਾਂਦੀ। ਉਸਦੇ ਹੱਥੋਂ ਪੀਹਣ ਕਰਾਉਂਦੀ, ਰਜਾਈਆਂ ਦੇ ਨਿਗੰਦੇ ਕਢਵਾਉਂਦੀ ਤੇ ਲੇਫ਼ ਤਲਾਈਆਂ ਧਵਾਉਂਦੀ। ਮੈਂ ਬੇਬੇ ਦੇ ਦੂਹਰੇ ਕਿਰਦਾਰ 'ਤੇ ਅੰਦਰ ਹੀ ਅੰਦਰ ਹੱਸਦਾ। ਉਦੋਂ ਤਕ ਮੈਂ ਇੰਨੀ ਕੁ ਗੱਲ ਸਮਝ ਗਿਆ ਸਾਂ ਕਿ ਬੰਦੇ ਨੂੰ ਬੰਦਾ ਸਮਝਣ ਵਾਲੀ ਸੋਚ ਦਾਦੀ ਵਰਗਿਆਂ ਦੇ ਖ਼ਾਨੇ ਨਹੀਂ ਵੜ ਸਕਦੀ।

ਅੱਠਵੀਂ 'ਚ ਨਿੱਕਾ ਮੇਰੇ ਨਾਲੋਂ ਚੰਗੇ ਨੰਬਰ ਲੈ ਕੇ ਪਾਸ ਹੋਇਆ ਸੀ। ਮੈਨੂੰ ਅੱਗੇ ਪੜ੍ਹਨ ਲਈ ਨੇੜਲੇ ਕਸਬੇ ਦੇ ਸਕੂਲ 'ਚ ਦਾਖਲ ਕਰਵਾ ਦਿੱਤਾ ਸੀ। ਪੜ੍ਹਾਈ 'ਚ ਹੁਸ਼ਿਆਰ ਹੋਣ ਦੇ ਬਾਵਜੂਦ ਨਿੱਕੇ ਨੂੰ ਅੱਗੇ ਪੜ੍ਹਨ ਨਹੀਂ ਸੀ ਲਾਇਆ। ਬੀਬੀ ਦੇ ਕਹੇ ਅਨੁਸਾਰ ਨਿੱਕੇ ਦੇ ਲੇਖਾਂ ਨੇ ਡਾਹ ਨਹੀਂ ਸੀ ਦਿੱਤੀ। ਉਸਦੇ ਹੱਥ ਕਿਤਾਬਾਂ ਦੀ ਥਾਂ ਆਪਣੇ ਬਾਪ ਦਾਦੇ ਵਰਗਾ ਕੌਲਾ ਆ ਗਿਆ ਸੀ।

ਨਿੱਕੇ ਨੂੰ ਸਕੂਲੋਂ ਹਟਾ ਲੈਣ ਦਾ ਸਭ ਤੋਂ ਵੱਧ ਦੁੱਖ ਮੈਨੂੰ ਹੋਇਆ ਸੀ। ਮੈਨੂੰ ਸਕੂਲ 'ਚ ਨਿੱਕੇ ਦੇ ਨਾਲ ਫਿਰਦੇ ਦੇ ਭੁਲੇਖੇ ਪੈਂਦੇ ਰਹਿੰਦੇ। ਮੇਰੀਆਂ ਸ਼ਰਾਰਤਾਂ ਕਿਧਰੇ ਉੱਡ ਪੁੱਡ ਗਈਆ। ਕਿਸੇ

ਇਕ ਦੇ ਨਾ ਹੋਣ ਨਾਲ ਹੀ ਤੁਹਾਨੂੰ ਅੰਦਰ ਬਾਹਰ ਕਿਵੇਂ ਓਪਰਾ ਓਪਰਾ ਲੱਗਣ ਲੱਗ ਜਾਂਦਾ ਹੈ, ਇਸਦਾ ਅਹਿਸਾਸ ਮੈਨੂੰ ਹੁਣ ਹੀ ਹੋਇਆ ਸੀ।

ਸਕੂਲ ਦਾ ਸਮਾਂ ਮਸਾਂ ਹੀ ਨਿਕਲਦਾ। ਸਕੂਲੋਂ ਛੁੱਟੀ ਹੁੰਦਿਆਂ ਹੀ ਨਿੱਕੇ ਕੇ ਘਰ ਵੱਲ ਨੂੰ ਸ਼ੂਟ ਵੱਟਦਾ। ਉਹ ਜਿੱਥੇ ਵੀ ਹੁੰਦਾ, ਉਸਨੂੰ ਮਿਲਦਾ। ਮੈਨੂੰ ਇਕ ਗੱਲ ਦੀ ਸਮਝ ਨਾ ਲੱਗਦੀ, ਨਿੱਕਾ ਮੈਥੋਂ ਪਾਸਾ ਜਿਹਾ ਕਿਉਂ ਵੱਟਣ ਲੱਗ ਗਿਆ ਸੀ? ਉਹ ਜਿੰਨਾ ਦੂਰ ਦੂਰ ਜਾਣ ਦੀ ਕੋਸ਼ਿਸ਼ ਕਰਦਾ, ਮੈਂ ਓਨਾ ਹੀ ਨੇੜੇ ਹੁੰਦਾ ਜਾਂਦਾ। ਮੈਂ ਜਦੋਂ ਹੀ ਉਸਨੂੰ ਜੱਫ਼ੀ 'ਚ ਲੈਂਦਾ, ਉਸਦੀਆਂ ਅੱਖਾਂ 'ਚ ਪਾਣੀ ਉੱਤਰ ਆਉਂਦਾ।

"ਯਾਰ ਐਂ ਕਿਉਂ ਕਰਦੈਂ? ਦੂਰ ਦੂਰ ਕਿਉਂ ਹੁੰਨੈਂ?"

"ਹੁਣ ਉਹ ਗੱਲਾਂ ਨ੍ਹੀ ਰਹੀਆਂ।" ਉਹ ਆਪਣੇ ਮੈਲ਼ੇ ਝੱਗੇ ਵੱਲ ਵੇਖਦਿਆਂ ਲੰਮਾ ਹਉਕਾ ਖਿੱਚ ਲੈਂਦਾ।

"ਕਿਹੜੀਆਂ ਗੱਲਾਂ? ਹੁਣ ਕੀ ਹੋ ਗਿਆ? ਕਮਲ਼ੀਆਂ ਨ੍ਹੀ ਮਾਰਦੈਂ? ਐਂ ਭਲਾ ਯਾਰੀਆਂ ਟੁੱਟਦੀਆਂ ਹੁੰਦੀਆਂ?" ਮੈਂ ਬਾਹੋਂ ਫੜ ਉਸਦੇ ਘਰ ਲੈ ਵੜਦਾ ਤੇ ਉਹਨਾਂ ਦੇ ਛਾਬੇ ਨੂੰ ਫਰੋਲ ਕੇ ਰੋਟੀਆਂ ਕੱਢ ਲੈਂਦਾ।

"ਤੂੰ ਵੀ ਨਾ ਬਸ—ਐਮੇਂ ਤਾਂ ਨ੍ਹੀ ਤੇਰੀ ਬੇਬੇ ਲੜਦੀ।" ਉਹ ਹਲਕਾ ਹਲਕਾ ਹੱਸਦਾ ਸਿਰ ਮਾਰਨ ਲੱਗਦਾ।

"ਬੇਬੇ ਹੋਰਾਂ ਦਾ ਕੀ ਐ? ਉਹਨਾਂ ਤੋਂ ਨ੍ਹੀ ਨਿਕਲ ਹੋਣਾ ਇਸ ਗਧੀ ਗੇੜ 'ਚੋਂ। ਉਹ ਮਾਲਾ ਨ੍ਹੀ, ਸੋਚਾਂ ਨੂੰ ਪੁੱਠਾ ਗੇੜਾ ਦਿੰਦੀ ਹੁੰਦੀ ਐ।

ਮੇਰੀ ਕੋਰੀ ਕਰਾਰੀ ਗੱਲ ਸੁਣ ਕੇ ਉਹ ਹੈਰਾਨੀ ਤੇ ਖੁਸ਼ੀ ਨਾਲ ਮੇਰੇ ਮੂੰਹ ਵੱਲ ਵੇਖਣ ਲੱਗਦਾ।

"ਤੂੰ ਵੀ ਨਾ ਬੱਸ--।" ਇਸਤੋਂ ਅੱਗੇ ਹੋਰ ਕੋਈ ਗੱਲ ਉਸਨੂੰ ਨਹੀਂ ਸੀ ਅਹੁੜਦੀ। ਸਕੂਲ 'ਚ ਤਾਂ ਉਸਦਾ ਨਾਂ ਵੀ 'ਤੂੰ ਵੀ ਨਾ ਬੱਸ' ਪਾਇਆ ਹੋਇਆ ਸੀ।

ਮੈਂ ਜਦੋਂ ਵੀ ਨਿੱਕੇ ਕੇ ਘਰ ਜਾਂਦਾ, ਪਾਰੋ ਸਾਡੀਆਂ ਉੱਘ ਪਤਾਲ ਗੱਲਾਂ ਸੁਣ ਸੁਣ ਕੇ ਹੱਸਦੀ। ਮੈਂ ਨਿੱਕੇ ਅਤੇ ਉਸਦੇ ਘਰਦਿਆਂ ਤੋਂ ਚੋਰੀ ਪਾਰੋ ਦੇ ਹਾਸਿਆਂ ਨੂੰ ਧਰਤੀ 'ਤੇ ਡਿੱਗਣ ਤੋਂ ਪਹਿਲਾਂ ਹੀ ਬੋਚ ਲੈਂਦਾ।

"ਪਾਰੋ! ਐਹ ਤੇਰੇ ਮੋਰ ਤਾਂ ਆਏਂ ਲੱਗਦਾ ਜਿਵੇਂ ਹੁਣੇ ਉੱਡ ਜਾਣਗੇ।" ਪਾਰੋ ਕੰਧੋਲ਼ੀ 'ਤੇ ਬੜੇ ਸੋਹਣੇ ਮੋਰ ਬਣਾਉਂਦੀ ਸੀ। ਮੀਂਹ ਕਣੀ ਦੇ ਦਿਨਾਂ 'ਚ ਇਹ ਮੋਰ ਤੋਤੇ ਖੁਰ ਜਾਂਦੇ। ਪਾਰੋ ਦੇ ਹੱਥਾਂ ਦੀ ਛੋਹ ਨਾਲ ਇਹ ਮੋਰ ਦੁਬਾਰਾ ਜਿਉਂਦੇ ਹੋ ਉੱਠਦੇ। ਮੈਂ ਉਸਦੇ ਹੁਨਰ ਦੀ ਤਾਰੀਫ਼ ਕਰਨ ਦਾ ਕੋਈ ਮੌਕਾ ਨਾ ਖੁੰਝਾਉਂਦਾ।

"ਬੱਸ ਗਰੀਬਾਂ ਦੀਆਂ ਐਮੇਂ ਰੀਝਾਂ ਈ ਹੁੰਦੀਆਂ, ਹੋਰ ਏਹਨਾਂ ਵਿਚਾਰਿਆਂ ਕਿਹੜਾ ਸਾਡੇ ਲਈ ਪੈਲ਼ਾਂ ਪਾਉਣੀਆਂ।" ਮੈਨੂੰ ਪਤਾ ਨਾ ਲੱਗਦਾ ਇਹ ਗੱਲ ਉਸਨੇ ਉਦਾਸ ਹੋ ਕੇ ਆਖੀ ਸੀ ਕਿ ਹੱਸਦਿਆਂ। ਮੈਂ ਉਸਦੇ ਅੰਦਰਲੀ ਲੁਕੀ ਪੀੜ ਨੂੰ ਸਮਝਣ ਲਈ ਅੱਖਰਾਂ ਨੂੰ ਜੋੜਨ ਲੱਗਦਾ ਪਰ ਲੋੜ ਗੋਚਰਾ ਕੋਈ ਸ਼ਬਦ ਨਾ ਬਣਦਾ।

"ਨਾਲੇ ਸਾਡੇ ਗਰੀਬਾਂ ਦੇ ਮੋਰ ਤਾਂ ਮੀਂਹ ਨਾਲ ਈ ਖੁਰ ਜਾਂਦੇ, ਥੋਡੀ ਹਵੇਲੀ ਵਾਲਾ ਮੋਰ ਤਾਂ ਪੱਕਾ ਐ-ਲੋਹੇ ਦਾ। ਮੀਂਹ ਕਣੀ ਦਾ ਵੀ ਅਸਰ ਨ੍ਹੀ ਉਹਦੇ 'ਤੇ।"

"ਤੂੰ ਵੀ ਨਾ ਬੱਸ---।" ਮੈਂ ਨਿੱਕੇ ਦੇ ਸ਼ਬਦ ਸੁਭੈਕੀ ਹੀ ਵਰਤ ਜਾਂਦਾ। ਪਾਰੋ ਚੁੰਨੀ ਦੀ ਕੰਨੀ ਨੂੰ ਖੱਬੇ ਹੱਥ ਦੀ ਚੀਚੀ 'ਤੇ ਵਲ੍ਹੇਟਦੀ ਮੂੰਹ ਦੂਜੇ ਪਾਸੇ ਕਰ ਚੋਰੀ ਚੋਰੀ ਅੱਖਾਂ ਪੂੰਝਦੀ।

ਨਿੱਕੇ ਦੇ ਸੀਰ ਦੇ ਸਾਲ ਵਧੀ ਜਾਂਦੇ ਸਨ ਤੇ ਮੇਰੀਆਂ ਜਮਾਤਾਂ। ਨਾ ਤਾਂ ਨਿੱਕਾ ਮੇਰੇ ਅੰਦਰੋਂ ਨਿਕਲਿਆ ਸੀ ਤੇ ਨਾ ਹੀ ਪਾਰੋ, ਭਾਵੇਂ ਫਰਕ ਦਿਨੋ ਦਿਨ ਵਧਦਾ ਹੀ ਜਾਂਦਾ ਸੀ। ਸਾਡੇ ਘਰ

ਦੀਆਂ ਮਮਟੀਆਂ ਆਏ ਸਾਲ ਉੱਚੀਆਂ ਹੁੰਦੀਆਂ ਜਾਂਦੀਆਂ ਤੇ ਨਿੱਕੇ ਦੇ ਘਰ ਦੀਆਂ ਅੱਧ ਪੱਕੀਆਂ-ਕੱਚੀਆਂ ਇੱਟਾਂ ਖੁਰਨ ਕਰਕੇ ਘਰ ਹੋਰ ਨੀਵਾਂ ਹੋਈ ਜਾਂਦਾ ਸੀ। ਪੰਚਾਇਤ ਨੇ ਸਾਡੇ ਪਾਸੇ ਦੀਆਂ ਗਲੀਆਂ 'ਚ ਇੱਟਾਂ ਚਿਣਵਾਂ ਦਿੱਤੀਆਂ ਸਨ ਪਰ ਨਿੱਕੇ ਕੇ ਘਰਾਂ ਵੱਲ ਨੂੰ ਜਾਂਦੀ ਵੀਹੀ 'ਚ ਮੀਂਹ ਕਣੀ ਦੇ ਦਿਨਾਂ ਤੋਂ ਬਗ਼ੈਰ ਹੀ ਚਰਗਲ ਵੱਜਾ ਰਹਿੰਦਾ। ਜਿੰਨ੍ਹਾਂ ਦਿਨਾਂ 'ਚ ਮੈਂ ਕਾਲਜ ਦਾਖਲਾ ਲਿਆ, ਨਿੱਕੇ ਦੇ ਘਰਵਾਲੀ ਕੋਲ਼ ਨਿੱਕਾ ਨਿਆਣਾ ਆ ਗਿਆ ਸੀ। ਪਾਰੋ ਜੁਆਕ ਨੂੰ ਕੁੱਛੜ ਚੁੱਕ ਕੇ ਖਿਡਾਉਂਦੀ।

ਮੈਂ ਕਾਲਜੋਂ ਆ ਕੇ ਜਦੋਂ ਹੀ ਵਕਤ ਮਿਲਦਾ ਵੀਹੀ ਦਾ ਚਰਗਲ ਲੰਘ ਕੇ ਨਿੱਕੇ ਨੂੰ ਮਿਲਣ ਜਾਂਦਾ। ਇਹ ਉਹੀ ਦਿਨ ਸਨ ਜਦੋਂ ਪਿੰਡ ਦੀ ਮੁੰਡੀਹਰ ਮੇਰੀ ਪਿੱਠ ਪਿੱਛੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੀ। ਸਾਡੇ ਪਾਸੇ ਵੱਲ ਦੇ ਮੁੰਡੇ ਸੁਆਦ ਲੈਂਦੇ। ਮੈਨੂੰ ਉਹਨਾਂ ਦੀਆਂ ਅੱਖਾਂ 'ਚੋਂ ਲੁੱਚਪੁਣਾ ਬਾਹਰ ਉਲਰਦਾ ਦਿਖਾਈ ਦਿੰਦਾ।

"ਬੁੱਲੇ ਲੁੱਟਦੈ।" ਉਹਨਾਂ ਦੇ ਬੋਲ ਮੇਰੀ ਪਿੱਠ 'ਤੇ ਚਿਪਕ ਜਾਂਦੇ।

"ਵੀਹੀ ਦਾ ਚਿੱਕੜ ਵੀ ਤਾਂ ਮਿੱਧਦਾ ਅਗਲਾ।" ਕੋਈ ਹੋਰ ਆਖਦਾ।

"ਏਸ ਭਾਅ ਵੀ ਸੌਦਾ ਮਾੜਾ ਨ੍ਹੀ--।" ਸਾਰਿਆਂ  ਦੇ ਤਾੜੀ ਮਾਰ ਕੇ ਹੱਸਣ ਦੀ ਆਵਾਜ਼ ਦੂਰ ਤਕ ਸੁਣਦੀ ਰਹਿੰਦੀ। ਮੈਨੂੰ ਉਹਨਾਂ 'ਤੇ ਗ਼ੁੱਸਾ ਆਉਂਦਾ ਅਤੇ ਆਪਣੇ ਆਪ 'ਤੇ ਨਮੋਸ਼ੀ। ਕਿਸੇ ਹੱਦ ਤਕ ਉਹ ਸੱਚੇ ਸਨ। ਮੈਂ ਇਕੱਲੇ ਨਿੱਕੇ ਨੂੰ ਮਿਲਣ ਲਈ ਹੀ ਤਾਂ ਚਿੱਕੜ ਨਹੀਂ ਸੀ ਮਿੱਧਦਾ। ਅਸਲ ਨਮੋਸ਼ੀ ਤੇ ਗ਼ੁੱਸਾ ਤਾਂ ਮੈਨੂੰ ਉਦੋਂ ਆਉਂਦਾ ਜਦੋਂ ਨਿੱਕੇ ਕੇ ਘਰਾਂ ਵੱਲ ਦੇ ਮੁੰਡੇ ਮੈਨੂੰ ਕੁੱਤਿਆਂ ਬਿੱਲਿਆਂ ਵਿਚ ਦੀ ਲਾ ਲਾ ਕੇ ਗੱਲਾਂ ਸੁਣਾਉਂਦੇ।

"ਆਹ ਕਈ ਜਾਨਵਰ ਵੀ ਨਾ ਵੇਲ਼ੇ ਕੁਵੇਲ਼ੇ ਤੁਰੇ ਫਿਰਦੇ---ਲੱਗਦਾ ਟੰਗਾਂ ਭੰਨਣੀਆਂ ਪੈਣਗੀਆਂ।"  ਮੈਂ ਨਾ ਚਾਹੁੰਦਾ ਵੀ ਉਹਨਾਂ ਦੀਆਂ ਜ਼ਹਿਰ ਵਰਗੀਆਂ ਗੱਲਾਂ ਪੀ ਜਾਂਦਾ। ਮੈਨੂੰ ਲੱਗਦਾ ਜੇ ਬੋਲ ਬੁਲਾਰਾ ਕੀਤਾ-ਗੱਲ ਕਿਤੇ ਦੀ ਕਿਤੇ ਤੁਰ ਜਾਵੇਗੀ। ਨਿੱਕੇ ਅਤੇ ਖਾਸ ਕਰ ਪਾਰੋ ਦੀ ਖਾਹ ਮਖਾਹ ਬਦਨਾਮੀ ਹੋ ਸਕਦੀ ਸੀ ਤੇ ਬਦਨਾਮੀ ਦੇ ਇਸ ਹੜ੍ਹ 'ਚ ਪਾਰੋ ਦੇ ਮੋਰਾਂ ਨੇ ਖੁਰ ਜਾਣਾ ਸੀ। ਮੈਂ ਭਾਵੇਂ ਕਿੰਨਾ ਵੀ ਸਬਰ ਰੱਖਿਆ ਪਰ ਨਿੱਕੇ ਕੇ ਘਰਾਂ ਦੇ ਮੁੰਡਿਆਂ ਦੇ ਜ਼ਹਿਰ ਭਿੱਜੇ ਤੀਰ, ਸਾਡੇ ਘਰ ਦੀ ਚੌਖਟ ਲੰਘ ਆਏ ਸਨ। ਇਹਨਾਂ ਤੀਰਾਂ ਦੀ ਮਾਰ ਤੋਂ ਭੈਅਮਾਨ ਹੋਈ ਬੀਬੀ ਹਰ ਦੂਏ ਤੀਏ ਦਿਨ ਮੈਨੂੰ ਸਮਝਾਉਣ ਬੈਠ ਜਾਂਦੀ, "ਪੁੱਤ, ਐਂ ਨਾ ਤੁਰਿਆ ਰਿਹਾ ਕਰ ਨਿੱਕੇ ਕੇ ਘਰ ਅੱਲੀਂ। ਅਗਲਿਆਂ ਘਰ ਜੁਆਨ ਜਹਾਨ ਕੁੜੀ ਐ।"

"ਆਪਣੇ ਘਰ ਨ੍ਹੀ ਕੁੜੀ?" ਮੈਂ ਭੈਣ ਵੱਲ ਇਸ਼ਾਰਾ ਕਰਦਿਆਂ ਆਖਦਾ।

"ਤੂੰ ਸਮਝਦਾ ਕਿਉਂ ਨ੍ਹੀ? ਕਿਸੇ ਦਾ ਕੀ ਮੂੰਹ ਫੜ ਲੈਣਾ? ਨਾਲੇ ਜਿਹੋ ਜਿਹੀ ਇਜ਼ਤ ਕੁੜੀ ਦੀ—ਉਹੋ ਜਿਹੀ ਮੁੰਡੇ ਦੀ--।" ਬੀਬੀ ਦੇ ਬੋਲ ਕਰੜੇ ਹੋ ਗਏ ਸਨ।

"ਇਕ ਤਾਂ ਨਿੱਕੇ ਕੀ ਸਮਝ ਨ੍ਹੀ ਲੱਗਦੀ—ਐਵੈਂ ਬਿਗਾਨਾ ਧਨ ਘਰੇ ਰੱਖੀ ਬੈਠੇ।"

ਮੈਨੂੰ ਇਹ ਗੱਲ ਬਹੁਤ ਬਾਅਦ 'ਚ ਪਤਾ ਲੱਗੀ ਕਿ 'ਬਿਗਾਨੇ ਧਨ' ਨੂੰ ਉਸਦੇ ਆਪਣੇ ਘਰ ਛੱਡ ਕੇ ਆਉਣ ਦਾ ਫੈਸਲਾ ਨਿੱਕੇ ਕੇ ਪਰਿਵਾਰ ਦਾ ਨਹੀਂ ਸੀ। ਇਹ ਤਾਂ ਬੀਬੀ ਨੇ ਹੀ ਨਿੱਕੇ ਦੇ ਬਾਪੂ ਨੂੰ ਤੁੱਖਣਾ ਦੇ ਦੇ ਕੇ ਪਾਰੋ ਨੂੰ ਉਸਦੇ ਪਿੰਡ ਭੇਜ ਦੇਣ ਲਈ ਜ਼ੋਰ ਪਾਇਆ ਸੀ। ਮੈਂ ਕਈ ਦਿਨ ਆਨੀਂ ਬਹਾਨੀਂ ਨਿੱਕੇ ਕੇ ਘਰ ਗੇੜਾ ਮਾਰਦਾ ਰਿਹਾ ਪਰ ਪਾਰੋ ਘਰ 'ਚ ਦਿਖਾਈ ਨਾ ਦਿੱਤੀ। ਕੰਧੋਲ਼ੀ 'ਤੇ ਬਣੇ ਮੋਰ ਧੁੰਦਲੇ-ਧੁੰਦਲੇ ਅਤੇ ਉਦਾਸ ਹੋਏ ਪਏ ਸਨ। ਮੋਰ ਹੀ ਕਿਉਂ, ਮੈਂ ਵੀ ਉਦਾਸ ਹੋ ਗਿਆ ਸਾਂ। ਨਿੱਕੇ ਨੂੰ ਪਾਰੋ ਬਾਰੇ ਪੁੱਛ ਵੀ ਨਹੀਂ ਸਾਂ ਸਕਦਾ। ਪੁੱਛਦਾ ਵੀ ਤਾਂ ਕਿਵੇਂ?

"ਦੇਵ, ਯਾਰ ਮੈਂ ਪਾਰੋ ਨੂੰ ਛੱਡ ਆਇਆਂ ਉਹਦੇ ਪਿੰਡ। ਆਉਣ ਵਾਲੇ ਵਾਰ ਨੂੰ ਅਨੰਦ ਕਾਰਜ ਐ ਉਹਦੇ। ਦੂਰ ਨੇੜੇ ਦੀ ਰਿਸ਼ਤੇਦਾਰੀ 'ਚੋਂ ਈ ਸਾਕ ਲੱਭ ਦਿੱਤਾ ਮਾਸੀ ਨੇ ਉਹਦੇ

ਵਾਸਤੇ। ਮੁੰਡਾ ਤਾਂ ਠੀਕ-ਠਾਕ ਈ ਆ। ਪਾਰੋ ਦੇ ਮੁਕਾਬਲੇ ਤਾਂ ਹੈਨੀ। ਊਂ ਜਾਣੀਦਾ ਗਊ ਹੱਤਿਆ ਈ ਹੋਈ ਐ।" ਮੇਰੇ ਬਿਨਾਂ ਪੁੱਛਿਆਂ ਹੀ ਇਕ ਦਿਨ ਨਿੱਕੇ ਨੇ ਦੱਸਿਆ ਸੀ। ਸ਼ਾਇਦ ਉਸਨੇ ਮੇਰੇ ਅੰਦਰਲੀ ਉਦਾਸੀ ਪੜ੍ਹ ਲਈ ਸੀ। ਜਾਂ ਸ਼ਾਇਦ ਹੁਣ ਦੱਸਣ 'ਚ ਕੋਈ ਹਰਜ ਨਹੀਂ ਸੀ ਰਿਹਾ। ਉਸਦੇ ਬੋਲਣ ਦੇ ਲਹਿਜੇ ਤੋਂ ਮੈਨੂੰ ਇਉਂ ਵੀ ਮਹਿਸੂਸ ਹੋਇਆ ਜਿਵੇਂ ਪਾਰੋ ਨਾਲ ਹੋਏ ਇਸ ਧੱਕੇ ਲਈ ਉਹ ਮੈਨੂੰ ਦੋਸ਼ੀ ਸਮਝ ਰਿਹਾ ਹੋਵੇ।

ਮੈਨੂੰ ਲੱਗਾ ਜਿਵੇਂ ਕੰਧੋਲੀ 'ਤੇ ਬਣਾਏ ਮੋਰਾਂ ਦੇ ਅੱਥਰੂ ਡਿੱਗੇ ਹੋਣ, ਪਰ ਇਹ ਅੱਥਰੂ ਮੋਰਾਂ ਦੇ ਨਹੀਂ ਸਨ-ਮੇਰੀ ਅੱਖ 'ਚੋਂ ਕਿਰੇ ਸਨ। ਮੈਂ ਨਿੱਕੇ ਤੋਂ ਅੱਖ ਬਚਾ ਕੇ ਰੁਮਾਲ ਨਾਲ ਅੱਖਾਂ ਸਾਫ ਕੀਤੀਆਂ ਸਨ।

0 0 0

ਕਿੰਨੇ ਵਰ੍ਹੇ ਬੀਤ ਗਏ ਨੇ ਇਸ ਗੱਲ ਨੂੰ। ਪ੍ਰਾਇਮਰੀ ਸਕੂਲ ਦੀ ਮਾਸਟਰੀ ਤੋਂ ਚੱਲ ਕੇ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਿੰਸੀਪਲੀ ਤਕ ਅੱਪੜ ਗਿਆ ਹਾਂ। ਹੋਰ ਚਹੁੰ ਸਾਲਾਂ ਨੂੰ ਸੇਵਾ ਮੁਕਤ ਹੋ ਜਾਣਾ ਹੈ। ਬੱਚੇ ਥਾਓਂ ਥਾਈਂ ਸੈੱਟ ਨੇ। ਸ਼ਹਿਰ ਦੀ ਪੌਸ਼ ਕਾਲੋਨੀ 'ਚ ਵਧੀਆ ਰੈਣ ਬਸੇਰਾ ਵੀ ਬਣਾ ਲਿਆ। ਪਿੰਡ ਵਾਲੀ ਹਵੇਲੀ ਵਾਂਗ ਹੀ ਆਪਣੀ ਕੋਠੀ 'ਤੇ ਵੀ ਲੋਹੇ ਦਾ ਮੋਰ ਲਾਇਆ ਹੋਇਆ। ਇਹ ਮੋਰ ਹਵਾ ਆਉਣ 'ਤੇ ਘੁੰਮਦਾ ਹੈ।

ਪਤਾ ਹੀ ਨਹੀਂ ਲੱਗਾ ਨਦੀ ਦੇ ਤੇਜ਼ ਵਹਾਅ ਵਾਂਗ ਜ਼ਿੰਦਗੀ ਦੇ ਐਨੇ ਵਰ੍ਹੇ ਵਹਿ ਗਏ ਨੇ। ਦਾਹੜੀ 'ਚ ਕਾਲ਼ੇ ਵਾਲ਼ ਵਿਰਲੇ ਵਿਰਲੇ ਹੀ ਰਹਿ ਗਏ ਹਨ। ਬਜ਼ਾਰੂ ਡਾਈ ਦਾਹੜੀ ਦੇ ਵਾਲ਼ਾਂ ਨੂੰ ਬੇਸ਼ੱਕ ਕਾਲ਼ਾ ਕਰ ਦਿੰਦੀ ਹੈ ਪਰ ਜਜ਼ਬਿਆਂ 'ਚ ਰੰਗ ਭਰਨਾ ਇਸ ਦੇ ਵੱਸ 'ਚ ਨਹੀਂ ਹੁੰਦਾ। ਚਿਹਰੇ 'ਤੇ ਪਈਆਂ ਝੁਰੜੀਆਂ ਵਰ੍ਹਿਆਂ ਨਾਲ ਕੀਤੇ ਜੰਗ ਦੀ ਗਵਾਹੀ ਭਰਨ ਲੱਗੀਆਂ ਹਨ। ਇਹਨਾਂ ਦਿਨਾਂ 'ਚ ਪਾਰੋ ਦੀ ਯਾਦ ਪਹਿਲਾਂ ਨਾਲੋਂ ਕਿਤੇ ਵੱਧ ਆਉਣ ਲੱਗੀ ਹੈ। ਪਤਾ ਨਹੀਂ ਕਿੱਥੇ ਹੋਵੇਗੀ? ਕਿਹੋ ਜਿਹੀ ਹੋਵੇਗੀ? ਕਿਸ ਹਾਲਤ ਵਿਚ ਹੋਵੇਗੀ? ਕਦੇ ਦਿਮਾਗ਼ ਸੋਚਣ ਲੱਗਦਾ ਹੈ-ਪਾਰੋ ਹੁੰਦੀ ਤਾਂ ਜ਼ਿੰਦਗੀ ਕਿਹੋ ਜਿਹੀ ਹੁੰਦੀ?

ਜਦੋਂ ਵੀ ਪਿੰਡ ਜਾਣਾ ਆਉਣਾ ਬਣਦਾ ਹੈ, ਨਿੱਕੇ ਨੂੰ ਮਿਲ ਕੇ ਪਾਰੋ ਬਾਰੇ ਪੁੱਛਣ ਦੀ ਸੋਚਦਾ ਹਾਂ ਪਰ ਸਫਲਤਾ ਨਹੀਂ ਮਿਲਦੀ। ਇਕ ਵਾਰ ਉਸਨੂੰ ਰਾਹ ਜਾਂਦਿਆਂ ਵੇਖ ਕਾਰ ਰੋਕ ਵੀ ਲਈ ਸੀ ਪਰ ਨਿੱਕਾ ਮੈਨੂੰ ਵੇਖ ਕੇ ਵੀ ਅਣਦੇਖਿਆਂ ਕਰ ਪਾਸੇ ਨੂੰ ਟਲ ਗਿਆ ਸੀ। ਮੈਂ ਦੇਖਿਆ ਕਿ ਨਿੱਕਾ ਹੁਣ ਝੁਕ ਕੇ ਤੁਰਨ ਲੱਗ ਪਿਆ ਹੈ। ਉਸਦੀ ਉਮਰ ਜਿਵੇਂ ਮੇਰੇ ਨਾਲੋਂ ਦੁਗਣੀ ਤੇਜ਼ੀ ਨਾਲ ਵਧੀ ਹੈ। ਪਤਾ ਨਹੀਂ ਕਿਉਂ ਮੱਥੇ ਨਹੀਂ ਲੱਗਣਾ ਚਾਹੁੰਦਾ। ਸ਼ਾਇਦ ਸਾਡੇ 'ਚ ਸਮਾਜਕ-ਆਰਥਿਕ ਪਾੜਾ ਈ ਐਨਾ ਵੱਡਾ ਹੋ ਗਿਆ ਹੈ। ਸ਼ਾਇਦ ਉਸਨੇ ਅਜੇ ਤਕ ਮੁਆਫ਼ ਹੀ ਨਾ ਕੀਤਾ ਹੋਵੇ। ਪਾਰੋ ਨੇ ਵੀ ਕਿੱਥੇ ਮੁਆਫ਼ ਕੀਤਾ ਹੋਵੇਗਾ? ਉਂਞ ਕੋਈ ਵੀ ਪਾਰੋ ਅੰਦਰਲੇ ਦਰਦ ਨੂੰ ਸਮਝ ਸਕਦਾ ਹੈ, ਨਿੱਕੇ ਦਾ ਦਰਦ ਵੀ ਸਮਝਿਆ ਜਾ ਸਕਦਾ, ਪਰ ਮੇਰਾ ਦਰਦ ਕੌਣ ਸਮਝੇਗਾ?

0 0 0

ਅੱਜ ਭੈਣ ਦੇ ਬੁਲਾਵੇ 'ਤੇ ਹੀ ਜੀਵਨ ਸਾਥੀ ਹਰਵੰਤ ਨੂੰ ਨਾਲ ਲੈ ਕੇ ਭੈਣ ਘਰ ਆਏ ਹਾਂ। ਉਸਦੇ ਘਰ ਅੱਜਕੱਲ੍ਹ ਭੂਚਾਲ ਆਇਆ ਹੋਇਆ ਹੈ। ਭਾਣਜੀ ਰਵਨੀਤ ਆਪਣੀ ਮਰਜ਼ੀ ਨਾਲ, ਆਪਣੇ ਹੀ ਮਹਿਕਮੇ 'ਚ ਕੰਮ ਕਰਦੇ ਕੁਲੀਗ ਮੁੰਡੇ ਨਾਲ ਵਿਆਹ ਕਰਾਉਣ ਦੀ ਜ਼ਿੱਦ 'ਤੇ ਅੜੀ ਹੋਈ ਹੈ। ਭੈਣ ਨੇ ਰਵੀ ਨੂੰ ਸਮਝਾਉਣ ਲਈ ਸਾਨੂੰ ਸੱਦਿਆ ਸੀ।

"ਮੁੰਡਾ ਬਣਦਾ ਤਣਦਾ ਵੀ ਐ। ਪੜ੍ਹਿਆ ਲਿਖਿਆ ਵੀ ਬਥੇਰਾ। ਸੁੱਖ ਨਾਲ ਰੰਗ ਰੂਪ ਵੀ ਸੋਹਣਾ, ਪਰ--।"

"ਪਰ ਕੀ?"

"ਪਰ ਲੇਖ ਨ੍ਹੀ ਨਾ ਸੋਹਣੇ --!"

"ਲੇਖਾਂ ਨੂੰ ਕੀ ਜੂੰਆਂ ਪਈਆਂ?" ਮੈਂ ਹੈਰਾਨ ਹੁੰਦਾ ਹਾਂ, ਵਰ੍ਹਿਆਂ ਪਹਿਲਾਂ ਬੋਲੇ ਸ਼ਬਦ ਹੂਬਹੂ ਮੇਰੀ ਜ਼ੁਬਾਨ 'ਤੇ ਕਿਵੇਂ ਆ ਗਏ। ਐਨੇ ਸਾਲਾਂ 'ਚ ਕੁੱਝ ਵੀ ਨਹੀਂ ਬਦਲਿਆ?

"ਹੋਰ ਏਦੂੰ ਮਾੜੇ ਲੇਖ ਕੀ ਹੋਣਗੇ---?" ਭੈਣ ਨੇ ਬਿਲਕੁੱਲ ਬੀਬੀ ਵਾਂਗ ਹੀ ਭੇਦ ਭਰੀ ਤੱਕਣੀ ਨਾਲ ਮੇਰੇ ਵੱਲ ਤੱਕਿਆ ਸੀ। ਸ਼ਬਦ ਵੀ ਬਿਲਕੁੱਲ ਉਹੋ ਸਨ।

"ਨਿੱਕੀ ਸੁੱਕੀ ਜਾਤ ਦੇ ਘਰ ਨਾ ਜੰਮਿਆ ਹੁੰਦਾ - ਮੈਂ ਰਵੀ ਵਾਸਤੇ ਆਪ ਜਾਂਦੀ ਝੋਲੀ ਅੱਡ ਕੇ ਮੰਗਣ ਉਹਦੇ ਮਾਂ-ਪਿਉ ਕੋਲ਼।"

ਮੇਰੇ ਤਾਂ ਦੰਦ ਹੀ ਜੁੜ ਗਏ ਸਨ। ਕੀ ਬੋਲਦਾ? ਮੈਨੂੰ ਕੁੱਝ ਨਹੀਂ ਸੀ ਅਹੁੜ ਰਿਹਾ। ਭਾਣਜੀ ਅੱਖਾਂ 'ਚ ਪਾਣੀ ਭਰੀ, ਦੂਰ ਖੜ੍ਹੀ ਮੇਰੇ ਵੱਲ ਆਸ ਭਰੀਆਂ ਨਜ਼ਰਾਂ ਨਾਲ ਵੇਖਦੀ ਹੈ। ਸ਼ਾਇਦ ਉਹ ਪੜ੍ਹੇ ਲਿਖੇ ਤੇ ਅਫਸਰ ਲੱਗੇ ਮਾਮੇ ਤੋਂ ਆਪਣੇ ਹੱਕ 'ਚ ਭੁਗਤਣ ਦੀ ਆਸ ਲਾਈ ਬੈਠੀ ਹੋਵੇ। ਮੈਂ ਆਪਣੀ ਸੀਮਾ ਸਮਝਦਾ ਹਾਂ। ਰਵਨੀਤ ਦੇ ਹੱਕ 'ਚ ਮਾੜਾ ਮੋਟਾ ਵੀ ਡੱਕਾ ਸੁੱਟਿਆ, ਭੈਣ ਨੇ ਭੜਕ ਪੈਣਾ ਹੈ, "ਤੂੰ ਆਪਣੀ ਧੀ ਦਾ ਰਿਸ਼ਤਾ ਕਰਦੇਂਗਾ ਓਸ ਘਰੇ?" ਮੈਂ ਇਹ ਵੀ ਜਾਣਦਾ ਹਾਂ ਕਿ ਭੈਣ ਦੇ ਅਜਿਹੇ ਸਵਾਲ ਦੇ ਜੁਆਬ 'ਚ ਮੈਥੋਂ 'ਹਾਂ' ਨਹੀਂ ਕਹੀ ਜਾਣੀ।

ਮੈਥੋਂ ਨਾ ਭਾਣਜੀ ਨਾਲ ਅੱਖਾਂ ਮਿਲਾ ਹੁੰਦੀਆਂ ਨੇ, ਨਾ ਭੈਣ-ਭਣਵਈਏ ਨਾਲ। ਪੈਰੀਂ ਪਾਏ ਬੂਟ ਦੀ ਅੱਡੀ ਬਿਨਾਂ ਮਤਲਬ ਹੀ ਫਰਸ਼ 'ਤੇ ਰਗੜੀ ਜਾਂਦਾ ਹਾਂ। ਮੈਨੂੰ ਰਵਨੀਤ ਬਿਲਕੁੱਲ ਪਾਰੋ ਵਰਗੀ ਜਾਪ ਰਹੀ ਹੈ।

"ਜਿੰਨਾ ਚਿਰ ਆਹ ਵੱਟਾਂ ਬੰਨੇ ਨ੍ਹੀ ਨਾ ਢਹਿੰਦੇ-ਓਨਾ ਚਿਰ ਕਿਸੇ ਹਵੇਲੀ 'ਤੇ ਲੱਗੇ ਮੋਰ ਨੇ, ਕਿਸੇ ਪਾਰੋ ਵਾਸਤੇ ਪੈਲ ਨੀ ਪਾਉਣੀ।" ਮੇਰੀ ਗੱਲ ਸੁਣ ਕੇ ਸਾਰੇ ਮੇਰੇ ਵੱਲ ਹੈਰਾਨੀ ਨਾਲ ਝਾਕੇ। ਮੇਰੀ ਗੱਲ ਕਿਸੇ ਨੂੰ ਕੀ ਸਮਝ ਆਉਣੀ ਸੀ?

ਆਥਣ ਤਕ ਵੀ ਗੱਲ ਕਿਸੇ ਤਣ ਪੱਤਣ ਨਹੀਂ ਸੀ ਲੱਗੀ। ਹਰਵੰਤ ਨੇ ਫਿਰ ਕਿਸੇ ਦਿਨ ਆਉਣ ਦਾ ਆਖਦਿਆਂ ਨਨਾਣ ਤੋਂ ਛੁੱਟੀ ਲੈ ਲਈ।

"ਤੁਸੀਂ ਕੀ ਬਉਰਿਆਂ ਵਾਂਗੂੰ ਝੱਲ ਮਾਰੀ ਗਏ। ਮੈਨੂੰ ਤਾਂ ਸਮਝ ਨ੍ਹੀ ਆਈ ਥੋਡੀ ਗੱਲ ਦੀ।" ਪਤਨੀ ਮੈਨੂੰ ਇਕ ਤਰ੍ਹਾਂ ਡਾਂਟਣ ਲੱਗੀ ਸੀ।

ਮੈਂ ਆਪਣੀ ਡਰਾਈਵਿੰਗ ਸੀਟ ਦੇ ਬਰਾਬਰ ਵਾਲੀ ਸੀਟ 'ਤੇ ਬੈਠੀ ਪਤਨੀ ਵੱਲ ਸਰਸਰੀ ਜਿਹੀ ਨਿਗਾਹ ਮਾਰੀ ਤੇ ਨੀਵੀਂ ਪਾ ਅੱਖਾਂ 'ਚ ਉੱਤਰ ਆਈ ਨਮੀ ਨੂੰ ਲੁਕਾ ਲਿਆ।000

***(ਫੋਨ: +91-98726-40994, ਈਮੇਲ: gurmeetkaryalvi@gmail.com)***

## *ਪਿਆਰਾ ਸਿੰਘ ਭੋਗਲ ਦਾ ਸਦੀਵੀ ਵਿਛੋੜਾ*

*ਸਰਬਾਂਗੀ ਲੇਖਕ ਅਤੇ ਪੰਜਾਬੀ ਭਾਸ਼ਾ ਸਾਹਿਤ ਸਭਿਆਚਾਰ ਦੇ ਪਾਸਾਰ ਹਿਤ ਸਾਰਾ ਜੀਵਨ ਸਰਗਰਮ ਰਹਿਣ ਵਾਲਾ ਸਿਰੜੀ ਕਾਮਾ ਪਿਆਰਾ ਸਿੰਘ ਭੋਗਲ 93 ਸਾਲ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਿਆ ਹੈ। ਨਾਵਲ, ਕਹਾਣੀ ਅਤੇ ਨਾਟਕ ਤੋਂ ਇਲਾਵਾ ਪੰਜਾਬੀ ਸਾਹਿਤ ਆਲੋਚਨਾ ਤੇ ਇਤਿਹਾਸ ਦੀਆਂ ਦਰਜਨਾਂ ਪੁਸਤਕਾਂ ਦਾ ਰਚੇਤਾ ਭੋਗਲ ਬਹੁਤ ਸੂਝਵਾਨ ਸ਼੍ਰੋਮਣੀ ਸਾਹਿਤਕਾਰ ਤੇ ਬੇਹੱਦ ਨਫੀਸ ਇਨਸਾਨ ਸੀ। ਉਹ 'ਸਿਰਜਣਾ' ਨਾਲ ਇਸਦੇ ਆਰੰਭ ਤੋਂ ਹੀ ਲਗਾਤਾਰ ਜੁੜਿਆ ਰਿਹਾ ਸੀ ਅਤੇ ਸੰਪਾਦਕ 'ਸਿਰਜਣਾ' ਨਾਲ ਉਸਦਾ ਨਿੱਘੇ ਮੋਹ ਦਾ ਰਿਸ਼ਤਾ ਸੀ। ਭੋਗਲ ਦੀ ਵਡਮੁੱਲੀ ਦੇਣ ਨੂੰ ਚੇਤੇ ਕਰਦੇ ਹੋਏ ਅਸੀਂ ਇਸ ਸ਼ਾਨਦਾਰ ਮਨੁੱਖ ਨੂੰ ਆਪਣੀ ਸ਼ਰਧਾ ਭੇਟ ਕਰਦੇ ਹਾਂ।*

# ਫੋਟੋ ਸੈਸ਼ਨ: ਕਹਾਣੀ: ਤੌਕੀਰ ਚੁਗ਼ਤਾਈ

"ਲਗਦਾ ਨਹੀਂ ਹੁਣ ਉਹ ਆਪਣੇ ਪੈਰਾਂ 'ਤੇ ਘਾਰ ਮੁੜ ਕੇ ਆਵੇਗਾ!"

"ਆਪਣੇ ਪੈਰਾਂ 'ਤੇ ਤੁਰ ਕੇ ਗਿਆ ਕਦੋਂ ਸੀ। ਪਰ ਹੁਣ ਤਾਂ ਓਹਦੀ ਹਾਲਤ ਬਹੁਤ ਮਾੜੀ ਏ।"

"ਵੈਸੇ ਵੀ ਛੇ ਮਹੀਨੇ ਹੋਏ ਓਹਦਾ ਟੁਰਨਾ ਫਿਰਨਾ ਤਾਂ ਖ਼ਤਮ ਹੋ ਗਿਆ ਸੀ। ਮੰਜੀ 'ਤੇ ਈ ਰਹਿੰਦਾ ਸੀ। ਹੋ ਸਕਦਾ ਏ ਇਕ ਦੋ ਦਿਨ ਹੋਰ ਕੱਢ ਜਾਏ। ਸੁਣਿਆ ਉਹਦੇ ਹੱਥ ਪੈਰ ਵੀ ਹੁਣ ਸੁੱਜ ਗਏ ਨੇਂ!"

"ਆਹੋ, ਮੈਨੂੰ ਓਹਦੇ ਗੁਆਂਢੀ ਸ਼ਕੀਲ ਨੇ ਦੱਸਿਆ ਏ। ਕਹਿੰਦਾ ਸੀ ਡਾਕਟਰਾਂ ਨੇ ਜਵਾਬ ਦੇ ਛੱਡਿਆ ਏ।"

ਨਈਮ ਨੇ ਮੋਟਰਸਾਈਕਲ ਚਲਾਂਦੇ ਹੋਏ ਨਜ਼ੀਰ ਦੇ ਕੰਨ ਲਾਗੇ ਮੂੰਹ ਕਰਦਿਆਂ ਆਖਿਆ। ਦੋਵੇਂ ਸਿਵਲ ਹਸਪਤਾਲ ਜਾ ਰਹੇ ਸਨ। ਉਨ੍ਹਾਂ ਦੇ ਚਾਚੇ ਦਾ ਪੁੱਤਰ ਜਲੀਲ ਗੁਰਦਿਆਂ ਆਲੇ ਵਾਰਡ ਵਿਚ ਦਾਖ਼ਲ ਸੀ।

"ਗੁਰਦਿਆਂ ਦਾ ਮਰੀਜ਼ ਡਾਈਲਾਇਸਜ਼ 'ਤੇ ਚਲਾ ਜਾਏ ਤਾਂ ਓਹਦੇ ਲਈ ਦੁਆ ਈ ਕੀਤੀ ਜਾ ਸਕਦੀ ਏ, ਪਰ ਕੀ ਕਰੀਏ ਜਾਣਾ ਵੀ ਜ਼ਰੂਰੀ ਏ।" ਨਜ਼ੀਰ ਨੇ ਮੋਟਰਸਾਈਕਲ ਚਲਾਂਦੇ ਹੋਏ ਮੂੰਹ ਪਿੱਛੇ ਮੋੜ ਕੇ ਉਹਨੂੰ ਜ਼ੋਰ ਦੀ ਆਖਿਆ।

"ਨਹੀਂ ਇੰਝ ਨਹੀਂ ਹੁੰਦਾ, ਬਹੁਤੇ ਮਰੀਜ਼ ਤੇ ਡਾਈਲਾਇਸਇਜ਼ ਮਗਰੋਂ ਵੀ ਅੱਠ ਦਸ ਵਰ੍ਹੇ, ਸਗੋਂ ਏਸ ਤੋਂ ਵੀ ਜ਼ਿਆਦਾ ਵੇਲ਼ਾ ਕੱਢ ਜਾਂਦੇ ਨੇ। ਮੈਨੂੰ ਇਕ ਡਾਕਟਰ ਨੇ ਦੱਸਿਆ ਸੀ।" ਨਈਮ ਨੇ ਉਹਨੂੰ ਆਖਿਆ।

"ਹਾਂ, ਪਰ ਸਰਕਾਰੀ ਤੇ ਪ੍ਰਾਈਵੇਟ ਅਸਪਤਾਲਾਂ ਦੇ ਇਲਾਜ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਏ। ਬੰਦੇ ਚੋਖੇ ਹੋਣੇ ਨੇ ਅਸਪਤਾਲ ਵਿਚ।"

"ਤਿੰਨ ਦਿਨ ਤੋਂ ਵਾਟਸਐਪ ਗਰੁੱਪ ਵਿਚ ਫ਼ੋਟੋਆਂ ਸ਼ੇਅਰ ਹੋ ਰਹੀਆਂ ਨੇ। ਸਾਰੇ ਉਸ ਨੂੰ ਵੇਖਣ ਆ ਰਹੇ ਨੇ, ਜੋ ਵੀ ਫ਼ੋਟੋ ਖਿੱਚਦਾ ਏ ਗਰੁੱਪ ਵਿਚ ਸ਼ੇਅਰ ਕਰ ਦਿੰਦਾ ਏ। ਮੈਨੂੰ ਤਾਂ ਵਾਟਸ ਐਪ ਦੀਆਂ ਫ਼ੋਟੋਆਂ ਰਾਹੀਂ ਈ ਉਹਦੀ ਸਿਹਤ ਬਾਰੇ ਪਤਾ ਚਲਦਾ ਰਿਹਾ, ਪਰ ਰੁਝੇਵੇਂ ਪਾਰੋਂ ਉਹਨੂੰ ਵੇਖਣ ਨਾ ਜਾ ਸਕਿਆ।" ਨਜ਼ੀਰ ਨੇ ਉਹਦੀ ਗੱਲ ਦਾ ਜਵਾਬ ਦਿੰਦੇ ਆਖਿਆ।

"ਯਾਰ ਅੱਜ ਕੱਲ੍ਹ ਇੰਨਾ ਟਾਇਮ ਕਿਸ ਕੋਲ਼ ਹੁੰਦਾ ਏ ਕਿ ਓਹ ਬਿਮਾਰਾਂ ਨੂੰ ਵੇਖਦਾ ਫਿਰੇ। ਪਰ ਉਹ ਭਰਾਵਾਂ ਵਰਗਾ ਏ। ਚਾਚੇ ਦਾ ਪੁੱਤਰ ਜੋ ਹੋਇਆ। ਮੈਂ ਵੀ ਵੇਖੀਆਂ ਸਨ ਉਹਦੀ ਬਿਮਾਰੀ ਦੀਆਂ ਸਾਰੀਆਂ ਫ਼ੋਟੋਆਂ, ਇਕ ਬੜੀ ਵਧੀਆ ਫ਼ੋਟੋ ਆਈ ਸੀ।"

"ਕਿਹੜੀ?"

"ਜਿਹਦੇ ਵਿਚ ਉਹ ਹੱਥ ਚੁੱਕ ਕੇ ਕਿਸੇ ਸ਼ੈਅ ਵੱਲ ਇਸ਼ਾਰਾ ਕਰ ਰਿਹਾ ਸੀ।" ਨਈਮ ਨੇ ਆਖਿਆ।

"ਆਹੋ! ਨਿੱਕੀ ਧੀ ਨੂੰ ਸੱਦ ਰਿਹਾ ਸੀ। ਉਹ ਫ਼ੋਟੋ ਮੇਰੇ ਪੁੱਤਰ ਨੇ ਬਣਾਈ ਸੀ।"

"ਅੱਜ ਮੈਂ ਵੀ ਬਣਾਵਾਂ ਗਾ।" ਨਈਮ ਉਤਾਵਲਾ ਜਿਹਾ ਹੋ ਕੇ ਆਖ ਰਿਹਾ ਸੀ।

"ਮੈਂ ਤਿੰਨ ਦਿਨ ਪਹਿਲਾਂ ਆਇਆ ਸਾਂ, ਫ਼ੋਟੋਆਂ ਵੀ ਬਣਾਈਆਂ ਸਨ ਤੇ ਇਕ ਦੋ ਸੈਲਫੀਆਂ ਵੀ ਲਿੱਤੀਆਂ ਸਨ। ਭਾਬੀ ਤੇ ਉਹਦੇ ਬੱਚੇ ਵੀ ਬੈਠੇ ਹੋਏ ਸਨ, ਨਾਲ਼ ਸੋਹਣੀ ਜਿਹੀ ਜਵਾਨ ਨਰਸ ਵੀ ਖਲੋਤੀ ਹੋਈ ਸੀ। ਵੈਸੇ ਸਰਕਾਰੀ ਅਸਪਤਾਲਾਂ ਵਿਚ ਜਵਾਨ ਨਰਸਾਂ ਘੱਟ ਈ ਨਜ਼ਰ ਆਉਂਦੀਆਂ ਨੇ, ਮੈਂ ਪਹਿਲੀ ਵਾਰ ਏਨੀ ਜਵਾਨ ਤੇ ਸੋਹਣੀ ਨਰਸ ਵੇਖੀ ਏ। ਪਿਛਲੀ ਵਾਰ

ਜਦੋਂ ਫੂਫੀ ਬਰਕਤ ਇੱਥੇ ਦਾਖ਼ਲ ਸੀ, ਮੈਂ ਉਹਨੂੰ ਵੇਖਣ ਰੋਜ਼ ਈ ਆਉਂਦਾ ਸਾਂ, ਉਦੋਂ ਸਾਰੀਆਂ ਅੱਧਖੜ ਜਿਹੀਆਂ ਨਰਸਾਂ ਈ ਲੱਗੀਆਂ ਫਿਰਦੀਆਂ ਸਨ। "

"ਬੱਸ ਮੈਨੂੰ ਇੱਥੇ ਈ ਲਾਹ ਛੱਡ, ਤੂੰ ਮੋਟਰਸਾਈਕਲ ਪਾਰਕ ਕਰ ਲੈ, ਫਿਰ ਦੋਵੇਂ ਵਾਰਡ ਵਿਚ ਜਾਂਦੇ ਹਾਂ। " ਨਈਮ ਨੇ ਨਜ਼ੀਰ ਦੇ ਮੋਢੇ 'ਤੇ ਹੱਥ ਧਰਦਿਆਂ ਆਖਿਆ।

ਵਾਰਡ ਵਿਚ ਵੜਦਿਆਂ ਸਾਰ ਈ ਉਨ੍ਹਾਂ ਨੂੰ ਆਪਣੀ ਬਰਾਦਰੀ ਦੇ ਹੋਰ ਪੰਜ ਛੇ ਜੀਅ ਨਜ਼ਰ ਆਏ, ਜਿਹਨਾਂ ਵਿਚ ਜ਼ਨਾਨੀਆਂ ਤੇ ਬੱਚੇ ਵਧੀਕ ਸਨ।

"ਡਾਕਟਰ ਮਨ੍ਹਾ ਵੀ ਕਰਦੇ ਨੇ ਬਹੁਤੇ ਬੰਦੇ ਤੇ ਬੱਚੇ ਮਰੀਜ਼ ਕੋਲ਼ ਲਿਆਣ ਤੋਂ। ਮਰੀਜ਼ ਕੋਲ਼ ਤਾਂ ਇਕ ਬੰਦਾ ਈ ਰਹਿ ਸਕਦਾ ਏ। ਨਾਲੇ ਵਧੀਕ ਬੰਦੇ ਹੋਵਣ ਤਾਂ ਮਰੀਜ਼ ਵੀ ਤੰਗ ਹੁੰਦਾ ਏ। " ਨਜ਼ੀਰ ਨੇ ਬਾਹਰ ਖਲੋਤੇ ਬੰਦਿਆਂ ਵੱਲ ਵੇਖਦਿਆਂ ਆਖਿਆ।

ਦੋਵੇਂ ਅੰਦਰ ਵੜੇ ਤਾਂ ਬਾਹਰ ਖਲੋਤੇ ਬੰਦਿਆਂ ਤੋਂ ਅੱਡ ਚਾਰ ਪੰਜ ਹੋਰ ਬੰਦੇ ਵੀ ਜਲੀਲ ਦੇ ਬੈੱਡ ਦੁਆਲ਼ੇ ਖਲੋਤੇ ਹੋਏ ਸਨ। ਜਲੀਲ ਦੇ ਘਰ ਆਲੀ, ਉਹਦੀਆਂ ਦੋ ਧੀਆਂ ਤੇ ਇਕ ਪੰਜ ਸਾਲ ਦਾ ਪੁੱਤਰ ਵੀ ਬੈੱਡ ਨਾਲ਼ ਜੁੜੇ ਬੈਂਚ 'ਤੇ ਬੈਠਾ ਪਿਆ ਸੀ।

"ਹੁਣ ਕੀ ਹਾਲ ਏ ਇਨ੍ਹਾਂ ਦਾ? ਡਾਕਟਰਾਂ ਨੇ ਕੀ ਆਖਿਆ ਏ ਭਾਬੀ?" ਨਜ਼ੀਰ ਨੇ ਜਲੀਲ ਦੀ ਘਰ ਆਲੀ ਕੋਲ਼ੋਂ ਪੁੱਛਿਆ।

"ਡਾਕਟਰਾਂ ਨੇ ਤਾਂ ਜਵਾਬ ਦੇ ਦਿੱਤਾ ਏ। ਕਹਿੰਦੇ ਇਹਨੂੰ ਘਾਰ ਲੈ ਜਾਓ। ਪਰ ਸੋਚਦੀ ਆਂ, ਘਾਰ ਜਾ ਕੇ ਇਹ ਵੱਲ ਥੋੜ੍ਹੇ ਹੋ ਜਾਣਗੇ। ਕੁਝ ਸਮਝ ਨਹੀਂ ਆਉਂਦੀ। " ਜਲੀਲ ਦੇ ਘਰ ਆਲੀ ਨੇ ਭਾਰੀ ਜਿਹੀ ਆਵਾਜ਼ ਨਾਲ਼ ਨਜ਼ੀਰ ਦੇ ਲਾਗੇ ਆ ਕੇ ਉਹਨੂੰ ਹੌਲ਼ੀ ਜਿਹੀ ਦੱਸਿਆ।

ਜਲੀਲ ਦੀਆਂ ਅੱਖਾਂ ਬੰਦ ਸਨ। ਨਜ਼ੀਰ ਉਹਦੇ ਸਿਰਹਾਣੇ ਟੇਢਾ ਜਿਹਾ ਹੋ ਕੇ ਬੈਠਾ ਤੇ ਮੁਬਾਇਲ ਫ਼ੋਨ ਆਲ਼ਾ ਹੱਥ ਉੱਤੇ ਕਰ ਕੇ ਇਕ ਸੈਲਫੀ ਲੈ ਲਿੱਤੀ। ਫ਼ਿਰ ਫ਼ੋਟੋਆਂ ਆਲ਼ਾ ਫ਼ੋਲਡਰ ਖੋਲ੍ਹ ਕੇ ਨਵੀਂ ਬਣਾਈ ਸੈਲਫੀ ਨੂੰ ਵੇਖਿਆ। ਫ਼ੋਟੋ ਬਹੁਤ ਵਧੀਆ ਬਣੀ ਸੀ। ਓਹਦੇ ਨਾਲ਼ ਜਲੀਲ ਲੇਟਿਆ ਹੋਇਆ ਸੀ ਤੇ ਨਾਲ਼ ਦੇ ਬੈਂਚ 'ਤੇ ਉਹਦੇ ਘਰ ਆਲ਼ੀ ਆਪਣੇ ਧੀਆਂ ਪੁੱਤਰਾਂ ਨਾਲ਼ ਉਦਾਸ ਜਹਿਆ ਮੂੰਹ ਥੱਲੇ ਕਰ ਕੇ ਬੈਠੀ ਹੋਈ ਸੀ। ਨਜ਼ੀਰ ਨੇ ਨਵੀਆਂ ਫ਼ੋਟੋਆਂ ਨੂੰ ਉਸੇ ਵੇਲ਼ੇ ਵਾਟਸਐਪ ਗਰੁੱਪ ਵਿਚ ਸ਼ੇਅਰ ਕਰਦਿਆਂ ਓਹਨਾਂ ਥੱਲੇ ਕੈਪਸ਼ਨ ਦਿੱਤੀ:

'ਹਸਪਤਾਲ ਵਿਚ ਜਲੀਲ ਤੇ ਉਹਦਿਆਂ ਬੱਚਿਆਂ ਨਾਲ਼। ਡਾਕਟਰਾਂ ਨੇ ਜਲੀਲ ਨੂੰ ਜਵਾਬ ਦੇ ਦਿੱਤਾ। ਦੁਆ ਦੀ ਅਪੀਲ ਏ। '

ਨਈਮ ਨੇ ਵੀ ਤਸਵੀਰਾਂ ਬਨਾਣ ਲਈ ਅਪਣਾ ਮੁਬਾਇਲ ਫ਼ੋਨ ਹੱਥ ਵਿਚ ਫੜਿਆ ਹੋਇਆ ਸੀ। ਨੋਟੀਫ਼ਿਕੇਸ਼ਨ ਆਇਆ ਤਾਂ ਉਹਨੇ ਫ਼ੋਟੋ ਵੇਖਦਿਆਂ ਈ ਨਜ਼ੀਰ ਨੂੰ ਆਖਿਆ।

"ਪਈ ਬਹੁਤ ਵਧੀਆ ਫ਼ੋਟੋ ਆਈ ਏ!"

ਜਲੀਲ ਦੇ ਘਰ ਆਲ਼ੀ ਤੇ ਉਹਦੇ ਬੱਚੇ ਬਿੱਟ ਬਿੱਟ ਦੋਹਾਂ ਦਾ ਮੂੰਹ ਵੇਖ ਰਹੇ ਸਨ।

ਨਜ਼ੀਰ ਪਿੱਛੇ ਹਟਿਆ ਤਾਂ ਨਈਮ ਸੈਲਫੀ ਲੈਣ ਲਈ ਜਲੀਲ ਦੇ ਮੋਢੇ ਕੋਲ਼ ਟੇਢਾ ਹੋ ਕੇ ਲੰਮਾ ਪਏ ਗਿਆ। ਉਹਨੇ ਆਖਿਆ।

"ਜੇ ਮੇਰੀ ਸੈਲਫੀ ਤੇਰੇ ਨਾਲੋਂ ਵੱਖ ਹੋਈ ਤਾਂ ਈ ਮਜ਼ਾ ਆਵੇਗਾ। ਦੋਵੇਂ ਇਕੋ ਜਿਹੀਆਂ ਹੋਈਆਂ ਤਾਂ ਕੀ ਫ਼ਾਇਦਾ!"

ਉਹਨੇ ਜਲੀਲ ਦਾ ਹੱਥ (ਜਿਹੜਾ ਬਿਲਕੁਲ ਠੰਢਾ ਸੀ) ਆਪਣੇ ਹੱਥ ਵਿਚ ਫੜ ਕੇ ਏਸ ਢੰਗ ਨਾਲ਼ ਉਤਾਂਹ ਨੂੰ ਕੀਤਾ ਜਿਵੇਂ ਉਹ ਬਿਮਾਰੀ ਨਾਲ਼ ਲੜਨ ਤੇ ਉਹਨੂੰ ਸ਼ਿਕਸਤ ਦੇਵਣ ਲਈ ਤਿਆਰ ਬਰ ਤਿਆਰ ਹੋਵੇ, ਪਹਿਲਾਂ ਨਾਲੋਂ ਚੰਗੀ ਹਾਲਤ ਵਿਚ ਹੋਵੇ ਤੇ ਛੇਤੀ ਵੱਲ ਹੋ ਕੇ ਹਸਪਤਾਲ ਤੋਂ ਨਿਕਲਣ ਦੀ ਆਸ ਰੱਖਦਾ ਹੋਵੇ।

ਉਹਨੇ ਵੀ ਆਪਣੀ ਸੈਲਫੀ ਵਾਟਸਐਪ 'ਤੇ ਸ਼ੇਅਰ ਕਰਦਿਆਂ ਫ਼ੋਟੋ ਹੇਠਾਂ ਕੈਪਸ਼ਨ ਲਿਖੀ:

'ਜਲੀਲ ਦੀ ਹਾਲਤ ਹੁਣ ਪਹਿਲੇ ਨਾਲੋਂ ਵਧੀਆ। '

ਇੰਨੇ ਚਿਰ ਨੂੰ ਇਕ ਅੱਧਖੜ ਜਿਹੀ ਨਰਸ ਵਾਰਡ ਵਿਚ ਵੜੀ ਤੇ ਕਹਿਣ ਲੱਗੀ, "ਮਰੀਜ਼ ਨੂੰ ਮਿਲਣ ਦਾ ਟਾਇਮ ਇਕ ਘੰਟਾ ਹੁੰਦਾ ਏ। ਪੰਜ ਵੱਜ ਗਏ ਨੇ, ਟਾਇਮ ਮੁੱਕ ਗਿਆ। ਇਕ ਬੰਦਾ ਮਰੀਜ਼ ਕੋਲ਼ ਰਹਿ ਜਾਏ, ਦੂਜੇ ਵਾਰਡ ਤੋਂ ਬਾਹਰ ਚਲੇ ਜਾਣ!"

ਜਲੀਲ ਦੇ ਘਰ ਆਲ਼ੀ ਬੈੱਡ 'ਤੇ ਓਹਦੇ ਕੋਲ਼ ਬੈਠ ਗਈ। ਜਲੀਲ ਦੀਆਂ ਅੱਖਾਂ ਬੰਦ ਤੇ ਓਹਦੇ ਹੱਥ ਪੈਰ ਠੰਢੇ ਸਨ। ਸਾਰੇ ਰਿਸ਼ਤੇਦਾਰ ਆਪਣੇ ਆਪਣੇ ਘਰ ਚਲੇ ਗਏ ਸਨ। ਓਹਦੇ ਬੱਚੇ ਵੀ ਵਾਰਡ ਤੋਂ ਬਾਹਰ ਵੇਟਿੰਗ ਰੂਮ ਵਿਚ ਆ ਗਏ ਸਨ।

ਨਰਸ ਨੇ ਡਿਊਟੀ 'ਤੇ ਆਂਦੇ ਈ ਜਲੀਲ ਦਾ ਬਲੱਡ ਪ੍ਰੈਸ਼ਰ ਚੈੱਕ ਕੀਤਾ, ਅੱਖਾਂ ਖੋਲ੍ਹ ਕੇ ਵੇਖੀਆਂ, ਨਬਜ਼ ਚੈੱਕ ਕੀਤੀ ਤੇ ਫ਼ਿਰ ਓਹਦੇ ਘਰ ਆਲ਼ੀ ਨੂੰ ਹੌਲ਼ੀ ਜਹੀ ਆਖਿਆ।

"ਇਨ੍ਹਾਂ ਦਾ ਵੱਡਾ ਪੁੱਤਰ ਜਾਂ ਭਰਾ?"

"ਭਰਾ ਤਾਂ ਕੋਈ ਨਹੀਂ, ਪੰਜ ਵਰ੍ਹਿਆਂ ਦਾ ਪੁੱਤ ਆਪਣੀ ਭੈਣਾਂ ਨਾਲ਼ ਬਾਹਰ ਬੈਂਚ 'ਤੇ ਬੈਠਾ ਹੋਣਾ।"

"ਤੇ ਤੁਸੀਂ?"

"ਮੈਂ ਇਨ੍ਹਾਂ ਦੇ ਘਰ ਆਲ਼ੀ ਆਂ।"

"ਮੈਨੂੰ ਇਹ ਗੱਲ ਦੱਸਦਿਆਂ ਬੜਾ ਦੁੱਖ ਹੋ ਰਿਹਾ ਏ ਕਿ ਤੁਹਾਡੇ ਬੱਚਿਆਂ ਦਾ ਪਿਓ ਹੁਣ ਏਸ ਦੁਨੀਆ 'ਤੇ ਨਹੀਂ ਰਿਹਾ।" ਨਰਸ ਨੇ ਓਹਦੇ ਮੋਢੇ 'ਤੇ ਹੱਥ ਰੱਖਦਿਆਂ ਹੌਲ਼ੀ ਜਿਹੀ ਆਖਿਆ।

ਜਲੀਲ ਦੇ ਘਰ ਆਲ਼ੀ ਦੀਆਂ ਅੱਖਾਂ, ਜੋ ਜਗਰਾਤੇ ਕੱਟ ਕੱਟ ਤੇ ਰੋ ਰੋ ਕੇ ਪਹਿਲਾਂ ਈ ਸੁੱਜੀਆਂ ਹੋਇਆਂ ਸਨ, ਇਕ ਵਾਰ ਫਿਰ ਭਿੱਜ ਗਈਆਂ ਤੇ ਓਹਨੇ ਨਰਸ ਨੂੰ ਆਖਿਆ, "ਜਦੋਂ ਡਾਕਟਰਾਂ ਨੇ ਜਵਾਬ ਦਿੱਤਾ ਸੀ ਮੇਰੀ ਆਸ ਤਾਂ ਉਦੋਂ ਈ ਟੁੱਟ ਗਈ ਸੀ ਪਰ ਕੀ ਕਰਦੀ ਬੱਚਿਆਂ ਨੂੰ ਝੂਠੀਆਂ ਤਸੱਲੀਆਂ ਦਿੰਦੀ ਰਹੀ, ਮੈਥੋਂ ਉਨ੍ਹਾਂ ਦਾ ਰੌਣਾ ਨਹੀਂ ਵੇਖਿਆ ਜਾਂਦਾ। ਮੈਨੂੰ ਪਤਾ ਏ ਜਦੋਂ ਕਿਸੇ ਦੇ ਗੁਰਦੇ ਫ਼ੇਲ੍ਹ ਹੋ ਜਾਣ ਤਾਂ ਉਹ ਬਹੁਤਾ ਚਿਰ ਨਹੀਂ ਜੀਅ ਸਕਦਾ।"

ਘਰ ਆਲ਼ੇ ਦੀ ਮੀਯਤ ਦਾ ਮੂੰਹ ਕਜ ਕੇ ਉਹ ਵਾਰਡ 'ਚੋਂ ਬਾਹਰ ਆਈ ਤਾਂ ਉਹਦੀਆਂ ਧੀਆਂ ਆਪਣੇ ਭਰਾ ਨੂੰ ਗੋਦੀ ਵਿਚ ਲੈ ਕੇ ਬੈਂਚ 'ਤੇ ਬੈਠੀਆਂ ਹੋਈਆਂ ਸਨ। ਓਹਨੇ ਦੋਹਾਂ ਧੀਆਂ ਨੂੰ ਗਲਵਕੜੀ ਪਾਈ ਤੇ ਰੋਂਦੇ ਹੋਏ ਆਖਿਆ, "ਤੁਹਾਡਾ ਪਿਓ ਤੁਹਾਨੂੰ ਛੱਡ ਗਿਆ ਏ।"

ਨਿੱਕੀ ਕੁੜੀ ਨੇ ਮਾਂ ਨੂੰ ਰੋਂਦੇ ਹੋਏ ਆਖਿਆ, "ਅੰਮੀ ਅਸੀਂ ਯਤੀਮ ਹੋ ਗਏ ਆਂ।"

"ਆਹੋ ਤੇ ਮੈਂ ਰੰਡੀ।" ਉਹਨੇ ਵੱਡੀ ਧੀ ਨੂੰ ਗਲ਼ ਨਾਲ਼ ਲਾ ਕੇ ਡਸਕੋਰੇ ਭਰਦਿਆਂ ਆਖਿਆ।

ਭੈਣਾਂ ਨੇ ਸੁੱਤੇ ਹੋਏ ਭਰਾ ਨੂੰ ਗੋਦੀ ਵਿਚੋਂ ਕੱਢ ਕੇ ਬੈਂਚ 'ਤੇ ਲੰਮਿਆਂ ਪਾਇਆ ਤੇ ਮਾਂ ਨਾਲ਼ ਵਾਰਡ ਵਿਚ ਵੜਦੇ ਸਾਰ ਪਿਓ ਦੀ ਮੀਯਤ ਨਾਲ਼ ਚਮੜ ਕੇ ਰੌਣ ਲੱਗ ਪਈਆਂ। ਨਰਸ ਨੇ ਹਸਪਤਾਲ ਦਾ ਇਕ ਫ਼ਾਰਮ ਉਹਨੂੰ ਦਿੰਦੇ ਆਖਿਆ, "ਏਸ ਫ਼ਾਰਮ 'ਤੇ ਦਸਤਖ਼ਤ ਕਰ ਕੇ ਤੁਸੀਂ ਇਨ੍ਹਾਂ ਦੀ ਮੀਯਤ ਘਰ ਲੈ ਜਾ ਸਕਦੇ ਓ। ਵਾਰਡ ਦੇ ਬਾਹਰ ਐਂਬੋਲੀਨਸ ਖੜੋਤੀ ਹੋਈ ਏ।"

ਛੋਟੀ ਕੁੜੀ ਨੇ ਆਪਣੇ ਪਰਸ ਵਿਚੋਂ ਮੁਬਾਇਲ ਫ਼ੋਨ ਕੱਢਿਆ। ਉਹ ਆਪਣੇ ਪਿਓ ਦੀ ਅਖ਼ੀਰਲੀ ਫ਼ੋਟੋ ਖਿੱਚਣਾ ਚਾਹੁੰਦੀ ਸੀ।

ਵੱਡੀ ਭੈਣ ਨੇ ਅੱਗੇ ਵਧ ਕੇ ਉਹਦੇ ਹੱਥ 'ਚੋਂ ਮੁਬਾਇਲ ਲੈਂਦਿਆਂ ਆਖਿਆ, "ਦੋ ਤਿੰਨ ਦਿਨਾਂ ਤੋਂ ਸਾਡੇ ਪਿਓ ਦੇ ਫ਼ੋਟੋ ਸੈਸ਼ਨ ਹੋ ਰਹੇ ਨੇ, ਹੁਣ ਬੱਸ ਕਰ ਦੇ। ਅਸਾਂ ਪਿਓ ਦੇ ਬਿਮਾਰ ਤੇ ਪੀਲੇ ਮੂੰਹ ਦੀਆਂ ਫ਼ੋਟੋਆਂ ਦਾ ਕੀ ਕਰਨਾ ਐਂ। ਇਨ੍ਹਾਂ ਦੇ ਹੱਸਦੇ ਖਿੜਦੇ ਮੂੰਹ ਦੀਆਂ ਫ਼ੋਟੋਆਂ ਤਾਂ ਨਿੱਕੇ ਹੁੰਦਿਆਂ ਤੋਂ ਸਾਡੇ ਦਿਲ ਦੇ ਐਲਬਮ ਵਿਚ ਲੱਗੀਆਂ ਹੋਈਆਂ ਨੇ ਜੋ ਸਦਾ ਲੱਗੀਆਂ ਰਹਿਣਗੀਆਂ।" ਓਹਨੇ ਰੋਂਦੀ ਹੋਈ ਭੈਣ ਨੂੰ ਖਿੱਚ ਕੇ ਆਪਣੇ ਸੀਨੇ ਨਾਲ਼ ਲਾ ਲਿਆ। 000

***(LS 6, Block 14, Tulip Street, Gulistan E Johar***
***KARACHI-43, Pakistan )***

## ਐਨ ਅਫੇਅਰ: ਕਹਾਣੀ: ਰਮਨਦੀਪ ਵਿਰਕ

ਉਹਨੂੰ ਯਾਦ ਕਰ ਰਿਹਾਂ, ਬੁਰੀ ਤਰ੍ਹਾਂ ਮਿੱਸ ਕਰਦਾ ਪਿਆਂ। ਮੈਂ ਖ਼ੁਦ ਹੈਰਾਨ ਹਾਂ। ਮੈਂ ਕਦੇ ਕਿਸੇ ਨੂੰ ਮਿੱਸ ਨਹੀਂ ਕੀਤਾ, ਸਗੋਂ ਮੈਂ ਤਾਂ ਚਿੜ ਜਾਨਾਂ ਜਦੋਂ ਵਾਰ ਵਾਰ ਮੈਨੂੰ ਫੋਨ ਜਾਂ ਮੈਸਜ ਆਉਣ ਲੱਗਦੇ ਐ। ਮੈਥੋਂ ਜ਼ਬਰਦਸਤੀ ਦਾ ਇਸ਼ਕ ਸੰਭਾਲ਼ਿਆ ਹੀ ਨਹੀਂ ਜਾਂਦਾ। ਬੰਦੇ ਤਾਂ ਸਾਲ਼ੇ ਹੁੰਦੇ ਈ ਠਰਕੀ ਐ, ਪਰ ਆਹ ਔਰਤਾਂ ਤੇ ਕੁੜੀਆਂ ਨੂੰ ਕੀ ਆਖਾਂ!

ਹੱਦ ਆ ਯਾਰ!!

ਕੀਹਦੀ ਕੀਹਦੀ ਗੱਲ ਕਰਾਂ! ਪਰ ਅੱਜ ਮੈ ਹੋਰ ਕਿਸੇ ਦੀ ਗੱਲ ਨਹੀਂ ਕਰਨੀ। ਗੱਲ ਤਾਂ ਉਸੇ ਦੀ ਹੋਵੇਗੀ ਜਿਸ ਦੀ ਹਰ ਗੱਲ ਵਿਚ ਇਕ ਗੱਲ ਐ।

ਮੈਂ ਉਲ਼ਝਿਆ ਜਿਹਾ ਬੰਦਾਂ। ਮੈਨੂੰ ਕੋਈ ਹੋਰ ਕੀ ਫਰੋਲ਼ ਸਕਦਾ! ਕੀ ਸੁਲ਼ਝਾਅ ਸਕਦਾ! ਐਵੇਂ ਜਜ਼ਬਾਤੀ ਜਿਹੀਆਂ ਗੱਲਾਂ ਕਰਕੇ ਔਰਤਾਂ ਨੂੰ ਫੁਸਲ਼ਾਅ ਲੈਨਾਂ। ਤੇ ਉਹ ਔਰਤਾਂ ਪਤਾ ਨਹੀਂ ਜਾਣ ਬੁੱਝ ਕੇ ਹੀ ਬਹਿਕ ਜਾਂਦੀਆਂ ਜਾਂ ਸੱਚੀਂ ਮੇਰਾ ਹੁਨਰ ਐ ਇਹ।

ਚਲੋ ਮੈਂ ਕਿਉਂ ਸੋਚਾਂ!

ਪਰ ਯਾਰ!

ਮੈਂ ਖ਼ੁਦ ਜੋ ਸ਼ਰੀਫ ਨਹੀਂ, ਉਹਦੇ ਸਾਹਮਣੇ ਨਿਹਾਇਤ ਭਲਾ-ਮਾਣਸ ਕਿਵੇਂ ਬਣ ਜਾਨਾਂ!

ਇਹ ਗੱਲ ਮੈਨੂੰ ਹੁਣ ਮਹਿਸੂਸ ਹੁੰਦੀ ਐ। ਉਹਦੇ ਨਾਲ਼ ਹੁੰਦਿਆਂ ਮੈਨੂੰ ਆਪਣਾ ਬੰਦਾ ਹੋਣਾ ਚੰਗਾ ਲੱਗਣ ਲੱਗ ਪੈਂਦਾ।

ਮੈਂ ਕਿਵੇਂ ਤੇ ਕਿੱਥੇ ਮਿਲ਼ਿਆ ਸੀ ਉਹਨੂੰ! ਯਾਦ ਕਰਨ ਲਗਦਾਂ।

ਪਰ ਇਸ 'ਚ ਯਾਦ ਕਰਨ ਦੀ ਕੀ ਲੋੜ ਆ। ਪਤਾ ਤਾਂ ਹੈ ਮੈਨੂੰ।

ਜਿਸ ਤਰ੍ਹਾਂ ਐਨੀਆਂ ਸਾਰੀਆਂ ਹੋਰ ਕੁੜੀਆਂ ਤੇ ਔਰਤਾਂ ਨੂੰ ਮਿਲ਼ਦਾਂ ਉਵੇਂ, ਹੀ ਉਹਨੂੰ ਵੀ ਮਿਲ਼ਿਆ ਸੀ।

ਮੇਰੇ ਕੋਲ਼ ਤਾਂ ਆਪਣਾ ਉਹੀ ਇਕੋ ਜਾਲ਼ ਐ ਵਿਛਾਉਣ ਲਈ, ਜਿਸ 'ਚ ਕਮ ਅਕਲ ਜਲਦ ਹੀ ਫਸ ਜਾਂਦੀਆਂ। ਵੈਸੇ ਫਸ ਤਾਂ ਅਕਲ ਵਾਲ਼ੀਆਂ ਵੀ ਜਾਂਦੀਆਂ। ਫਿਰ ਉਸਤੋਂ ਬਾਅਦ ਮੇਰਾ ਕੰਮ ਆਸਾਨ ਹੋ ਜਾਂਦਾ। ਚੁਆਇਸ ਹੁੰਦੀ ਐ ਫਿਰ ਮੇਰੇ ਕੋਲ਼, ਕਿਸਨੂੰ ਕੋਲ਼ ਬੁਲਾਉਣਾ ਤੇ ਕਿਸਨੂੰ ਸਿਰਫ ਫੋਨ 'ਤੇ ਗੱਲਾਂ ਮਾਰਕੇ ਵਿਦਾ ਕਰ ਦੇਣਾ। ਇਹ ਔਰਤਾਂ ਵੀ ਨਾ ਪਤਾ ਨਹੀਂ ਕੀ ਖਾਂਦੀਆਂ! ਕਿੰਨੀ ਅੱਗ ਹੁੰਦੀ ਇਹਨਾਂ 'ਚ! ਹਰ ਇਕ ਦੀ ਅੱਗ ਤਾਂ ਨਹੀਂ ਨਾ ਬੁਝਾ ਸਕਦਾ ਮੈਂ!

ਵੈਸੇ ਮੇਰੇ ਲਈ ਤਾਂ ਮੈਨੂੰ ਕੋਈ ਵੀ ਨਹੀਂ ਮਿਲ਼ਦੀ। ਸਭ ਆਪਣੀ ਭੁੱਖ ਜਾਂ ਆਪਣੇ ਈ ਰੋਣੇ ਲੈ ਕੇ ਆ ਹਾਜ਼ਰ ਹੁੰਦੀਆਂ। ਕੁਝ ਤਾਂ ਆਉਂਦੀਆਂ ਈ ਕਹਿਣ ਗੀਆਂ, "ਬੱਸ ਅੱਧਾ ਘੰਟਾ ਈ ਆ ਮੇਰੇ ਕੋਲ਼, ਫਿਰ ਮੈ ਜਾਣਾਂ।"

ਤੇ ਕਈ ਮੈਨੂੰ ਚਾਹ ਪਾਣੀ ਪਿਆਉਣ ਦੀ ਫਾਰਮੈਲਟੀ ਵੀ ਨਹੀਂ ਕਰਨ ਦਿੰਦੀਆਂ। ਤੇ ਕਿਸੇ ਕੋਲ਼ ਵੀਕ ਐਂਡ ਹੁੰਦਾ। ਪੂਰੇ ਦੋ ਦਿਨ ਤੇ ਇਕ ਰਾਤ।

ਮੇਰਾ ਫਿਕਸ ਐ। ਪੁੱਛ ਲੈਨਾਂ ਕਿ ਦੱਸ ਭਾਈ ਘੁੰਮਣ ਜਾਣਾ? ਫਿਲਮ ਦੇਖਣੀ ਜਾਂ ਘਰੇ ਈ ਰਹਿਣਾ?

ਅਗਲੀ ਦੱਸ ਦਿੰਦੀ ਐ। ਤੇ ਆਪਾਂ ਉਸੇ ਹਿਸਾਬ ਨਾਲ਼ ਪਰੈਜ਼ੈਂਟੇਸ਼ਨ ਦੇ ਦੇਈ ਦੀ ਐ।

ਪਰ ਉਹ? ਉਹ ਮੇਰੇ ਜਾਲ 'ਚ ਫਸੀ ਹੀ ਕਦੋਂ! ਉਹ ਤਾਂ ਜਾਲ਼ ਨੂੰ ਕੱਟਣ ਆਈ ਸੀ। ਤੇ

ਬੁਰੀ ਤਰ੍ਹਾਂ ਕੱਟ ਗਈ। ਉਹਦੇ ਲਈ ਕਿਸੇ ਜਾਲ਼ ਦੀ ਜ਼ਰੂਰਤ ਹੀ ਨਹੀਂ ਹੁਣ।

ਉਹ ਤਾਂ ਮੈਨੂੰ ਸਮਝਾਊ, "ਆਪਣੇ ਆਪ ਨੂੰ ਐਨਾ ਆਸਾਨ ਨਹੀਂ ਬਣਾਈਦਾ ਹੁੰਦਾ ਸਾਰੀਆਂ ਲਈ ਕਿ ਜੋ ਜੀਅ ਆਵੇ ਸੋ ਰਾਜ਼ੀ ਜਾਵੇ। ਔਰਤ ਵਾਂਗ ਇੱਜ਼ਤ ਤਾਂ ਮਰਦ ਦੀ ਵੀ ਹੁੰਦੀ ਐ ਪਰ ਉਹ ਮੰਨਦਾ ਨਹੀਂ।

ਨਾਲ਼ੇ ਤੂੰ ਅੱਕਦਾ ਨਹੀਂ?"

ਮੈ ਹੱਸ ਪੈਨਾਂ। ਮੇਰੇ ਅੰਦਰਲਾ ਮਰਦ ਕਹਿਣਾ ਤਾਂ ਬਹੁਤ ਕੁਝ ਚਾਹੁੰਦਾ ਪਰ ਉਸ ਵੇਲ਼ੇ ਉਹਦੇ ਸਾਹਮਣੇ ਖਾਮੋਸ਼ ਹੋ ਜਾਂਦਾ।ਉਹ ਕੋਲਡ ਕੌਫੀ ਦੀ ਸ਼ੌਕੀਨ ਐ। ਮੈਂ ਉਹਦੀ ਪੇਸ਼ਕਸ਼ ਕਰਦਾਂ। ਪਰ ਉਹ ਮਰਜ਼ੀ ਦੀ ਮਾਲਕ ਐ। ਮੇਰੀ ਪੇਸ਼ਕਸ਼ ਠੁਕਰਾ ਕੇ ਆਪਣੀ ਨਵੀਂਓ ਕਹਾਣੀ ਛੇੜ ਲਊ।

"ਪਤਾ ਕੀ ਹੋਇਆ? ਪਰਸੋ ਮੇਰੇ ਗੁਆਂਢੀ ਨਾ ਨਵਾਂ ਕੁੱਤਾ ਲਿਆਏ। ਸਾਰਾ ਟੱਬਰ ਜਿਵੇਂ ਪਾਗ਼ਲ ਹੋਇਆ ਫਿਰਦਾ। ਕੋਈ ਉਹਦਾ ਕੰਬਲ਼ ਵਿਛਾਊ, ਕੋਈ ਉਹਦੇ ਲਈ ਨਵੇਂ ਭਾਂਡੇ ਚੱਕੀ ਆਉਂਦਾ ਤੇ ਕੋਈ ਉਹਦੇ ਲਈ ਪੈਡੀਗਿਰੀ ਦਾ ਡੱਬਾ। ਤੇ ਜਦੋਂ ਘਰੇ ਕੋਈ ਦਿਹਾੜੀਆ ਲਾਇਆ ਹੁੰਦਾ ਉਹਨੂੰ ਚਾਹ ਵੀ ਪੁੱਛ ਕੇ ਦਿੰਦੇ ਆ, "ਚਾਹ ਪੀਵੇਂਗਾ? ਬਣਾ ਦਿਆਂ? ਕੋਈ ਪੁੱਛੇ ਬਈ ਸਵੇਰ ਦਾ ਲੱਗਿਆ ਅਗਲਾ ਚਾਹ ਕੀ ਜੇ ਕੁਝ ਨਾਲ਼ ਖਾਣ ਨੂੰ ਵੀ ਦੇ ਦਿਉਂਗੇ ਕਿਹੜਾ ਅਗਲਾ ਜੁਆਬ ਦਿੰਦਾ ਪਰ ਕਹੇ ਕੌਣ! ਮਸਾਂ ਮਸਾਂ ਹੋਏ ਅਮੀਰ।ਯੇ... ਵੋਹ...।"

... ... ...

ਤੇ ਇਕ ਦਿਨ ਕਹਿੰਦੀ, "ਮੇਰੀ ਇਕ ਸਹੇਲੀ ਐ। ਬਹੁਤ ਹੀ ਸਮਝਦਾਰ ਤੇ ਕੇਅਰਿੰਗ ਜਿਹੀ ਪਰ ਵਿਚਾਰੀ ਨਾਲ਼ ਧੋਖਾ ਹੋਇਆ। ਉਹਦਾ ਵਿਆਹ ਘਰਦਿਆਂ ਨੇ ਗ਼ਰੀਬੀ ਕਰਕੇ ਜਲਦਬਾਜ਼ੀ 'ਚ ਕਰ ਦਿੱਤਾ। ਪੰਜ ਸਾਲ ਹੋ ਗਏ ਨੇ ਵਿਆਹੀ ਨੂੰ। ਕੋਈ ਬੱਚਾ ਨਹੀਂ ਹੋਇਆ। ਹੋ ਵੀ ਨਹੀਂ ਸਕਦਾ। ਘਰਵਾਲ਼ਾ ਹੀ ਠੀਕ ਨਹੀਂ। ਤੇ ਸੱਸ ਉਹਨੂੰ ਉਹਦੇ ਦਿਓਰ ਕੋਲ਼ 'ਕੱਲੀ ਨੂੰ ਛੱਡ ਕੇ ਕਦੇ ਪੇਕੇ ਚਲੀ ਜਾਂਦੀ ਤੇ ਕਦੇ ਕਿਧਰੇ ਹੋਰ।ਇਕ ਦਿਨ ਉਹਨੇ ਦਿਓਰ ਦੇ ਥੱਪੜ ਮਾਰ ਦਿੱਤਾ, ਹੱਥ ਪਾਉਣ ਲੱਗਾ ਸੀ ਉਹਨੂੰ। ਜਦੋਂ ਗੱਲ ਨਹੀਂ ਬਣੀ ਤਾਂ ਉਹਨੂੰ ਕਹਿੰਦਾ ਆਹ ਡੰਗਰ ਜੇ੍ਹ ਤੋਂ ਕੀ ਭਾਲ਼ਦੀ ਐਂ? ਇਹ ਤਾਂ ਬਿਜਲੀਆਂ ਲੁਆ ਕੇ ਆਇਆ ਡਾਕਟਰ ਤੋਂ। ਨਾ ਦਿਮਾਗ ਕੰਮ ਦਾ ਨਾ 'ਕੁਝ' ਹੋਰ।

ਪਰ ਉਹ ਵਿਚਾਰੀ ਮਾਪਿਆਂ ਨੂੰ ਕੁਝ ਦੱਸਦੀ ਨੀ ਤੇ ਆਪਣੀ ਮਾਸਟਰਨੀ ਸੱਸ ਦਾ ਗੋਲਪੁਣਾ ਜਿਹਾ ਕਰਦੀ ਰਹਿੰਦੀ ਐ ਸਾਰਾ ਦਿਨ। ਪਰ ਹੈ ਬਹੁਤ ਹੀ ਪਿਆਰੀ ਤੇ ਸਮਝਦਾਰ ਕੁੜੀ। ਪਰ ਇਹ ਕੋਈ ਜ਼ਿੰਦਗੀ ਤਾਂ ਨਹੀਂ!

ਪਰ ਮੇਰੇ ਕਹਿਣ, ਸਮਝਾਉਣ ਕਰਕੇ ਹੁਣ ਉਹ ਪੇਕੇ ਚਲੀ ਗਈ ਤੇ ਡਾਇਵੋਰਸ ਅਪਲਾਈ ਕਰ ਦਿੱਤਾ। ਜੇ ਤੂੰ ਚਾਹੇ ਤਾਂ ਮੈ ਤੇਰੇ ਨਾਲ਼ ਉਹਦੇ ਰਿਸ਼ਤੇ ਦੀ ਗੱਲ ਕਰ ਲੈਂਦੀ ਹਾਂ।"

ਮੈਂ ਕੋਈ ਜੁਆਬ ਨਹੀਂ ਦਿੰਦਾ।

ਪਤਾ ਨਹੀਂ ਕਿਉਂ ਮੈਂ ਉਹਦੀਆਂ ਗੱਲਾਂ, ਜੋ ਮੇਰਾ ਮਸਲਾ ਜਾਂ ਦਿਲਚਸਪੀ ਨਹੀਂ, ਸੁਣਦਾ ਰਹਿੰਨਾਂ ਚੁੱਪ ਚਾਪ। ਉਹ ਕਈ ਕੁਝ ਰਲ਼ਵਾਂ ਮਿਲ਼ਵਾਂ ਜਿਹਾ ਸੁਣਾ ਕੇ ਫਿਰ ਮੈਨੂੰ ਪੁੱਛੂ, "ਤੂੰ ਬੋਰ ਤਾਂ ਨਹੀਂ ਹੁੰਦਾ?"

"ਨਹੀਂ ਬਿਲਕੁਲ ਵੀ ਨਹੀਂ," ਮੈਂ ਸੱਚ ਹੀ ਕਹਿ ਦਿੰਨਾਂ। ਪਰ ਫਿਰ ਉਹ ਜਲਦੀ ਟੌਪਿਕ ਬਦਲ ਦਿੰਦੀ ਐ। ਜਿਵੇਂ ਉਹਨੂੰ ਲੱਗਦਾ ਹੋਵੇ ਕਿ ਮੈ ਬੋਰ ਹੋ ਗਿਆ ਹੋਵਾਂ। ਇਹ ਉਹਦੀ ਖ਼ਾਸੀਅਤ ਐ।

ਮੈ ਸੋਚਦਾਂ ਕਿ ਜੇ ਇਹ ਮੈਨੂੰ ਮੇਰੇ ਸੋਹਣੇ ਵਕਤ 'ਚ ਮਿਲ਼ੀ ਹੁੰਦੀ ਤਾਂ ਮੈ ਵਿਆਹ ਕਰਵਾ

ਲੈਂਦਾ।

ਖ਼ੈਰ ਵਕਤ ਤਾਂ ਮੇਰਾ ਹੁਣ ਵੀ ਸੋਹਣਾ ਈ ਐ। ਪ੍ਰਾਪਰਟੀ ਐਡਵਾਈਜ਼ਰ ਹੋਣ ਦੇ ਨਾਲ਼ ਨਾਲ਼ ਮੈਂ ਮਿਊਜ਼ਿਕ ਦੀਆਂ ਟਿਊਸ਼ਨਜ਼ ਵੀ ਦਿੰਦਾ ਹਾਂ। ਬਹੁਤ ਔਰਤਾਂ ਆਪਣੇ ਬੱਚਿਆਂ ਨੂੰ ਹਾਰਮੋਨੀਅਮ ਤੇ ਗਿਟਾਰ ਸਿਖਾਉਣ ਲਈ ਮੈਨੂੰ ਮਿਲ਼ਦੀਆਂ ਨੇ।

ਮੇਰਾ ਬਹੁਤ ਵਧੀਆ ਚੱਲ ਰਿਹਾ ਪੈਸੇ ਪੱਖੋਂ। ਪਰ ਜ਼ਿੰਦਗੀ 'ਚ ਕਦੇ ਕੋਈ ਢੰਗ ਦੀ ਔਰਤ ਨਹੀਂ ਮਿਲ਼ੀ, ਜਿਸ ਨਾਲ਼ ਲੰਬੀ ਪਾਰੀ ਖੇਡ ਸਕਾਂ। ਵਿਆਹ ਵੀ ਲੰਬੀ ਪਾਰੀ ਹੀ ਹੁੰਦਾ ਜੇ ਚੰਗਾ ਸਾਥੀ ਮਿਲ਼ ਜਾਵੇ। ਪਰ... ਚਲੋ ਹੁਣ ਤਾਂ ਜਿਵੇਂ ਵਿਆਹ ਵਾਲ਼ਾ ਚਾਅ ਈ ਮਰ ਗਿਐ। ਸਹੀ ਮੈਚ ਨਾ ਮਿਲਣ ਕਾਰਨ ਕਈ ਵਾਰ ਜ਼ਿੰਦਗੀ ਸਾਡੇ ਸਾਰੇ ਉਤਸ਼ਾਹ ਖਤਮ ਕਰ ਦਿੰਦੀ ਐ, ਮੇਰੇ ਨਾਲ਼ ਵੀ ਤਾਂ ਇਉਂ ਹੀ ਹੋਇਆ। ਤੇ ਉਹ!

ਮੈ ਕਈ ਦਫ਼ਾ ਉਹਨੂੰ ਆਪਣੀ ਲਾਈਫ਼ ਹਿਸਟਰੀ ਦੱਸ ਚੁੱਕਿਆਂ ਤੇ ਮੇਰੇ ਵਰਤਮਾਨ ਬਾਰੇ ਵੀ ਉਹ ਸਭ ਜਾਣਦੀ ਹੈ। ਇਸੇ ਕਰਕੇ ਉਹ ਮੈਨੂੰ ਵਾਰ ਵਾਰ ਵਿਆਹ ਦੇ ਚੱਕਰ 'ਚ ਪੈਣ ਨਾਲ਼ੋਂ ਕਿਸੇ ਇਕ ਖ਼ਾਸ ਰਿਸ਼ਤੇ ਨੂੰ ਖ਼ਾਸੀਅਤ ਨਾਲ਼ ਨਿਭਾਅ ਲੈਣ ਦੀ ਗੱਲ 'ਤੇ ਜ਼ਿਆਦਾ ਜ਼ੋਰ ਦਿੰਦੀ ਐ।

ਬੜੇ ਆਰਾਮ ਨਾਲ਼ ਕਹੂ, "ਤੈਨੂੰ ਨਾ ਕੋਈ ਅਜਿਹੀ ਔਰਤ ਚਾਹੀਦੀ ਐ ਜੋ ਤੈਨੂੰ ਘਰ ਵਰਗਾ ਸੁਖ ਦੇਵੇ। ਤੇਰੀ ਉਡੀਕ ਕਰੇ, ਤੇਰੇ ਲਈ ਉਹ ਸਭ ਕਰੇ ਜੋ ਅੱਜ ਤਕ ਤੈਨੂੰ ਮਿਲ਼ਿਆ ਨਹੀਂ... ਸਕੂਨ। ਤੇ ਅਜਿਹੇ ਸਾਥ ਲਈ ਤੈਨੂੰ ਬਹੁਤ ਹਾਈ ਫਾਈ ਜਾਂ ਸ਼ਕਲੋਂ ਸੁਨੱਖੀਆਂ ਔਰਤਾਂ ਦੀ ਭੀੜ 'ਚ ਘਿਰਨ ਦੀ ਲੋੜ ਨਹੀਂ। ਕੋਈ ਲੋੜਵੰਦ ਤੇ ਸਮਝਦਾਰ ਜਿਹੀ ਜੋ ਥੋੜ੍ਹੇ ਜਿਹੇ ਪਿਆਰ, ਧਿਆਨ ਤੇ ਥੋੜ੍ਹੀ ਜਿਹੀ ਇੱਜ਼ਤ ਨਾਲ਼ ਹੀ ਅੰਦਰ ਤਕ ਰੱਜ ਜਾਂਦੀ ਹੋਵੇ, ਤੇ ਜੇ ਇਹੋ ਜਿਹੀ ਸੱਚੀਂ ਮਿਲ਼ ਗਈ ਤਾਂ ਵਿਆਹ ਵੀ ਕਰਵਾ ਲਈਂ ਉਹਦੀ ਖ਼ੁਸ਼ੀ ਲਈ।"

ਮੈ ਉਹਦੀਆਂ ਇਹਨਾਂ ਗੱਲਾਂ ਕਰਕੇ ਹੀ ਆਪਣੇ ਆਪ ਨੂੰ ਨਿਗੂਣਾ ਜਿਹਾ ਸਮਝਣ ਲੱਗ ਪੈਨਾਂ। ਉਹ ਕਿੰਨੀ ਭਰੀ ਹੋਈ ਐ ਜ਼ਿੰਦਗੀ ਨਾਲ਼, ਪੌਜ਼ੀਟਿਵਿਟੀ ਨਾਲ਼! ਤੇ ਮੈਂ?

ਮੈ ਆਪਣੀ ਹੀ ਕਿਸੇ ਖਿਝ ਕਾਰਨ ਤੇ ਆਪਣੀ ਹੀ ਕਿਸੇ ਨਾਕਾਮੀ ਕਾਰਨ ਅਜੀਬ ਜਿਹਾ ਬਣ ਗਿਆ ਮਹਿਸੂਸ ਕਰਨ ਲਗਦਾਂ।

ਅਜਿਹੇ ਮੌਕੇ ਫਿਰ ਮੈਂ ਕੁਝ ਗੁਣਗੁਣਾਉਣ ਲਗਦਾਂ, ਜਿਹੜਾ ਉਹਨੂੰ ਵੀ ਬਹੁਤ ਪਸੰਦ ਐ।

ਗੁਣਗੁਣਾਉਣਾ ਤੇ ਗਾਉਂਦਿਆਂ ਗਾਉਂਦਿਆਂ ਆਪਣੇ ਮਨ ਦੀ ਗੱਲ ਕਹਿ ਜਾਣਾ। ਇਹ ਉਹਨੂੰ ਵੀ ਪਸੰਦ ਐ ਤੇ ਮੈਨੂੰ ਵੀ।

ਅਜਿਹੇ ਮੌਕੇ ਉਹ ਭਰੀ ਭਰੀ ਲੱਗਣ ਲਗਦੀ ਹੈ ਤੇ ਮੈਂ ਅਧੂਰਾ ਜਿਹਾ।

... ... ...

ਬਹੁਤ ਵਾਰੀ ਮੈਂ ਉਹਨੂੰ ਵੀ ਪੇਸ਼ਕਸ਼ ਕਰਦਾ ਕਿ ਚੱਲ ਕਿਤੇ ਘੁੰਮਣ ਚੱਲੀਏ, ਜਿੱਥੇ ਤੈਨੂੰ ਚੰਗਾ ਲਗਦਾ ਜਾਂ ਜਿਵੇਂ ਤੈਨੂੰ ਚੰਗਾ ਲਗਦਾ ਤਾਂ ਉਸ ਵੇਲ਼ੇ ਉਹ ਹੂੰ ਹਾਂ ਕਰ ਛੱਡਦੀ, ਖੁੱਲ੍ਹ ਕੇ ਕੁਝ ਨਹੀਂ ਕਹਿੰਦੀ। ਫਿਰ ਦੋਬਾਰਾ ਪੁੱਛਣ 'ਤੇ ਕਹਿ ਦਿੰਦੀ ਕਿ ਮੈਨੂੰ ਤਾਂ ਸਿਰਫ ਰਸਤੇ ਚੰਗੇ ਲਗਦੇ, ਬਸ ਚੱਲਦੇ ਜਾਈਏ, ਕਿਤੇ ਪੁੱਜਣਾ ਨਾ ਹੋਵੇ, ਕੋਈ ਮੰਜ਼ਿਲ ਨਾ ਹੋਵੇ।

ਮੈ ਫਿਰ ਕਹਿ ਦਿੰਨਾਂ ਕਿ ਚੱਲ ਇਉਂ ਹੀ ਸਹੀ। ਆਉਣ ਜਾਣ ਕਰਦੇ ਹਾਂ, ਰੁਕਦੇ ਨਹੀਂ ਕਿਧਰੇ ਵੀ, ਬਸ ਇੰਨਾ ਕੁ ਰੁਕਾਂਗੇ ਕਿ ਚਾਹ ਪਾਣੀ ਪੀ ਸਕੀਏ ਜਾਂ ਕੁਝ ਖਾ ਸਕੀਏ।

ਪਰ ਹਰ ਵਾਰ ਉਹਦੀ ਚੁੱਪ ਮੈਨੂੰ ਅੱਗਿਓਂ ਕੁਝ ਕਹਿਣ ਨਹੀਂ ਦਿੰਦੀ। ਤੇ ਫਿਰ ਸੋਚ ਸੋਚ ਕੇ ਆਖ ਦਿੰਦੀ, "ਹੁਣ ਨਹੀਂ ਕਦੇ ਫਿਰ ਸਹੀ, ਜੇ ਸਬੱਬ ਬਣਿਆ ਤਾਂ ਜ਼ਰੂਰ ਚੱਲਾਂਗੇ।"

ਤੇ ਅਜਿਹੇ ਮੌਕੇ ਮੈਨੂੰ ਉਹ ਬਾਕੀ ਸਾਰੀਆਂ ਯਾਦ ਆਉਂਦੀਆਂ ਜਿਨ੍ਹਾਂ ਦੀ ਅੱਗ ਸਾਂਭਿਆਂ

ਨਹੀਂ ਸੰਭਦੀ। ਇਕ ਦੀ ਗੱਲ ‘ਤੇ ਤਾਂ ਮੈਨੂੰ ਹਾਸਾ ਆ ਜਾਂਦਾ, ਜਿਹੜੀ ਕਹਿੰਦੀ ਸੀ “ਤੈਨੂੰ ਤਾਂ ਲਾਹਾ ਲੈਣਾ ਵੀ ਨਹੀਂ ਆਇਆ ਮੇਰਾ।”

ਇਹ ਸਭ ਗੱਲਾਂ ਮੈਂ ਉਹਨੂੰ ਦੱਸਦਾ ਰਹਿੰਨਾਂ। ਗਿਣਤੀ ਦੇ ਦੋ ਚਾਰ ਵਾਰ ਹੀ ਉਹ ਮੈਨੂੰ ਮਿਲ਼ੀ ਐ। ਪਹਿਲੀ ਵਾਰ ਉਹ ਮੇਰੀ ਐਡ ਦੇਖ ਕੇ ਮੈਨੂੰ ਮਿਲਣ ਆਈ ਸੀ। ਅਖਬਾਰ ਦੇ ਇਸ਼ਤਿਹਾਰ ‘ਚ ਮੈ ਆਪਣਾ ਪੂਰਾ ਪਤਾ ਲਿਖਿਆ ਸੀ। ਉਹ ਗਿਟਾਰ ਸਿੱਖਣਾ ਚਾਹੁੰਦੀ ਸੀ। ਹਫ਼ਤਾ ਕੁ ਲਾ ਕੇ ਬੰਦ ਕਰ ਦਿੱਤਾ ਉਸ ਨੇ। ਉਹਦੀ ਨੌਕਰੀ ਕਰਕੇ ਸਮਾਂ ਨਿੱਕਲ਼ਦਾ ਨਹੀਂ ਸੀ ਉਸਤੋਂ, ਪਰ ਉਹਦੀ ਲਗਨ ਬਹੁਤ ਸੀ ਸਿੱਖਣ ਵਿਚ।

ਇਸ ਹਫ਼ਤੇ ਦੌਰਾਨ ਮੈਨੂੰ ਉਹਦੇ ਨਾਲ਼ ਇਕ ਅਜੀਬ ਜਿਹਾ ਲਗਾਵ ਹੋ ਗਿਆ।ਪਰ ਮੈਂ ਉਹਨੂੰ ਇਸ ਗੱਲ ਦੀ ਭਿਣਕ ਵੀ ਨਹੀਂ ਪੈਣ ਦਿੱਤੀ। ਪਰ ਸਾਡੀ ਸਾਂਝ ਇਸ ਤਰ੍ਹਾਂ ਦੀ ਬਣ ਗਈ ਕਿ ਉਹ ਹਰ ਰੋਜ਼ ਮੈਨੂੰ ਫੋਨ ਕਰਦੀ ਤੇ ਅਸੀਂ ਬਹੁਤ ਗੱਲਾਂ ਕਰਦੇ। ਪਰ ਮਿਲ਼ਦੇ ਨਹੀਂ ਸੀ। ਉਹਦਾ ਪਤੀ ਬਹੁਤ ਰੋਅਬਦਾਰ ਜਿਹਾ ਲਗਦਾ ਏ ਦੇਖਣ ਨੂੰ। ਮੈਂ ਇਕ ਅੱਧੀ ਵਾਰ ਉਹਨੂੰ ਦੇਖਿਆ ਵੀ ਸੀ ਕਿਸੇ ਸਟੋਰ ‘ਤੇ ਖ਼ਰੀਦਦਾਰੀ ਕਰਦਿਆਂ। ਉਹ ਵੀ ਨਾਲ਼ ਹੁੰਦੀ ਸੀ ਪਰ ਗੁੰਮ-ਸੁੰਮ ਜਿਹੀ।

ਇਕ ਦਿਨ ਮੈਨੂੰ ਮੇਰੀ ਕਲੋਨੀ ਦੇ ਗੇਟ ‘ਤੇ ਮਿਲ਼ੀ। ਮੈਂ ਰੁਕ ਕੇ ਹਾਲ ਪੁੱਛਣ ਲੱਗ ਪਿਆ। ਕਹਿੰਦੀ ਬੀ ਬਲੌਕ ‘ਚ ਆਪਣੀ ਕਿਸੇ ਕੁਲੀਗ ਨਾਲ਼ ਆਈ ਸੀ। ਉਹਨਾਂ ਦੇ ਰਿਸ਼ਤੇਦਾਰ ਨੇ ਇੱਥੇ ਪਰ ਉਹਨੂੰ ਰੁਕਣਾ ਪੈ ਗਿਆ, ਇਸ ਕਰਕੇ ਮੈ ਵਾਪਸ ਜਾ ਰਹੀ ਹਾਂ। ਮੈਂ ਕਹਿਣਾ ਚਾਹੁੰਦਾ ਸੀ ਕਿ ਚੱਲ ਕਿਧਰੇ ਬੈਠਦੇ ਹਾਂ ਹੁਣ ਮਿਲ਼ ਹੀ ਗਏ ਹਾਂ ਤਾਂ। ਪਰ ਮੈਥੋਂ ਕਹਿ ਨਾ ਹੋਇਆ। ਉਹਦੇ ਅੱਗੇ ਮੈ ਬਿਲਕੁਲ ਸ਼ਰੀਫ ਪੇਸ਼ ਆਉਣ ਲਗਦਾਂ।

… … …

ਕਈ ਦਿਨ ਲੰਘ ਗਏ। ਉਹਦਾ ਫੋਨ ਵੀ ਨਾ ਆਇਆ। ਮੈਂ ਕੀਤਾ ਤਾਂ ਅੱਗੋਂ ਚੰਗੀ ਤਰ੍ਹਾਂ ਗੱਲ ਨਾ ਕਰੇ। ਮੈਨੂੰ ਸਮਝ ਨਹੀ ਸੀ ਲੱਗ ਰਹੀ ਕਿ ਹੋਇਆ ਕੀ ਆ। ਕਹਿੰਦੀ ਗੱਲ ਤਾਂ ਖੁਸ਼ੀ ਦੀ ਹੈ। ਉਹ ਪ੍ਰੈਗਨੈਂਟ ਸੀ। ਪਰ ਉਤਨੀ ਖੁਸ਼ ਲੱਗ ਨਹੀਂ ਸੀ ਰਹੀ ਜਿੰਨੀ ਹੋਣੀ ਚਾਹੀਦੀ ਸੀ। ਫਿਰ ਆਪ ਹੀ ਕਹਿੰਦੀ ਚਲੋ ਫਿਰ ਕਿਸੇ ਦਿਨ ਮਿਲ਼ਦੇ ਹਾਂ। ਗੱਪਾਂ ਮਾਰਾਂਗੇ। ਮੈ ਬਹੁਤ ਖੁੱਲ੍ਹ ਕੇ ਹੱਸਣਾ ਚਾਹੁੰਦੀ ਹਾਂ, ਇਹ ਬੱਚੇ ਦੀ ਸਿਹਤ ਲਈ ਵੀ ਚੰਗਾ ਹੁੰਦਾ।

ਮੈ ਸੋਚੀਂ ਪੈ ਗਿਆ। ਸਮਝ ਨਹੀਂ ਆ ਰਹੀ ਸੀ ਕਿ ਇਹ ਕੀ ਬੁਝਾਰਤ ਹੈ? ਉਹ ਆਪਣੇ ਹੈਂਡਸਮ ਘਰ-ਵਾਲੇ ਨਾਲ਼ ਖੁੱਲ੍ਹ ਕੇ ਕਿਉਂ ਨਹੀਂ ਹੱਸ ਸਕਦੀ?

ਪਰ ਮੈਂ ਉਹਨੂੰ ਕੁਝ ਨਾ ਪੁੱਛਿਆ। ‘ਠੀਕ ਐ, ਜ਼ਰੂਰ ਮਿਲ਼ਦੇ ਆਂ’ ਕਹਿ ਕੇ ਮੈਂ ਫੋਨ ਰੱਖ ਦਿੱਤਾ।

ਇਕ ਹਫ਼ਤੇ ਬਾਅਦ ਉਹ ਮੈਨੂੰ ਮਿਲਣ ਆਈ। ਮੈਂ ਉਸ ਨੂੰ ਬਹੁਤ ਕੁਝ ਪੁੱਛਣਾ ਚਾਹ ਰਿਹਾ ਸੀ ਪਰ ਹਿੰਮਤ ਨਾ ਕਰ ਸਕਿਆ ਕਿਉਂਕਿ ਉਸ ਦਿਨ ਉਹਨੇ ਮੇਰੇ ਅੱਗੇ ਸ਼ਰਤ ਰੱਖ ਦਿੱਤੀ। ਕਹਿੰਦੀ ਅੱਜ ਤੂੰ ਸਿਰਫ ਆਪਣੀਆਂ ਗੱਲਾਂ ਹੀ ਸੁਣਾਏਂਗਾ। ਕਹਿੰਦੀ ਤੇਰੀਆਂ ਤੇ ਤੇਰੇ ਨਿੱਤ ਨਵੇਂ ਇਸ਼ਕ ਦੀਆਂ ਗੱਲਾਂ ਮੇਰੇ ਲਈ ਟੌਨਿਕ ਦਾ ਕੰਮ ਕਰਦੀਆਂ। ਮੈਨੂੰ ਮੇਰਾ ਕੁਝ ਯਾਦ ਈ ਨਹੀਂ ਆਉਣ ਦਿੰਦੀਆਂ।

ਤੇ ਮੈਂ ਜਦੋਂ ਹੀ ਉਹਨੂੰ ਆਪਣੇ ਕਿਸੇ ਨਵੇਂ ਕਾਰਨਾਮੇ ਦੀ ਗੱਲ ਸੁਣਾਈ ਤਾਂ ਮੱਥੇ ‘ਤੇ ਹੱਥ ਮਾਰ ਕੇ ਕਹਿੰਦੀ, “ਵਾਹ ਨੀਂ ਔਰਤੇ! ਕਾਹਤੋਂ ਏਨੀ ਹਲਕੀ ਕਰ ਲਿਆ ਈ ਆਪਣੇ ਆਪ ਨੂੰ”

ਫਿਰ ਕਹਿੰਦੀ, “ਤੂੰ ਤਾਂ ਬਲਵੰਤ ਗਾਰਗੀ ਏਂ ਤੇ ਜਾਂ ਖੁਸ਼ਵੰਤ ਸਿੰਘ, ਆਪਣੀ ਆਟੋਬਾਇਓਗ੍ਰਾਫੀ ਜ਼ਰੂਰ ਲਿਖੀਂ।”

"ਰਹਿਣ ਦੇ, ਮੇਰੀ ਆਟੋਬਾਇਓਗ੍ਰਾਫੀ ਪੜ੍ਹ ਕੇ ਤਾਂ ਕਈਆਂ ਦੇ ਤਲਾਕ ਹੋ ਜਾਣੇ," ਮੈਂ ਹੱਸਦਿਆਂ ਕਹਿ ਦਿੰਨਾਂ।

ਅਚਾਨਕ ਜਿਵੇਂ ਉਹਨੂੰ ਕੁਝ ਯਾਦ ਆਇਆ। ਕਹਿੰਦੀ ਮੈਂ ਚੱਲਦੀ ਹਾਂ। ਘਰ ਜਲਦੀ ਪਹੁੰਚਣਾ ਅੱਜ।

ਤੇ ਉਹ ਚਲੀ ਗਈ।

... ... ...

ਅੱਜ ਮੈਂ ਉਹਦੇ ਦਫਤਰ ਵੱਲ ਕਿਸੇ ਨੂੰ ਮਿਲਣ ਲਈ ਗਿਆ ਤਾਂ ਉਹ ਮਿਲ਼ ਪਈ। ਕਹਿੰਦੀ ਮੈਂ ਤੁਹਾਡੇ ਘਰ ਵੱਲ ਹੀ ਜਾਣ ਲੱਗੀ ਸੀ। ਅੱਜ ਦਿਲ ਕਰਦਾ ਕਿ ਆਪਣਾ ਆਪ ਫਰੋਲ਼ ਸੁੱਟਾਂ।

ਮੈਂ ਕਿਹਾ ਮੈ ਘੰਟੇ ਤਕ ਵਾਪਸ ਮੁੜਨਾਂ, ਆ ਕੇ ਤੈਨੂੰ ਮਿਲਦਾਂ। ਫਿਰ ਕਰਦੇ ਹਾਂ ਗੱਲਾਂ।

ਕਹਿੰਦੀ ਚਲੋ ਵੇਖਦੀ ਹਾਂ।

ਇਸ ਤਰ੍ਹਾਂ ਕਈ ਵਾਰ ਹੁੰਦਾ ਸੀ। ਜਦੋਂ ਉਹ ਆਖਣਾ ਚਹੁੰਦੀ ਕੁਝ, ਤਾਂ ਮੈਂ ਬਿਜ਼ੀ ਹੁੰਦਾ ਤੇ ਜਦੋਂ ਵਿਹਲ ਜਿਹੀ 'ਚ ਉਹਨੂੰ ਉਡੀਕਦਾ ਤਾਂ ਉਹ ਨਾ ਆਉਂਦੀ। ਇਉਂ ਕਈ ਵਾਰ ਹੋਇਆ।

ਪਰ ਇਸ ਵਾਰ ਉਹਦਾ ਹੀ ਫ਼ੋਨ ਆਇਆ। ਕਹਿੰਦੀ ਜੇ ਹੁਣ ਘਰੇ ਈ ਏਂ ਤਾਂ ਮਿਲ਼ ਲੈਨੇ ਆਂ। ਮੇਰੇ ਹਾਂ ਕਹਿਣ 'ਤੇ ਉਹ ਆ ਗਈ।

ਦੋ ਤਿੰਨ ਘੰਟੇ ਅਸੀਂ ਇਕੱਠੇ ਰਹੇ। ਰੈੱਡ ਸੌੱਸ ਪਾਸਤਾ ਉਹਨੂੰ ਵੀ ਪਸੰਦ ਐ ਤੇ ਮੈਨੂੰ ਵੀ। ਅਸੀਂ ਰਲ਼ ਕੇ ਬਣਾਇਆ ਤੇ ਖਾਧਾ। ਉਸ ਦਿਨ ਵੀ ਉਹ ਕੁਝ ਉਦਾਸ ਜਿਹੀ ਸੀ।

ਆਪਣੇ ਮਹਿਕਮੇ ਦੀਆਂ ਦੋ ਚਾਰ ਦੁਸ਼ਵਾਰੀਆਂ ਮੇਰੇ ਨਾਲ਼ ਸਾਂਝੀਆਂ ਕਰਕੇ ਜਿਵੇਂ ਉਹਨੂੰ ਤਸੱਲੀ ਮਿਲ਼ਦੀ ਹੈ। ਆਪਣੇ ਬਾਰੇ ਹਰ ਨਿੱਕੀ ਵੱਡੀ ਗੱਲ ਮੇਰੇ ਨਾਲ਼ ਸਾਂਝੀ ਕਰਕੇ ਜਿਵੇਂ ਉਹਨੂੰ ਕੁਝ ਧਰਵਾਸ ਮਿਲ਼ਦਾ ਹੋਵੇ, ਮੈਨੂੰ ਇੰਝ ਲਗਦਾ। ਉਹਦੀ ਗੰਭੀਰਤਾ ਜਿਹੀ ਨੂੰ ਕੁਝ ਚਿਰ ਪਾਸੇ ਹਟਾਉਣ ਲਈ ਮੈ ਕੁਝ ਕੁ ਚੁਟਕਲੇ ਸੁਣਾਉਣ ਲਗਦਾਂ ਤਾਂ ਉਹ ਬਹੁਤ ਹੱਸਦੀ ਐ। ਪਰ ਜਦੋਂ ਮੇਰੇ ਅੰਦਰਲਾ ਬੰਦਾ ਕਮਜ਼ੋਰ ਹੋਣ ਲਗਦਾ ਤਾਂ ਉਹਦੀਆਂ ਨਿਹਾਇਤ ਸਾਫ਼ ਤੇ ਸਪੱਸ਼ਟ ਜਿਹੀਆਂ ਗੱਲਾਂ ਮੈਨੂੰ ਸਾਵਧਾਨ ਕਰ ਦਿੰਦੀਆਂ। ਮੈ ਫਿਰ ਸੰਭਲ਼ ਜਾਂਦਾ।

ਗੱਲਾਂ ਗੱਲਾਂ ਵਿਚ ਤੇ ਗ਼ਲਤੀ ਨਾਲ਼ ਜੇ ਉਹ ਮੇਰੀ ਦੁਖਦੀ ਰਗ ਛੇੜ ਬਹਿੰਦੀ ਤਾਂ ਫਿਰ ਆਪ ਹੀ ਕਹਿ ਦਿੰਦੀ, "ਚਲੋ ਕੋਈ ਨਾ, ਇਹੀ ਤਾਂ ਡੈਸਟਿਨੀ ਐ। ਕਿਸੇ ਦੀ ਵੀ ਲਾਈਫ਼ ਏਨੀ ਸਿੱਧ ਪੱਧਰੀ ਨਹੀਂ ਹੁੰਦੀ ਜਿੰਨੀ ਲਗਦੀ ਐ ਤੇ ਕਈ ਬੇਵਕੂਫ਼ ਆਪ ਹੀ ਆਪਣੀ ਚੰਗੀ ਭਲੀ ਲਾਈਫ਼ ਨੂੰ ਆਪਣੇ ਫੋਕੇ ਜਿਹੇ ਫ਼ਲਸਫ਼ੇ ਨਾਲ਼ ਵਿਗਾੜ ਧਰਦੇ ਐ।

ਉਹ ਕਈ ਵਾਰ ਇਹੋ ਜਹੇ ਡਾਇਲਾਗ ਬੋਲਦੀ ਤਾਂ ਮੈ ਉਹਦੇ ਮੂੰਹ ਵੱਲ ਦੇਖਦਾ ਰਹਿੰਦਾ।

ਮੈ ਕਿਹਾ ਤੇਰੇ ਹਸਬੈਂਡ ਦੀ ਬਹੁਤ ਪਰਸਨੈਲਿਟੀ ਐ, ਤੈਨੂੰ ਡਰ ਨਹੀਂ ਲਗਦਾ ਕਿ ਉਹ ਫਿਸਲ ਨਾ ਜਾਵੇ ਕਿਧਰੇ?

ਕਹਿੰਦੀ ਫਿਸਲਿਆਂ ਹੋਇਆਂ ਕੀ ਫਿਸਲਣਾ? ਆਖ ਕੇ ਚੁੱਪ ਹੋ ਗਈ। ਇਸਤੋਂ ਪਹਿਲਾਂ ਮੈਂ ਕੁਝ ਹੋਰ ਪੁੱਛਦਾ ਉਹਨੇ ਗੱਲ ਦਾ ਰੁਖ ਹੀ ਬਦਲ ਲਿਆ।

ਕਹਿੰਦੀ ਤੈਨੂੰ ਮਿਲਣਾ ਪਤਾ ਕਿਉਂ ਸਹੀ ਲਗਦਾ? ਕਿਉਂਕਿ ਤੂੰ ਸਿੰਗਲ ਐਂ। ਕਿਸੇ ਦੇ ਨਾਂ ਨਹੀਂ ਐਂ ਤੂੰ।

ਸੱਚ ਜਾਣਿਓ ਇਹੋ ਜਿਹੀਆਂ ਗੱਲਾਂ ਕਰਦੀ ਐ ਕਿ ਮੈ ਆਪਣੇ ਆਪਨੂੰ ਬਹੁਤ ਹਾਜ਼ਰ ਜੁਆਬ

ਸਮਝਣ ਵਾਲ਼ਾ ਨਿਸ਼ਬਦ ਜਿਹਾ ਹੋ ਜਾਨਾਂ।

ਮੇਰੇ ਸੁਣਾਏ ਕਿੱਸਿਆਂ ਨੂੰ ਅਗਾਂਹ ਤੋਰਦਿਆਂ ਕਹਿੰਦੀ ਹੋਰ ਫਿਰ ਤੇਰੀਆਂ ਸਹੇਲੀਆਂ ਦਾ ਕੀ ਹਾਲ ਐ? ਸੁਣਾ ਕੋਈ ਨਵਾਂ ਸ਼ਗੂਫਾ।

ਮੈ ਆਪਣੀਆਂ ਔਰਤ ਦੋਸਤਾਂ ਦੇ ਕਿੱਸੇ ਉਹਨੂੰ ਦੱਸਦਾ ਰਹਿੰਨਾਂ।

ਮੇਰੇ ਕੋਲ਼ ਤਾਂ ਬਥੇਰੇ ਕਿੱਸੇ ਨੇ। ਕਿਹੜਾ ਸੁਣਾਵਾਂ ਕਿਹੜਾ ਛੱਡਾਂ।

ਤੇ ਫਿਰ ਆਪ ਹੀ ਕਹਿੰਦੀ ਸੱਚ ਉਹ ਤੇਰੇ ਫਲਾਣੇ ਦੋਸਤ ਦੀ ਫਲਾਣੀ ਸਹੇਲੀ ਸੀ, ਉਹਨਾਂ ਦਾ ਕੀ ਹਾਲ ਐ?

ਮੈਂ ਕਿਹਾ ਉਹ ਤਾਂ ਛੱਡ ਦਿੱਤੀ ਉਹਨੇ।

ਮੈਨੂੰ ਦੱਸਣਾ ਪਿਆ ਕਿ ਉਹ ਤਾਂ ਅੱਜ ਕੱਲ੍ਹ ਕਈਆਂ ਦੀ ਸਹੇਲੀ ਐ। ਜਿਹੜਾ ਸੱਦੇ ਉਹਦੇ ਨਾਲ਼ ਈ ਨਿਭਾਅ ਆਉਂਦੀ ਐ ਆਪਣੀ ਦੋਸਤੀ।

ਅੱਗੋਂ ਕਹਿੰਦੀ ਉਹ ਤਾਂ ਫਿਰ ਤੇਰੇ ਵਰਗੀ ਨਿੱਕਲ਼ੀ। ਤੂੰ ਵੀ ਤਾਂ ਇਉਂ ਹੀ ਕਰਦਾਂ।

ਮੈਂ ਚੁੱਪ ਜਿਹਾ ਹੋ ਗਿਆ। ਜਿਵੇਂ ਕਿਸੇ ਕਸ ਕੇ ਥੱਪੜ ਜੜਿਆ ਹੋਵੇ।

ਪਰ ਕਹਿੰਦੀ ਤਾਂ ਸੱਚ ਹੀ ਐ।

ਮੈਂ ਸੋਹਣੀਆਂ ਔਰਤਾਂ ਦਾ ਸ਼ੌਕੀਨ ਆਂ। ਤੇ ਸੋਹਣੀਆਂ ਅਕਸਰ ਬੇਵਕੂਫ਼ ਹੁੰਦੀਆਂ। ਸੋ ਇਹ ਕੰਬੀਨੇਸ਼ਨ ਬਣਿਆ ਰਹਿੰਦਾ। ਰਾਸ ਲੀਲਾ ਚੱਲਦੀ ਰਹਿੰਦੀ।

ਇਕ ਵਾਰ ਮੈਂ ਕਿਹਾ ਕਿ ਮੈਨੂੰ ਮੇਰੀਆਂ ਚਾਹੁਣ ਵਾਲ਼ੀਆਂ ਕਿੰਨੇ ਵਧੀਆ ਗਿਫਟ ਦਿੰਦੀਆਂ ਪਰ ਤੂੰ ਕਦੇ ਕੁਝ ਵੀ ਨਹੀਂ ਦਿੱਤਾ।

ਅੱਗੋਂ ਕਹਿੰਦੀ ਹਰ ਚੀਜ਼ ਦੀ ਤਾਂ ਬਹੁਤਾਤ ਐ ਤੇਰੇ ਕੋਲ਼। ਮੈ ਕੀ ਦੇਵਾਂ? ਤੇ ਫਿਰ ਇਕ ਵਾਰੀ ਮੈਨੂੰ ਉਹਨੇ ਇਕ ਕਰੀਮ ਕਲਰ ਸੌਫਟ ਕੌਟਨ ਦਾ ਦੁਪੱਟਾ ਗਿਫਟ ਕੀਤਾ। ਕਹਿੰਦੀ ਇਹਨੂੰ ਸਿਰ ‘ਤੇ ਪਰਨੇ ਵਾਂਗ ਬੰਨ੍ਹ ਲਿਆ ਕਰ। ਸਮਝ ਲਵੀਂ ਇਹ ਕਿਸੇ ਦੀ ਇੱਜ਼ਤ ਐ ਜਿਸਦੀ ਤੂੰ ਕਦਰ ਕਰਨੀ ਐ।”

ਮੈਂ ਠੀਕ ਐ ਜੀ ਆਖ ਕੇ ਫਿਰ ਨਿਰਉੱਤਰ ਰਹਿ ਜਾਨਾਂ।

... ... ...

ਮੇਰੇ ਕਮਰੇ ਦੀ ਬੱਤੀ ਜਗ ਰਹੀ ਐ। ਉਹਨੂੰ ਗਈ ਨੂੰ ਕਈ ਘੰਟੇ ਹੋ ਗਏ ਨੇ। ਮੈਂ ਅਜੇ ਤਕ ਉਹਦੀ ਗ਼ੈਰ ਮੌਜੂਦਗੀ ‘ਚ ਉਹਦਾ ਮੌਜੂਦ ਹੋਣਾ ਮਹਿਸੂਸ ਕਰ ਰਿਹਾਂ। ਉਹਦਾ ਸਾਂਵਲਾ ਜਿਹਾ ਚਿਹਰਾ ਮੇਰੀਆਂ ਅੱਖਾਂ ਵਿਚ ਕਿਸੇ ਤੇਜ਼ ਦੁਧੀਆ ਰੋਸ਼ਨੀ ਵਾਂਗ ਠਹਿਰ ਗਿਆ ਹੈ। ਮੈ ਮਿਊਜ਼ਿਕ ਨੂੰ ਜ਼ਰਾ ਕੁ ਉੱਚੀ ਕਰ ਕੇ ਐਕਸਰਸਾਈਜ਼ ਕਰਨ ਲਗਦਾਂ। ਉਹਦਾ ਵਾਰ ਵਾਰ ਮੈਨੂੰ ਥੁਲਥਲਾ ਜਿਹਾ ਕਹਿਣਾ ਬੁਰਾ ਤਾਂ ਭਾਵੇਂ ਨਹੀਂ ਲਗਦਾ ਪਰ ਸਹੀ ਲਗਦਾ ਹੈ। ਵਾਅਦਾ ਕਰਦਾ ਹਾ ਆਪਣੇ ਆਪ ਨਾਲ ਕਿ ਹੁਣ ਫਿੱਟ ਰਹਿਣਾ ਹੈ। ਚੁਸਤ ਦਰੁੱਸਤ ਰਹਿਣਾ ਤੇ ਖੁਸ਼ ਵੀ।

ਪਰ ਫਿਰ ਉਹਦੇ ਕਹੇ ਸ਼ਬਦ ਮੈਨੂੰ ਗੀਤਾਂ ਦੇ ਸ਼ੋਰ ਵਿਚਦੀ ਵੀ ਸੁਣਨ ਲੱਗਦੇ ਐ।

ਮੈਨੂੰ ਕਹਿੰਦੀ ਕਿਸੇ ਦੇ ਅੰਦਰ ਅਥਾਹ ਮੁਹੱਬਤ ਹੁੰਦੀ ਹੈ ਤੇ ਕਿਸੇ ਦੇ ਅੰਦਰ ਮੁਹੱਬਤ ਦੇ ਨਾਂ ‘ਤੇ ਕੁਝ ਵੀ ਨਹੀਂ ਹੁੰਦਾ ਸਿਵਾਏ ਈਗੋ ਦੇ। ਮੈਂ ਉਹਦੀ ਗੱਲ ਨੂੰ ਅਣਸੁਣਿਆ ਜਿਹਾ ਕਰਕੇ ਪੁੱਛਿਆ, “ਮੇਰੇ ਅੰਦਰ ਕੀ ਐ? ਮੇਰੇ ਬਾਰੇ ਤਾਂ ਦੱਸ ਕੁਝ।”

ਕਹਿੰਦੀ “ਤੇਰੇ ਅੰਦਰ ਭਟਕਣ।”

ਉਹਦਾ ਇਹ ਜੁਆਬ ਸੁਣ ਕੇ ਮੈਨੂੰ ਆਪਣੇ ਇਰਦ ਗਿਰਦ ਜ਼ਬਰਨ ਮੰਡਰਾਉਂਦੇ ਉਹ ਸਾਰੇ ਸੰਬੰਧ ਯਾਦ ਆਏ ਜਿਨ੍ਹਾਂ ‘ਚੋਂ ਇਕ ਦਾ ਵੀ ਚਿਹਰਾ ਸਪੱਸ਼ਟ ਨਹੀਂ।

ਤੇ ਉਹ?

ਉਹਦੇ ਬਾਰੇ ਤਾਂ ਮੈਂ ਇਕ ਮਹਾਂਕਾਵਿ ਵੀ ਲਿਖ ਸਕਦਾਂ ਤੇ ਜਾਂ ਫਿਰ ਇਕੋ ਸ਼ਬਦ ਵਿਚ ਉਹਨੂੰ ਸਮੇਟ ਸਕਦਾਂ। ਅਜਿਹਾ ਸ਼ਬਦ ਜਿਸਨੂੰ ਅਜੇ ਮੈਂ ਘੜਨਾ ਹੈ। ਉਹ ਸ਼ਬਦ ਜਿਸਦੇ ਮਾਇਨੇ ਸਮਝਣ ਲਈ ਸਾਰੀ ਕਾਇਨਾਤ ਦੀ ਪਰਿਕਰਮਾ ਕਰਨੀ ਪੈਣੀ।

ਫ਼ਿਲਹਾਲ ਮੈਂ ਆਪਣੀ ਗੱਲ ਇੱਥੇ ਹੀ ਸਮੇਟ ਲੈਣੀ ਚਾਹੁੰਦਾ ਹਾਂ। ਜੇ ਕੁਝ ਹੋਰ ਕਹਿ ਦਿੱਤਾ ਤਾਂ ਇਉਂ ਲੱਗਣਾ ਜਿਵੇਂ ਮੈਂ ਉਹਦੇ ਬਾਰੇ ਐਵੇਂ ਕਿਤਾਬੀ ਜਹੀਆਂ ਗੱਲਾਂ ਕਰ ਰਿਹਾ ਹੋਵਾਂ।

ਪਰ ਯਾਰ ਇਹ ਹੈ ਤਾਂ ਨਿਰਾ ਸੱਚ। ਮੈ ਆਪਣੇ ਆਪਨੂੰ ਝਟਕਾ ਜਿਹਾ ਦੇਕੇ ਆਖਦਾਂ।

… … …

ਕਈ ਦਿਨਾਂ ਜਾਂ ਸ਼ਾਇਦ ਕਈ ਹਫ਼ਤਿਆਂ ਤੋਂ ਉਹ ਚੁੱਪ ਹੈ, ਗੁੰਮ ਹੈ, ਜ਼ਾਹਰ ਨਹੀਂ। ਮੈਂ ਆਪਣੇ ਹੀ ਹਿਸਾਬ ਕਿਤਾਬ ਲਾਉਣ ਲਗਦਾਂ। ਪਰ ਮਨ ਵਿਚ ਕੋਈ ਵੀ ਠੋਸ ਧਾਰਨਾ ਨਹੀਂ ਬਣ ਰਹੀ। ਅਟਕਲਾਂ ਜਿਹੀਆਂ ਨਾਲ਼ ਪਰੇਸ਼ਾਨ ਜ਼ਰੂਰ ਹੋ ਜਾਨਾਂ। ਉਹਦਾ ਫ਼ੋਨ ਬੰਦ ਐ। ਕਿਸਨੂੰ ਪੁੱਛਾਂ! ਫਿਰ ਇੱਕ ਦਿਨ ਉਹਦੀ ਕੋਈ ਆਂਟੀ ਜਿਸਦੀਆਂ ਗੱਲਾਂ ਉਹ ਕਦੇ ਕਦੇ ਕਰਦੀ ਹੁੰਦੀ ਐ, ਦਾ ਨੰਬਰ ਮੈਨੂੰ ਲੱਭ ਗਿਆ। ਪਰ ਪਤਾ ਨਹੀਂ ਕਿ ਮੇਰਾ ਉਹਦੀ ਆਂਟੀ ਨੂੰ ਫ਼ੋਨ ਕਰਨਾ ਠੀਕ ਐ ਜਾਂ ਗ਼ਲਤ! ਕੀ ਪਤਾ ਉਹ ਮੇਰੇ ਬਾਰੇ ਆਂਟੀ ਨੂੰ ਨਾ ਦੱਸਦੀ ਹੋਵੇ ਕੁਝ। ਪਰ ਮੈਂ ਫਿਰ ਵੀ ਫੋਨ ਕੀਤਾ।

ਦੱਸਿਆ ਕਿ ਨਵਰੋਜ਼ ਦਾ ਕੁਲੀਗ ਹਾਂ ਤੇ ਉਹਦਾ ਨੰਬਰ ਨਹੀਂ ਲੱਗ ਰਿਹਾ।

ਅੱਗੋਂ ਆਂਟੀ ਕਹਿੰਦੀ ਜੇ ਕੁਲੀਗ ਹੁੰਦਾ ਤਾਂ ਉਹਦੀ ਖ਼ਬਰ ਤੈਨੂੰ ਮੇਰੇ ਕੋਲ਼ੋਂ ਨਾ ਲੈਣੀ ਪੈਂਦੀ।

ਮੈ ਸ਼ਰਮਿੰਦਾ ਜਿਹਾ ਹੋ ਗਿਆ। ਚੁੱਪ ਕਰ ਗਿਆ।

ਤੇ ਆਂਟੀ ਕਹਿੰਦੀ ਤੂੰ ਹਰਨੇਕ ਥਿੰਦ ਐਂ ਨਾ? ਪ੍ਰਾਪਰਟੀ ਐਡਵਾਈਜ਼ਰ?

ਮੇਰੇ ਹਾਂ ਕਹਿਣ 'ਤੇ ਆਂਟੀ ਨੇ ਇਕ ਹਉਕਾ ਜਿਹਾ ਲਿਆ।

ਕਹਿੰਦੀ ਉਹਨੇ ਤੈਨੂੰ ਆਪਣੇ ਬਾਰੇ ਕੀ ਦੱਸਿਆ ਸੀ? ਕਿ ਉਹ ਕੌਣ ਐ?

ਆਂਟੀ ਜਿਵੇਂ ਬੁਝਾਰਤਾਂ ਜਿਹੀਆਂ ਪਾਈ ਜਾ ਰਹੀ ਸੀ।

ਮੈ ਕਿਹਾ ਕਿ ਉਹ ਆਪਣੇ ਬਾਰੇ ਹੋਰ ਬਹੁਤੀਆਂ ਗੱਲਾਂ ਨਹੀਂ ਕਰਦੀ ਪਰ ਇੰਨਾ ਦੱਸਿਆ ਸੀ ਕਿ ਉਸਦੇ ਘਰਵਾਲ਼ੇ ਦੀ ਆਪਣੇ ਮਾਪਿਆਂ ਨਾਲ਼ ਬਹੁਤੀ ਬਣਦੀ ਨਹੀਂ, ਇਸ ਕਰਕੇ ਉਹ ਬਾਹਰ ਇਕ ਕਿਰਾਏ ਦੇ ਘਰ 'ਚ ਰਹਿੰਦੇ ਐ। ਹੁਣ ਇਹਨਾਂ ਦਿਨਾਂ 'ਚ ਤਾਂ ਉਹ ਕਹਿੰਦੀ ਸੀ ਕਿ ਉਹਨਾਂ ਆਪਣੇ ਲਈ ਇਕ ਘਰ ਲੈਣਾ। ਤੇ ਮੈਨੂੰ ਕਹਿੰਦੀ ਸੀ ਕਿ ਜਲਦੀ ਉਹਨੇ ਲੋਨ ਅਪਲਾਈ ਕਰਨਾ ਤੇ ਮੈਂ ਕੋਈ ਵਧੀਆ ਤੇ ਸਸਤੇ ਜਿਹੇ ਘਰ ਦਾ ਸੌਦਾ ਕਰਵਾ ਦਿਆਂ।

ਆਂਟੀ ਫਿਰ ਇਕ ਹਉਕਾ ਲੈਂਦੀ ਹੈ।

ਕਿਹੜਾ ਘਰ? ਕਿਹੜਾ ਸੌਦਾ? ਉਹ ਤਾਂ ਵਿਚਾਰੀ ਜਿਵੇਂ ਭੁਲੇਖੇ 'ਚ ਜਿਉਂ ਰਹੀ ਸੀ।

ਉਹ ਆਪਣੇ ਘਰ ਵਾਲ਼ੇ ਦੀ ਯਾਨੀ ਉਸ ਬੰਦੇ ਦੀ ਰਖੇਲ ਸੀ। ਬਾਹਰ ਰੱਖਦਾ ਸੀ ਉਹਨੂੰ ਤੇ ਆਪ ਕਈ ਕਈ ਦਿਨਾਂ ਬਾਅਦ ਆਉਂਦਾ ਸੀ। ਉਹਦਾ ਆਪਣਾ ਪਰਿਵਾਰ ਸੀ ਪਰ ਇਹ ਪਾਗ਼ਲ ਸਮਝਦੀ ਨਹੀਂ ਸੀ। ਕਦੇ ਕਦੇ ਕਹਿ ਦਿੰਦੀ ਕਿ ਮੈਂ ਇਸਤੋਂ ਇਕ ਬੱਚਾ ਲੈ ਲਵਾਂ ਫਿਰ ਮੈ ਕੱਲੀ ਵੀ ਰਹਿ ਸਕਦੀ ਹਾਂ ਉਮਰ ਭਰ।

… … …

ਮੈਂ ਬਹੁਤ ਬੇਚੈਨੀ ਮਹਿਸੂਸ ਕਰਨ ਲਗਦਾਂ।

ਮੈਂ ਕਿਹਾ, ਮੈਡਮ ਮੈਨੂੰ ਦੱਸੋ ਉਹ ਹੁਣ ਕਿੱਥੇ ਐ? ਮੈਂ ਉਹਦੇ ਨਾਲ਼ ਹੀ ਕਰਦਾਂ ਬਾਕੀ ਗੱਲ।

ਮੈਨੂੰ ਜਿਵੇਂ ਚਾਅ ਚੜ੍ਹ ਗਿਆ ਸੀ। ਲੱਗਿਆ ਕਿ ਇੰਨੀ ਸਮਝਦਾਰ ਕੁੜੀ ਕਿਹੜੇ ਸਾਲ਼ੇ... ਭੈ... ... ਚੋ... ਦੇ ਮਗਰ ਲੱਗ ਗਈ। ਮੈ 'ਕੱਲਾ ਕਾਰਾ, ਛੜਾ ਛੜਾਂਗ ਹੋਰ ਕੀ ਭਾਲ਼ਦਾਂ? ਵਿਆਹ ਕਰਾਵਾਂ ਉਹਦੇ ਨਾਲ਼ ਜੇ ਉਹ ਉਹਨੂੰ ਛੱਡ ਦੇਵੇ ਤਾਂ।

ਆਂਟੀ ਫਿਰ ਕੁਝ ਸਕਿੰਟ ਲਈ ਚੁੱਪ ਕਰ ਗਈ।

ਕਹਿੰਦੀ, "ਹਰਨੇਕ ਉਹ ਤੁਰ ਗਈ ਐ। ਦੋ ਮਹੀਨੇ ਹੋ ਗਏ। ਉਸ ਰਾਤ 'ਕੱਲੀ ਸੀ ਘਰੇ। ਹਾਰਟ ਅਟੈਕ ਆਇਆ ਸੀ। ਸਵੇਰੇ ਮੈਨੂੰ ਫ਼ੋਨ ਕਰ ਕੇ ਕਹਿੰਦੀ, ਆਂਟੀ ਮੈ ਕੁਝ ਠੀਕ ਨਹੀਂ। ਤ੍ਰੇਲੀਆਂ ਆਈਆਂ ਸੀ ਰਾਤੀਂ ਤੇ ਹੁਣ ਮੈ ਡਾਕਟਰ ਦੇ ਚੱਲੀ ਆਂ। ਜੇ ਲੋੜ ਪਈ ਮੈ ਤੁਹਾਨੂੰ ਬੁਲਾਊਂਗੀ।"

ਬਸ ਇਹ ਮੇਰੀ ਆਖਰੀ ਗੱਲ ਸੀ ਉਸ ਨਾਲ਼।

ਤੇ ਉਸੇ ਦਿਨ ਉਹਦਾ ਐਕਸੀਡੈਂਟ ਹੋ ਗਿਆ। ਉਹਦੀ ਐਕਟਿਵਾ ਕਿਸੇ ਤੇਜ਼ ਕਾਰ 'ਚ ਵੱਜੀ ਤੇ ਉੱਥੇ ਹੀ ਮੁੱਕ ਗਈ।"

ਉਹੋਅਅਅ... ਮੇਰੇ ਮੂੰਹੋਂ ਇੰਨਾ ਹੀ ਨਿਕਲ਼ਿਆ ਤੇ ਮੈਂ ਫ਼ੋਨ ਰੱਖ ਦਿੱਤਾ।

ਉਹ, ਮੇਰੀ ਸਭ ਤੋਂ ਪਿਆਰੀ ਦੋਸਤ, ਮੇਰੀ ਰੂਹ ਦੀ ਰਾਜ਼ਦਾਰ, ਮੇਰੀ ਸਭ ਤੋਂ ਵੱਡੀ ਚੁਣੌਤੀ ਚੁੱਪ ਚਾਪ ਤੁਰ ਗਈ ਸੀ, ਕਿਸੇ ਅਨੰਤ ਸਫ਼ਰ 'ਤੇ, ਕਦੇ ਨਾ ਮੁੱਕਣ ਵਾਲ਼ੇ ਸਫ਼ਰ 'ਤੇ। ਜਿਹੋ ਜਿਹਾ ਉਹ ਚਾਹੁੰਦੀ ਸੀ। ਕਿ ਮੰਜ਼ਿਲ ਮਿਥੀ ਨਾ ਹੋਵੇ, ਸਫ਼ਰ ਦਾ ਹੀ ਮਜ਼ਾ।ਉਫ਼!!

ਮੈਂ ਆਪਣੇ ਆਪ ਵਿਚ ਨਹੀਂ ਰਹਿੰਦਾ। ਬਹੁਤ ਕੁਝ ਕੀਰਨਿਆਂ ਜਿਹਾ ਮੇਰੇ ਅੰਦਰ ਜੰਮ ਜਾਂਦਾ। ਮੇਰਾ ਦਮ ਜਿਹਾ ਘੁੱਟਣ ਲਗਦਾ।

ਜ਼ਿੰਦਗੀ 'ਚ ਕਿਸੇ ਰੌਣਕ ਦੇ ਪਰਤਣ ਦੀ ਉਡੀਕ ਕਰਨ ਲਗਦਾਂ ਪਰ ਇਹ ਆਸਾਨ ਨਹੀਂ ਲਗਦਾ। ਮੈਂ ਵੀ ਜਿਵੇਂ ਗੁਪਤਵਾਸ ਹੋ ਗਿਆ ਹੋਵਾਂ। ਕਈ ਮਹੀਨੇ ਮੈਂ ਵੀ ਸਭ ਨਾਲ਼ੋਂ ਨਾਤਾ ਤੋੜੀ ਰੱਖਿਆ।

ਤੇ ਇਕ ਦਿਨ

ਆਪਣਾ ਵਟਸਐਪ ਰੀਇੰਸਟਾਲ ਕਰਦਿਆਂ ਹੀ

ਫ਼ੋਨ 'ਤੇ ਕਿਸੇ ਦਾ ਮੈਸਜ ਆਉਂਦਾ।

"ਹੈਲੋ ਮਿਸਟਰ! ਕਿੱਥੇ ਗੁਆਚੇ ਸੀ! ਮੈਂ ਤੁਹਾਡੇ ਸ਼ਹਿਰ ਆਈ ਹਾਂ ਤੇ ਬੱਸ ਇਕ ਘੰਟਾ ਹੈ ਮੇਰੇ ਕੋਲ਼, ਮਿਲ਼ੀਏ?"

ਮੈ ਫ਼ੋਨ ਪਰ੍ਹੇ ਚਲਾ ਕੇ ਮਾਰਨਾ ਚਾਹੁੰਦਾਂ ਤਾਂ ਕਿ ਕਿਸੇ ਨਾਲ਼ ਕੋਈ ਵੀ ਗੱਲ ਨਾ ਕਰਾਂ ਪਰ ਫਿਰ ਮੈਸਜ ਕਰ ਦਿੰਨਾਂ, "ਆ ਜਾ।"

ਮੇਰੀ ਭਟਕਣਾ ਨੂੰ ਹੁਣ ਠੱਲ੍ਹ ਪਾਉਣਾ ਨਾਮੁਮਕਿਨ ਹੈ। 000

***(virkramandeep74@icloud.com***

***kilaraipur02@gmail.com***

***ਫੋਨ: +91-82646-91974)***

# ਆਖ ਦਮੋਦਰ...: ਕਹਾਣੀ: ਅਮਰਜੀਤ ਸਿੰਘ ਮਾਨ

"ਏਥੇ ਕਿਮੇ?"

"ਆਵਦੇ!... ਓ ਨਹੀਂ... ਸਾਡੇ ਆਲ਼ੇ ਦੇ ਝੋਨੇ ਦੀ ਰਾਖੀ ਆਇਆ ਵਿਆਂ।"

"ਪਹਿਲਾਂ ਕਦੇ ਦਿਖਿਆ ਨੀਂ?"

"ਤੈਨੂੰ ਦੱਸਾਂ! ਦੇਖ, ਕਬੀਲਦਾਰੀ ਦਾ ਗੱਡਾ ਗਲ਼ੋਂ ਲਾਹਿਆ ਹੋਇਆ। ਲਾਹਿਆ ਕੀ...ਕਦੇ ਜੁੜਿਆ ਈ ਨੀਂ ਸੀ ਗੱਡੇ ਮੂਹਰੇ। ਨਾ ਕੰਨ੍ਹਾ ਪਿਆ...ਨਾ ਪੱਕਿਆ।"

"ਪਹਿਲੀ ਵਾਰੀ ਆਇਆਂ?"

"ਨਾ...ਨਾ। ਕਦੇ ਡਿਕੇ-ਮੜਿਕੇ ਆ ਜਾਈਦਾ। ਵਾਹਲਾ ਓਹੀ ਹੁੰਦੈ। ਊਂ ਭੇਤ ਸਾਰਾ ਮੰਡੀ ਦਾ ...ਓ ਹ ਅ...ਓਏ...ਓਏ...! ਗੱਟਿਆਂ 'ਤੇ ਚੜ੍ਹਦਾ ਟੈਰ। ਥੋੜ੍ਹੀ ਗਾਹਾਂ ਲਜਾ ਕੇ ਪਰ੍ਹੇ ਨੂੰ ਲੈ ਕੇ ਆ। ...ਹਾਂ... ਹੁਣ ਲੰਘਜੂ। ਚਲ...ਚਲ!"

"ਜਮਾ ਨੀਂ ਦੇਖਦੇ ਲੋਕ?"

"ਦੇਖਣ ਕਿਮੇ...ਮੂਹਰੇ ਬੇਂਪਰ 'ਤੇ ਵੱਡਾ ਝੰਡਾ ਟੰਗਿਆ ਵਿਐ...ਪਿੱਛੇ ਆਹ ਡੀ ਜੇ ਆਲਿਆਂ ਵਰਗੇ ਸਪੀਕਰ ਨੀਂ ਕੁਛ ਦਿਖਣ ਦਿੰਦੇ।"

"ਬੱਸ ਰੱਬ ਆਸਰੇ ਚੱਲੀ ਜਾਂਦਾ ਸਭ ਕੁਛ।"

"ਹਾਂ ਇਹ ਤਾਂ ਹੈ ਈ। ਰੱਬ ਤੋਂ ਯਾਦ ਆਇਆ...ਕਹਿੰਦੇ ਤੋਕੀਂ ਰੱਬ ਦੀ ਮੇਹਰ ਰਹੀ ਐ...ਮੀਂਹ ਚੰਗੇ ਪੈ 'ਗੇ...ਝਾੜ ਵਧ ਗਿਆ ਜੀਰੀ ਦਾ। ਹੁਣ ਸਾਰੇ ਖੁਸ਼ ਨੇ। ਪਹਿਲਾਂ ਕਣਕ ਵੇਲ਼ੇ ਵਿਲਕਦੇ ਸੀ...ਅਖੇ ਗਰਮੀ 'ਗੇਤੀ ਪੈ ਗਈ...ਦਾਣੇ ਪਿਚਕ 'ਗੇ।"

"ਏਹ ਜਾਤ ਰੱਬ ਦੀ ਰਜ਼ਾ 'ਚ ਰਹਿਣ ਆਲ਼ੀ ਐ।"

"ਰਜ਼ਾ ਤਾਂ ਆਪੀ ਐ। ਦੇਖ...ਕਣਕ ਦੇ ਘਟੇ ਝਾੜ ਨੂੰ ਮਹੀਨੇ-ਸਵਾ ਮਹੀਨੇ 'ਚ ਭੁੱਲ ਗਿਆ ਤੇ ਹੁਣ ਚਾਂਭੜਾਂ ਪਾਉਂਦਾ ਨੀਂ ਥੱਕਦਾ। ਊਂ ਚਾਂਭੜਾਂ ਵੀ ਬਾਣੀਏ ਦਾ 'ਸਾਬ੍ਹ ਹੋਣ ਤਕ ਪਾਊ...ਝੋਨਾ ਤਾਂ ਸਾਰਾ ਖਾਈ ਬੈਠਾ। ਬਹੁਤੇ ਤਾਂ ਅਗਲੀ ਕਣਕ ਵੀ ਵਰਤੀ ਬੈਠੇ ਹੋਣੇ!"

"ਅਹੁ ਕਾਹਦਾ 'ਕੱਠ ਜਾ ਹੋ ਗਿਆ?"

"ਆ ਚਲੀਏ ...ਆਪਾਂ ਵੀ ਦੇਖੀਏ। ਲਗਦੈ ਭਈਏ ਲੜਪੇ!"

* * *

"ਲੜੇ ਨੀਂ। ਚੱਕਰ ਆ ਗਿਆ ਕਿਸੇ ਨੂੰ। ਦੌਰਾ ਪੈ ਗਿਆ।"

"ਪਾਸੇ ਹਟੀਂ...ਮੈਂ ਵੀ ਦੇਖਾਂ...। ...ਲੈ ਡਿੱਗਣਾ ਤਾਂ ਹੈ ਈ...ਪੈਂਤੀ ਕਿੱਲੋ ਤਾਂ ਭਾਰ ਆ ਮਸਾਂ...ਉਮਰ ਵੀ ਪੰਦਰਾਂ ਸੋਲ਼ਾਂ ਲਗਦੀ ਆ। ਉੱਤੋਂ ਪੰਦਰਾਂ-ਪੰਦਰਾਂ ਘੰਟੇ ਕੰਮ।"

"ਓ ਪਾਸੇ ਹੋ ਜੋ...ਹਵਾ ਆਉਣ ਦਿਓ। ਪਾਣੀ ਦੇ ਛਿੱਟੇ ਮਾਰੋ ਮੂੰਹ 'ਤੇ।"

"ਹਾਂ...ਹਾਂ...ਅੱਖਾਂ ਖੋਲ੍ਹ ਲੀਆਂ। ਉੱਠ ਕੇ ਬਹਿ ਗਿਆ। ਸ਼ੁਕਰ ਆ ਉਤਲੇ ਦਾ...ਰਾਮ ਕਰਲੈ, ਓਹ ਗੱਟਿਆਂ 'ਤੇ ਪੈ ਜਾ।"

"ਢੇਰੀ ਕੋਲ਼ ਚੱਲੀਏ?"

"ਚੱਲ...ਚੱਲ। ਢੇਰੀ ਕੋਲ਼ ਵਗ ਜਾਨੇ ਆਂ। ਏਥੇ ਵੀ ਕੀ ਕਰਨਾ, ਮੁੰਡਾ ਠੀਕ ਆ ਹੁਣ। ਦੇਖ ਊਂ ਗੱਲ ਆ ਇਕ...ਆਪਣੇ ਆਲ਼ੇ ਹੱਟੇ ਕੱਟੇ ਐਸ਼ੀ ਪੱਠੇ ਬਣਗੇ...ਕੰਮ ਛੱਡ 'ਗੇ। ਬਾਹਰਲੇ ਸੂਬਿਆਂ ਤੋਂ ਆ ਕੇ ਇਹ ਜਵਾਕ ਜੇ ਵੀ ਕੰਮ ਕਰੀ ਜਾਂਦੇ ਆ..."

"ਜਿਮੇ ਆਪਣੇ ਆਲ਼ੇ ਕਨੇਡਾ ਜਾ ਕੇ ਕਰਦੇ ਆ?"

"ਬੱਸ...ਬੱਸ, ਸਮਝਦਾਰ ਐਂ ਤੂੰ।"

* * *

"ਓ ਚੱਲ ਛੱਡ ਯਰ ਬੁੜ੍ਹੀਆਂ ਨਾਲ ਕਾਹਤੋਂ ਜਿਦੀ ਜਾਨੈ..."

"ਜਿਦੀਏ ਨਾ...ਹੋਰ ਕੀ ਕਰੀਏ? ਪੰਦਰਾਂ ਟੋਲੀਆਂ ਫਿਰਦੀਆਂ!
ਪਹਿਲਾਂ ਜਮਾ ਨੀਂ ਪਾਣੀ ਪੁੱਛਦੀਆਂ ਤੇ ਜਦੋਂ ਤੋਲ ਲੱਗਣਾ...ਫੇਰ ਦੇਹ ਗੇੜੇ ਤੇ ਗੇੜਾ।"

"ਐਂ ਤਾਂ ਭਾਈ ਸੋਡੀ ਮਾੜੀ ਗੱਲ ਐ...ਐਂ ਤਾਂ ਨੀਂ ਹੁੰਦਾ ਬੀ ਜਦੋਂ ਤੋਲ ਲੱਗਣਾ, ਬੰਦੇ ਨੂੰ ਤੇਹ ਉਦੋਂ ਈ ਲੱਗੂ ਤੇ ਤੁਸੀਂ ਉਦੋਂ ਈ ਪਾਣੀ ਪੁੱਛਣਾ!"

"ਅਸੀਂ ਤਾਂ ਗੇੜਾ ਦਿੰਦੀਆਂ ਰਹਿਨੀਆਂ ਜੀ ...ਜਿਹਨੂੰ ਤੇਹ ਹੋਵੇ ਅਗਲਾ ਆਪੇ 'ਵਾਜ ਮਾਰ ਲੈਂਦਾ।"

"ਠੀਕ ਐ...। ਚੱਲ ਪਾ ਦੇ ਯਰ ਸੇਰ ਕੁ ਮੇਰੇ ਕਹੇ ਤੋਂ...ਨਾਲੇ ਬਾਲਟੀ 'ਚੋਂ ਪਾਣੀ ਪੀ ਲੈ। ਚੱਲ ਭਾਈ ਤੂੰ ਵੀ ਭਰ ਗੜਬੀ।"

"ਇਹਨਾਂ ਨੂੰ ਤਾਂ ਪਾ ਦਿੰਨਾ...ਜਿਹੜੀਆਂ ਹੋਰ ਆਉਣਗੀਆਂ ਉਹਨਾਂ ਨੂੰ ਪਹਿਲਾਂ ਈ ਜਬਾਵ ਐ।"

"ਚੱਲ ਕੋਈ ਨਾ ਯਰ...ਐਂ ਤਾਂ ਆਪਾਂ ਬੀਜਣ ਵੇਲ਼ੇ ਈ ਆਖ ਦਿੰਨੇ ਆਂ...ਅਖੇ ਗਰੀਬ ਗੁਰਬੇ ਦੇ ਭਾਗੀਂ।"

"ਗਰੀਬ ਆਪ ਨੀਂ ਨਾ ਕੁਛ ਸੋਚਦੇ?"

"ਓ ਚੱਲ ਛੱਡ ਯਰ...ਦੁਨੀਆਂ ਐਮੇ ਤਾਂ ਨੀਂ ਅੰਨਦਾਤਾ ਆਖਦੀ। ਇਹਨਾਂ ਦੇ ਸੇਰ-ਦੁਸੇਰ ਨਾਲ ਕੋਈ ਫਰਕ ਨੀਂ ਪੈਂਦਾ। ਚਲੋ ਕੁੜੇ ਤੁਸੀਂ ਵੀ...ਤੋਲ ਲੱਗਣ ਤੋਂ ਪਹਿਲਾਂ ਵੀ ਪਾਣੀ ਪੁੱਛ ਲਿਆ ਕਰੋ।"

"ਲੈ ਓਧਰ ਦੇਖ...ਤੂੰ ਤਾਂ ਕਹਿੰਦਾ ਸੀ ਨਾ...ਗਰੀਬ! ਲੈ ਔਹ ਦੇਖ। ਜੀਰੀ ਵਾਲੀ ਬਾਲਟੀ ਤਾਂ ਭਰਨੀ ਈ ਸੀ...ਪਾਣੀ ਡੋਹਲ ਕੇ ਉਹ ਵੀ ਭਰ 'ਲੀ ਤੇ ਡਾਲੇ ਤੋਂ ਛਾਲ ਮਾਰਦੀ ਜਮਾ ਨੀਂ ਡਰੀ।"

"ਇਹ ਤਾਂ ਰੱਬ ਲੈਣਾ ਆ ਗਿਆ ਜਮਾ...ਮੈਂ ਡਰੈਵਰ ਨੂੰ ਦੱਸਦਾਂ। ਓਹਦੀ ਮਗਰ ਨਿਗ੍ਹਾ ਨੀਂ...ਕੱਲਾ ਮੂਹਰੇ ਧਿਆਨ ਐ।"

"ਡਰੈਵਰ ਨੇ ਤਾਂ ਆਪ ਇਛਾਰਾ ਕੀਤਾ। ਜੀਰੀ ਓਹਦੀ ਆਵਦੀ ਨੀਂ... ਕਿਸੇ ਲਿਹਾਜ਼ੀ ਦੀ ਹੋਣੀ!"

"ਲੈ ਯਰ ਐਂ ਥੋੜ੍ਹੀ ਹੁੰਦੈ...ਪਤੰਦਰਾ ਤੇਰੇ ਦੋਸਤ ਨੇ ਤੇਰੇ 'ਤੇ ਯਕੀਨ ਕਰ ਕੇ ਤੈਨੂੰ ਟਰਾਲੀ ਝੋਨੇ ਦਾ ਮਾਲਕ ਬਣਾ ਕੇ ਮੰਡੀ ਭੇਜਿਆ...ਇਹ ਐਂ ਲੁਟਾਉਣ ਵਾਸਤੇ ਥੋੜ੍ਹੀ ਭੇਜਿਆ! ਯਰ ਜਮਾਂ ਪੁੱਛ ਨਾ...ਦੁਨੀਆਂ ਸਿਰੇ ਲੱਗੀ ਖੜ੍ਹੀ ਐ। ਵਾਹਗੁਰੂ ...ਵਾਹਗੁਰੂ। ਵਾੜ ਈ ਖੇਤ ਨੂੰ ਖਾਣ ਲੱਗ 'ਪੀ...ਹੋਰ ਕਿਹਨੂੰ ਕਹਿੰਦੇ ਹੋਣੇ! ਚਲ ਰੱਬ ਓਹਨੂੰ ਵਾਹਲਾ ਦੇਵੇ...ਤੇ ਚੋਰਾਂ ਨੂੰ ਸਬਰ ਦੇਵੇ।"

* * *

"ਹੋਰ ਬਾਈ ਠੀਕ ਓਂ?...ਮੁਲਾਜਮ ਲਗਦੈਂ?"

"ਹਾਂ ਜੀ...ਮਾਸਟਰ ਆਂ।"

"ਧੰਨਭਾਗ...ਧੰਨਭਾਗ। ਨਾਲੇ ਮਾਸਟਰੀ, ਨਾਲੇ ਕਰਸਾਨੀ। ਪਹਿਲਾਂ ਆਹ ਢੇਰੀ ਦੀ ਰਾਖੀ ਹੋਰ ਮੁੰਡਾ ਸੀ?"

"ਨੌਕਰ ਸੀ।"

"ਊਂ ਗੱਲ ਆ ...ਗੁੱਸਾ ਤਾਂ ਨੀਂ ਕਰਦਾ?...ਨਜ਼ਾਰੇ ਨੇ ਮਾਸਟਰਾਂ ਨੂੰ। ਅੱਧੇ ਦਿਨੋਂ ਸਕੂਲੋਂ ਆ ਕੇ ਕਿੰਨਾ ਮਰਜ਼ੀ ਵਾਹਣ ਸਾਂਭ ਲੈਣ। ਬੀਜਣ-ਵੱਢਣ ਵੇਲੇ ਛੁੱਟੀਆਂ ਮਿਲ ਜਾਂਦੀਆਂ। ਹਣਾਂ! ਸਾਡੇ ਗੁਆਂਢ ਇਕ ਪੁਲਸੀਆ ਵੀ ਵਾਹੀ ਕਰਦਾ। ਅਸਲ 'ਚ ਵਾਹੀ ਤਾਂ ਹੁਣ ਸ਼ਾਹੀ ਹੋ 'ਗੀ। ਜਿਮੇ ਗਾਣੇ ਆਲੀ ਕਹਿੰਦੀ ਆ, ਅਖੇ; ਕੱਢਣ ਮੋਟਰਾਂ ਪਾਣੀ, ਟਰੈਕਟਰ ਕਰਦੇ ਵਾਹੀ ਵੇ। ਮੋਟਰਾਂ 'ਤੇ ਭਈਏ ਲੱਗੇ ਨੇ...ਆਪੇ ਚਲਾ ਦਿੰਦੇ ਆ। ਟਰੈਕਟਰ ਵਾਹਣ ਵਾਹੁਣ ਨੂੰ ਤੇ ਆਉਣ-ਜਾਣ ਨੂੰ ਮੋਟਰਸਾਈਕਲ। ਕਿ ਨਈਂ!"

"ਆਵਦੇ ਬਾਰੇ ਵੀ ਦੱਸੋ ਕੁਛ!"

"ਮੈਂ...ਵੱਡੇ ਮੌੜਾਂ ਤੋਂ ਆਂ। ਸਾਡੇ ਆਲਾ ਵਾਹੀ ਕਰਦੈ। ਔਹ ਢੇਰ ਆ ਸਾਡਾ।"

"ਸੋਡੇ ਆਲਾ ਕਿਮੇ? ਤੁਸੀਂ ਆਪ ਨੀਂ ਵਾਹੀ ਕਰਦੇ?"

"ਅਸਲ ਗੱਲ ਇਹ ਆ ਮਾਸਟਰ ਜੀ...ਸਾਡਾ ਬੁੜ੍ਹਾ ਸੀ ਬੇਅਕਲਾ...ਓਹਨੂੰ ਐਨਾ ਵੀ ਨੀਂ ਪਤਾ ਸੀ...ਬੀ ਪਹਿਲਾਂ ਵੱਡਾ ਮੁੰਡਾ ਵਿਆਉਣਾ ਕਿ ਛੋਟਾ! ਓਹਨੇ ਛੋਟਾ ਵਿਆਹ ਲਿਆ...ਅਖੇ; ਵੱਡਾ ਤਾਂ ਬਜੋਰੱਤਾ। ਫੇਰ ਮੈਨੂੰ ਵੱਡੇ ਨੂੰ ਕੀਹਨੇ ਡੋਲਾ ਦੇਣਾ ਸੀ। ਆਹ ਦੇਖਲਾ ਮੇਰਾ ਬੱਜ...ਕੀ ਹੋਇਆ! ਮਾੜੇ 'ਜੇ ਪੈਰ ਵਿੰਗੇ ਨੇ...ਇਹ ਵੀ ਜਮਾਂਦਰੂ ਨੇ। ਤੇ ਟੈਮ ਪੈ ਕੇ ਆਪਾਂ ਵੀ ਸਬਰ ਕਰ ਲਿਆ ਤੇ ਆਪਾਂ ਰੱਬ ਦੇ ਜਮਾਈ ਬਣ 'ਗੇ ਫੇਰ। ਮੰਡੀ ਵੀ ਅੱਜ ਈ ਆਇਆਂ...ਕਿਹਾ ਤਾਂ ਭਾਮੇਂ ਛੋਟੇ ਨੇ ਸੀ...ਪਰ ਮਰਜ਼ੀ ਮੇਰੀ ਆਵਦੀ ਸੀ...ਮਖਿਆਂ ਮੰਡੀ ਦੇ ਰੰਗ ਢੰਗ ਦੇਖ ਆਈਏ।"

"ਤੇ ਭਰਜਾਈ ਫੜਾਉਂਦੀ ਐ ਰੋਟੀ ਟੁੱਕ?"

"ਹੂੰ...। ਮਸ਼ਕਰੀ ਕਰਦੈਂ ਮਾਸਟਰਾ। ਚੱਲ ਕੋਈ ਨਾ...ਦੋ ਜੁਆਕ ਨੇ, ਮੁੰਡਾ ਤੇ ਕੁੜੀ ...ਕਾਲਜ਼ ਪੜ੍ਹਦੇ ਆ। ਤਾਇਆ ਤਾਇਆ ਕਰਦਿਆਂ ਦਾ ਮੂੰਹ ਸੁੱਕਦਾ। ਤੇ ਭਰਜਾਈ...ਓਹ ਵੀ ਬਾਈ ਬਿਨਾਂ ਨੀਂ ਬੋਲਦੀ। ਦੇਖ ਹੁੰਦੀ ਤਾਂ ਭਾਵੇਂ ਚਾਰ ਓਰੇ ਜਮੀਨ ਕਰਕੇ ਈ ਆ, ਪਰ ਫੇਰ ਵੀ ਵਧੀਆ ਪੁੱਛਗਿੱਛ ਐ। ਮੈਂ ਵੀ ਮਨ ਸਮਝਾਇਆ ਹੋਇਆ ਬੀ ਸਾਰਾ ਕੁਛ ਇਹਨਾਂ ਦਾ ਈ ਆ। ...ਚੱਲ ਛੱਡ, ਕੋਈ ਹੋਰ ਗੱਲ ਕਰ।"

"ਔਹ ਕਾਹਦਾ ਰੌਲਾ ਪੈ ਗਿਆ?"

"ਚੱਲ ਆ ਦੇਖਦੇ ਆਂ।"

"ਜੱਟ ਤਾਂ ਖਾਸਾ ਹਰਖਿਆ ਵਿਐ...ਹੱਕ ਵੀ ਆ। ਡਰੰਮੀ ਖਰਾਬ ਆ...ਕਿੰਨੇ ਦਾਣੇ ਝਾਰ 'ਚ ਕੱਢੀ ਜਾਂਦੀ ਐ...ਐਂ ਤਾਂ ਤੀਜਾ ਹਿੱਸਾ ਝਾਰ 'ਚ ਵਗ ਜਾਣਗੇ।"

"ਝਾਰ ਲਾਉਣੋਂ ਰੋਕ ਦੇ ਬਾਈ...ਆੜ੍ਹਤੀਏ ਨਾਲ ਗੱਲ ਕਰ।"

"ਕਰ 'ਲੀ।"

"ਕੀ ਕਹਿੰਦਾ?"

"ਕਹਿੰਦਾ ਡਰੰਮੀ ਬਦਲ ਦਿੰਨੇ ਆਂ।"

"ਫੇਰ ਤਾਂ ਠੀਕ ਆ। ਜੇ ਨਾ ਬੋਲਦਾ ਉੱਡਗੀ ਸੀ ਤੀਜੇ ਹਿੱਸੇ ਦੀ।...ਚੱਲੀਏ ਮਾਸਟਰ ਜੀ...ਤੇਰੇ ਵੀ ਤੋਲ ਲੱਗੀ ਜਾਂਦਾ...ਕਿਤੇ ਹੋਰ ਨਾ ਗੱਟਾ ਏਧਰ ਓਧਰ ਕਰ ਦੇਣ ਸਾਡੇ ਆਲੇ ਫੌਜੀ ਆਂਗੂੰ।"

"ਕੌਣ ਫੌਜੀ?...ਕਿਮੇ?"

"ਸਾਡਾ ਗੁਆਂਢੀ ਐ। ਫੌਜ 'ਚੋਂ ਰਟੈਰ ਹੋ ਕੇ ਵਾਹੀ ਕਰਨ ਲੱਗ ਪਿਆ। ਕੁਛ ਵਾਹਣ ਆਵਦਾ...ਕੁਛ ਠੇਕੇ 'ਤੇ ਲੈ ਲੈਂਦਾ। ਅਸੀਂ ਤਾਂ ਕਿਹਾ ਸੀ ਬੀ ਕਿਓਂ ਮਿੱਟੀ 'ਚ ਮੱਥਾ ਮਾਰਦੈਂ...ਕੋਈ ਦਮ ਨੀਂ ਏਹਦੇ 'ਚ। ਸਾਬਕਾ ਫੌਜੀਆਂ ਨੂੰ ਨੌਕਰੀਆਂ 'ਚ ਪਹਿਲ ਐ...ਕੋਈ ਹੋਰ ਨੌਕਰੀ ਭਾਲ ਲੈ। ਪਰ ਮੰਨਿਆ ਨੀਂ...ਕਹਿੰਦਾ; ਨੌਕਰੀ 'ਚ ਨੌਕਰਾਂ ਆਂਗੂ ਮਸੂਸ ਹੁੰਦਾ...ਬੰਦਾ ਬੰਧੂਆ ਬਣ

ਜਾਂਦਾ ਮਾਲਕਾਂ ਦਾ। ਮਾਲਕਾਂ ਦੀ ਮਰਜ਼ੀ ਬਿਨਾਂ ਕਿਤੇ ਆ-ਜਾ ਨੀਂ ਸਕਦਾ। ਬਸ, ਪਖਾਣੇ ਵਾਂਗੂੰ ਨੌਕਰੀ ਨੂੰ ਨਖਿੱਧ ਮੰਨਦੈ। ਕਹਿੰਦਾ; ਵਾਹੀ ਸਰਦਾਰੀ ਕਿੱਤਾ। ਰਟੈਰਮੈਂਟ ਤੋਂ ਮਿਲੇ ਪੈਸਿਆਂ ਨਾਲ ਵੱਡਾ ਟਰੈਕਟਰ ਲੈ ਲਿਆ...ਟਰਾਲਾ ਬਣਾ ਲਿਆ। ਹੋਰ ਸਾਰੇ ਸੰਦ ਬਣਾ ਲਏ , ਜਿਹੜੇ ਅੱਜ ਕੱਲ ਚਲਦੇ ਨੇ। ਘਰਵਾਲੀ ਤੇ ਜਵਾਕ ਬਥੇਰਾ ਕਲਪੇ...ਬੀ ਕੀ ਕੱਢੇਂਗਾ ਲੋਹੇ 'ਚੋਂ। ਪਰ ਟਲ਼ਿਆ ਨੀਂ...।"

"ਗੱਲ 'ਤੇ ਆ।"

"ਗੱਲ 'ਤੇ ਆਵਾਂ...ਠੀਕ ਐ। ਗੱਲ ਐਂ ਸੀ...ਓਹਦੀ ਜੀਰੀ ਭਰੀ ਜਾਂਦੇ ਸੀ। ਓਹ ਹੈ ਗਾਲੜੀ...ਅਖੇ; ਜੀਹਨੇ ਲਾਈ ਗੱਲੀਂ ਓਸੇ ਨਾ' ਉੱਠ ਚੱਲੀ। ਕਿਸੇ ਨਾਲ ਗੱਲਾਂ ਕਰਦਾ ਕਰਦਾ ਖੱਬੇ ਸੱਜੇ ਵਾ' ਗਿਆ।ਜਦੋਂ ਨੂੰ ਮੁੜਕੇ ਆਇਆ...ਲੇਬਰ ਨੇ ਤਿੰਨ ਚਾਰ ਗੱਟੇ ਤਰਪਾਲ ਥੱਲੇ ਲਕੋਅਤੇ। ਐਵੇਂ ਤਾਂ ਨੀਂ ਕਹਿੰਦੇ, ਅਖੇ; ਜਾਗਦਿਆਂ ਦੀਆਂ ਕੱਟੀਆਂ ਤੇ ਸੁੱਤਿਆਂ ਦੇ ਕੱਟੇ...ਓਹ ਤਾਂ ਕੁਦਰਤੀਂ ਤਰਪਾਲ ਦੂਜੇ ਪਿੜ ਆਲ਼ਿਆਂ ਦੀ ਸੀ। ਓਹਨਾਂ ਨੇ ਤਰਪਾਲ ਚੱਕ 'ਲੀ...ਥੱਲਿਓਂ ਬਿਨਾਂ ਸਿਓਂਤੇ ਗੱਟੇ ਨਿੱਕਲ ਆਏ। ਫੌਜੀ ਨੂੰ ਪਤਾ ਲਾ' ਗਿਆ। ਪੈ ਗਿਆ ਫੇਰ ਕਲੇਸ।"

"ਕਿਮੇ ਨਿਬੜਿਆ?"

"ਨਿੱਬੜਨਾ ਕਿਮੇ ਸੀ...ਆੜ੍ਹਤੀਆ ਆ ਗਿਆ। ਓਹਨੇ ਚਾਰ ਗਾਲ਼ਾਂ ਲੇਬਰ ਦੇ ਠੇਕੇਦਾਰ ਨੂੰ ਕੱਢੀਆਂ...ਕੁਛ ਉੱਚਾ-ਨੀਮਾ ਤੋਲੇ ਨੂੰ ਬੋਲਿਆ। ਕਹਿੰਦਾ; ਦੁਕਾਨ 'ਤੇ ਚੱਲੋ ,ਸੋਡਾ ਸਾਬ੍ਹ ਕਰਦਾਂ। ਮਾੜਾ ਮੋਟਾ ਫੌਜੀ ਨੂੰ ਵੀ ਕਿਹਾ ਬੀ ਤੂੰ ਆਵਦੀ ਨਿਗ੍ਹਾ ਰੱਖਣੀ ਸੀ। ...ਇਕ ਗੱਲ ਦੱਸਾਂ ਮਾਸਟਰ ਜੀ...ਇਹ ਜਿਹੜਾ ਜੱਟ ਹੁੰਦਾ ਨਾ, ਇਹ ਜਿੰਨਾ ਛੇਤੀ ਅੱਗ ਦੇ ਭਮੂਕੇ ਵਾਂਗੂੰ ਮੱਚਦਾ...ਓਨੀ ਤੇਜੀ ਨਾਲ ਈ ਠੰਡਾ ਹੁੰਦਾ। ਤੇ ਠੇਕੇਦਾਰ ਤੇ ਤੋਲੇ ਆਲ਼ੀ ਗੱਲ ਵੀ ਦੱਸਾਂ...ਤੁਸੀਂ ਪੜ੍ਹੇ ਲਿਖੇ ਓਂ ਤਾਂ ਕਰਕੇ ਸਾਂਝੀ ਕਰਦਾਂ। ਬਾਣੀਏ ਨੇ ਸਾਬ੍ਹ-ਸੂਭ ਕਿਹੜਾ ਕਰਨਾ...ਓਹਨਾਂ ਨੂੰ ਕਿਸੇ ਹੋਰ ਸੈਂਟਰ ਭੇਜ 'ਤਾ ਹੋਣਾ, ਓਥੋਂ ਆਲ਼ਿਆਂ ਨੂੰ ਏਥੇ ਸੱਦ ਲਿਆ ਹੋਊ। ਇਕ ਗੱਲ ਹੋਰ...ਦੇਖ ਜੱਟ ਨੇ ਆੜ੍ਹਤ 'ਤੇ ਕਦੇ ਕਦਾਈਂ ਜਾਣਾ ਹੁੰਦਾ, ਤੇ ਤੋਲੇ ਹੁਰਾਂ ਨੇ ਰੋਜ ਓਥੇ ਰਹਿਣਾ ਹੋਇਆ। ਬਾਣੀਏ ਨੇ ਇਹਨਾਂ ਤੋਂ ਘਰ ਦੇ ਹੋਰ ਕੰਮ ਵੀ ਲੈਣੇ ਹੁੰਦੇ...ਫੇਰ ਇਹਨਾਂ ਨੂੰ ਜੱਟ ਨੇੜੇ ਕਿ ਤੋਲੇ ਹੋਰੀਂ...ਤੂੰ ਆਪ ਸੋਚ।"

"ਚੱਲ ...ਆਪਾਂ ਕੀ ਲੈਣਾ!"

"ਹੈਥੇ ਈ ਤਾਂ ਮਾਰ ਖਾਨੇ ਆਂ, ਅਖੇ;ਆਪਾਂ ਕੀ ਲੈਣਾ! ਠੀਕ ਐ...ਮੈਂ ਤਾਂ ਗਾਣੇ ਆਲ਼ੇ ਵਾਂਗੂੰ ਉੱਠ ਦੀ ਪੂਛ ਵਰਗਾਂ...ਤੁਸੀਂ ਦੇਖੋ।"

"ਅੱਗੇ ਦੱਸ...ਕੀ ਹੋਇਆ?"

"ਹੋਣਾ ਕੀ ਸੀ... ਫੌਜੀ ਠੰਢਾ ਹੋ ਗਿਆ। ਕਹਿੰਦਾ; ਜਿਹੜੇ ਚੋਰ ਸੀ ਭਜਾਤੇ ਲਾਲੇ ਨੇ। ਓਹ ਕੀ ਜਾਣੇ ਲਾਲੇ ਤੇ ਤੋਲੇ ਦੀ ਰਲ਼ੀ ਹੋਈ ਸੀਟੀ ਨੂੰ...ਕਿ ਨਈਂ।"

* * *

"ਚਲੋ ਮਾਸਟਰ ਜੀ ਤੇਰੀ ਢੇਰੀ ਕੋਲ਼ੇ ਕੋਈ ਤਰਪਾਲ ਤਰਪੂਲ ਤਾਂ ਹੈ ਨੀਂ। ਊਂ ਕਿ ਗੱਲ ਦੀ ਸਮਝ ਨੀ ਆਈ... ਬੀ ਇਹ ਗੱਟਾ ਸਾਢੇ ਸੈਂਤੀ ਕਿੱਲੋ ਈ ਕਿਓਂ ਭਰਦੇ ਨੇ ਭੜੂਏ...? ਪਤਾ ਨੀ ਕਿਹੜੇ ਅਫ਼ਸਰ ਨੇ ਇਹ ਰੈਅ ਦਿੱਤੀ ਹੋਣੀਂ...ਬਈ ਏਨਾ ਈ ਭਰਨਾ? ਓਹ ਭਲੇਮਾਨਸੋ ...ਤੁਸੀਂ ਪੈਂਤੀ ਕਿੱਲੋ ਦਾ ਕਰਲੋ ਜਾਂ ਪੂਰੇ ਮਣ ਦਾ ਕਰਲੋ...ਸਿੱਧ ਪੱਧਰਾ ਜੱਟ ਵੀ ਜੋੜ 'ਲੇ ਬੀ ਕਿੰਨੇ ਮਣ ਹੋ 'ਗੇ। ਸੋਨੂ ਪਤਾ ਕੁਛ ਏਹਦੇ ਬਾਰੇ...ਬੀ ਕੀਹਦੇ ਮਨ ਦੀ ਕਾਢ ਐ ਏਹੇ?"

"ਪੁੱਛਦਾਂ।"

"ਪੁੱਛ ਫੇਰ। ਕੌਣ ਐ?"

"ਪਨਗਰੇਨ ਦਾ ਇੰਸਪੈਕਟਰ ਮੇਰਾ ਦੋਸਤ ਆ?"

* * *

"...ਕੀ ਕਹਿੰਦਾ?"

"ਕਹਿੰਦਾ, ਬਾਰਦਾਨੇ ਦੀ ਬੱਚਤ ਈ ਮੁੱਖ ਮਕਸਦ ਆ। ਪਹਿਲਾਂ ਪੈਂਤੀ ਕਿੱਲੋ ਈ ਭਰਦੇ ਸੀ ਤੇ ਗੱਟਾ ਵਾਹਵਾ ਊਣਾ ਰਹਿ ਜਾਂਦਾ ਸੀ... ਫੇਰ ਕਿਸੇ ਨੇ ਕਹਿ 'ਤਾ ਬੀ ਢਾਈ ਕਿੱਲੋ ਦਾਣੇ ਹੋਰ ਪੈ ਜਾਣਗੇ। ਤੇ ਇਹ ਸਾਢੇ ਸੈਂਤੀ ਕਿੱਲੋ ਹੋ 'ਗੇ।"

"ਕਮਾਲ ਆ ਮਾਸਟਰਾ...ਦਮਾਗ ਲੜਾਉਣ ਆਲ਼ੇ ਦੇ। ਹੁਣ ਪੂਰੇ ਪੰਜਾਬ 'ਚ ਨਿਗ੍ਹਾ ਮਾਰੀਏ ਢਾਈ ਢਾਈ ਕਿੱਲੋ ਮਗਰ ਕਿੰਨਾ ਬਾਰਦਾਨਾ ਬਚਦਾ ਹੋਣੈ। ਹਣਾਂ! ਬਾਰਦਾਨੇ ਤੋਂ ਇਕ ਗੱਲ ਯਾਦ ਆ 'ਗੀ...ਸੁਣਾਮਾ?"

"ਸੁਣਾ ਦੇ। ਨਾਲੇ ਟੈਮ ਪਾਸ ਹੋ ਜੂ।"

"ਲੈ ਸੁਣ ਫੇਰ...ਸਾਡੀ ਨਾ ਇਕ ਗੁਆਂਢਣ ਹੁੰਦੀ ਸੀ...ਹੁਣ ਤਾਂ ਵਿਚਾਰੀ ਵਾ 'ਗੀ ਅਗਲੇ ਜਹਾਨ। ਜਦੋਂ ਓਹਦਾ ਬੰਦਾ ਦਾਣਾ ਮੰਡੀ 'ਚੋਂ ਘਰੇ ਗਿਆ ਤੇ ਅਗਲੀ ਨੇ ਸੁਭਾਇਕੀ ਪੁੱਛ ਲਿਆ, ਕਹਿੰਦੀ; ਤੁਲ 'ਗੀ ਜੀਰੀ? ਉਹ ਕਹਿੰਦਾ ਬੋਲੀ ਤਾਂ ਲਾਗੀ...ਪਰ ਮੌਕੇ 'ਤੇ ਬਰਦਾਨਾ ਮੁੱਕ ਗਿਆ। ਵਿਚਾਰੀ ਮੂੰਹ ਜਾ ਬਣਾ ਕੇ ਕਹਿੰਦੀ...ਮਾੜਾ ਹੋਇਆ। ਭਲਾਂ ਉਮਰ ਕਿੰਨੀ ਕੁ ਸੀ? ਆੜ੍ਹਤੀਆ ਸੀ ਕਿ ਧਾਨਕਾ? ਤੇ ਉਹ ਭਾਈ ਮਾਹਤੜ ਮਾਰੇ ਮੱਥੇ 'ਤੇ ਹੱਥ... ਕਹਿੰਦਾ; ਬੌਲੀਏ ਬੋਰੀਆਂ ਨੂੰ ਕਹਿੰਦੇ ਨੇ...ਬੋਰੀਆਂ ਖਤਮ ਹੋ 'ਗੀਆਂ।"

"... ... ... ..."

"ਚਲ ਮਾਸਟਰਾ ਹਾਸੀ ਰੋਕ... ਓਸੇ ਦੀ ਇਕ ਗੱਲ ਹੋਰ ਸੁਣ।"

"ਰਹਿਣ ਦੇ ਯਰ..."

"ਨਾ ਇਕ ਤਾਂ ਹੋਰ ਸੁਣਾਊਂ... ਭਾਮੇਂ ਹੱਸਦਾ ਹੱਸਦਾ ਸੁਣ...!"

"... ... ... ..."

"ਕੇਰਾਂ ਓਹਨੇ ਲੈਣੀ ਸੀ ਮੱਛਰਦਾਨੀ। ਘਰੋਂ ਪੈਸੇ ਲੈ ਕੇ ਮੰਡੀ ਵਾ 'ਗੀ। ਕਪੜਿਆਂ ਆਲ਼ੀ ਦੁਕਾਨ 'ਤੇ ਜਾ ਕੇ ਪੁੱਛ ਲਿਆ, ਕਹਿੰਦੀ; ਬਾਈ ਮੱਛਰਦਾਨੀ ਲੈਣੀ ਆ। ਓਹ ਕਹਿੰਦਾ ਭਾਈ, ਉਹ ਤਾਂ ਬਸਾਤੀ ਆਲ਼ਿਆਂ ਕੋਲ਼ੋਂ ਮਿਲੂ। ਸਾਡੇ ਕੋਲ਼ੇ ਤਾਂ ਕੱਲਾ ਕੱਪੜਾ ਹੁੰਦਾ। ਓਹ ਭਾਈ ਜਿਓਂ ਲੱਗੀ ਮੰਡੀ ਦੇ ਇਕ ਪਾਸਿਓਂ ਪੁੱਛਣ ਬੀ ਬਸੰਤੀ ਦੀ ਦੁਕਾਨ ਕਿਹੜੀ ਐ?... ਅਜੇ ਹੱਸ ਨਾ ਮਾਸਟਰਾ...ਪੂਰੀ ਸੁਣ...ਮੰਡੀ ਦੇ ਦੂਜੇ ਪਾਸੇ ਪੁੱਜ ਗਈ। ਹੁਣ ਜੇ ਤਾਂ ਕੋਈ ਬਸੰਤੀ ਹੋਵੇ...ਓਹ ਬੋਲੇ ਬੀ ਬੀਬੀ ਕੀ ਲੈਣਾ। ਆਖਿਰ ਅੱਕ 'ਗੀ। ਤੇ ਫੇਰ ਭਾਈ ਰੱਬ ਤੇਰਾ ਭਲਾ ਕਰੇ...ਹੱਸਦਾਂ ਵਾਹਲਾ ਮਾਸਟਰਾ...। ਤੂੰ ਸੁਣੀ ਚੱਲ। ...ਜਮਾ ਟੇਸ਼ਨ ਕੋਲ਼ ਜਾ ਕੇ ਅਖੀਰਲੀ ਦੁਕਾਨ ਹਲਵਾਈ ਦੀ ਐ...ਓਹਨੂੰ ਪੁੱਛ ਲਿਆ ਜਾ ਕੇ, ਅਖੇ; ਭਾਈ ਬਸੰਤੀ ਦੀ ਦੁਕਾਨ ਆਹਾ! ਓਹ ਕਹਿੰਦਾ; ਭਾਈ ਸਾਡਾ ਨਾਂ ਤਾਂ ਹੇਮਰਾਜ ਆ। ਲਾ'ਗੀ ਬੁੜਬੁੜ ਕਰਨ...ਕਪੜੇ ਆਲ਼ੇ ਬਾਣੀਏ ਨੂੰ ਬੁਰਾ ਭਲਾ ਕਹਿਣ। ਹੇਮਾ ਸਿਆਣਾ ਸੀ...ਓਹਨੇ ਪੁੱਛ ਲਿਆ ਬੀ ਭਾਈ ਲੈਣਾ ਕੀ ਆ?

ਕਹਿੰਦੀ; ਮੱਛਰਦਾਨੀ ਲੈਣੀ ਆ...ਬਸੰਤੀ ਦਿਉਂ ਮਿਲੂ। ਹੇਮੇ ਦੀ ਵੀ ਤੇਰੇ ਵਾਂਗੂ ਹਾਸੀ ਨਾ ਰੁਕੇ। ਓਹ ਕਹਿੰਦਾ; ਓਹ ਸੌਹਰੀਏ ਬਸੰਤੀ ਨੀਂ ਬਸਾਤੀ ਆਲ਼ਿਆਂ ਦਿਓਂ ਮਿਲੂ। ਮੰਡੀ 'ਚ ਅੱਧੀਆਂ ਦੁਕਾਨਾਂ ਨੇ...ਕਿਤੋਂ ਮਰਜ਼ੀ ਲੈ ਲਾ।"

"ਬੱਸ ਕਰ...।"

"ਠੀਕ ਐ...ਹੋਰ ਨੀਂ ਸੁਣਾਉਂਦਾ। ਚਲ ਤੂੰ ਵੀ ਹਾਸੀ ਰੋਕ ਤੇ ਗੱਟਿਆਂ ਦੀ ਗਿਣਤੀ ਮਾਰਲੈ। ਕਈ ਵਾਰੀ ਏਹੇ ਗੱਟੇ ਵਿੰਗੇ ਟੇਢੇ ਕਰਕੇ ਪੰਜ ਸੱਤ ਲਾਈਨਾਂ ਮਗਰ ਗੱਟਾ ਲਕੋਅ ਜਾਂਦੇ ਨੇ।"

"ਮੈਂ ਤਾਂ ਕੱਲੀ ਕੱਲੀ ਲਾਈਨ ਗਿਣਦਾ ਰਿਹੈਂ।"

"ਫੇਰ ਠੀਕ ਐ। ਤੋਲ ਵੇਲੇ ਤਾਂ ਬੰਦਾ ਪੂਰਾ ਚਤਰ ਚਾਹੀਦਾ...ਖੁੱਲ੍ਹੀਆਂ ਅੱਖਾਂ ਆਲਾ।"

* * *

"ਏ...ਏ...ਓਏ ਟਿਕਾਅ ਨਾਲ...। ਜੇ ਮਾੜਾ 'ਜਾ ਹੌਲ਼ੀ ਤੋਰਲੇਂ ...ਆਹ ਆਵਦੀ ਮਾਂ ਟੇਪ ਦੀ 'ਵਾਜ ਘੱਟ ਕਰ ਲੈ। ਪਰ ਨਾ। ਮੈਨੂੰ ਐਂ ਸਮਝ ਨੀਂ ਆਉਂਦੀ ਮਾਸਟਰਾ...ਜਿਹੜੀ ਮੰਡੀਰ ਮੱਛਰੀ ਫਿਰਦੀ ਐ...ਊਂ ਤਾਂ ਖੇਤ ਇਹਨਾਂ ਨੇ ਕੋਈ ਕੰਮ ਘੱਟ ਵੱਧ ਈ ਕਰਨਾ ਹੁੰਦੈ..."

"ਘੱਟ ਵੱਧ ਕਿਮੇ?"

"...ਲੈ ਹੋਰ...ਘੱਟ ਵੱਧ ਈ ਐ...ਜੀਰੀ ਲੇਬਰ ਨੇ ਲਾਉਣੀ...ਵੱਟਾਂ ਪੋਚਣ ਨੂੰ ਦਿਹਾੜੀਆ। ਕੱਲਾ ਟਰੈਕਟਰ ਚਲਾਉਣਾ ਇਹਨਾਂ ਨੇ...ਓਹ ਵੀ ਭਾਮੇਂ ਕਿਸ਼ਤਾਂ 'ਤੇ ਈ ਹੋਵੇ। ਹੋਰ ਤਾਂ ਹੋਰ... ਹੁਣ ਤਾਂ ਰੇਹ ਸਿੱਟਣੀ ਤੇ ਸਪਰੇਅ ਕਰਨ ਵਰਗੇ ਕੰਮ ਵੀ ਠੇਕੇ 'ਤੇ ਹੋਣ ਲੱਗ 'ਪੇ।"

* * *

"ਏ...ਏ...ਏ...ਲੈ ਔਹ ਮਾਰਿਆ...ਜੇ ਜਰਾਂਦ ਰੱਖਦੇ ਮਾੜੀ 'ਜੀ! ਜਿਮੇ ਆਥਣੇ ਖੇਤੋਂ ਬੈਹੜਕਾ ਨੀਂ ਘਰ ਨੂੰ ਭੱਜਦਾ ਹੁੰਦਾ...ਓਮੇ ਨਿੱਕਲਦੇ ਨੇ ਮੰਡੀ 'ਚੋਂ। ਲੈ ਹੁਣ ਖੜ੍ਹੇ ਰਹੋ ਦੋਮੇ ਜਣੇ...ਹਜੇ ਐਂ ਨੀਂ ਪਤਾ ਗਾਲ਼ੋਂ ਗਾਲ਼ੀ ਹੋ ਪੈਣ ਜਾਂ ਹੱਥੋ-ਪਾਈ ਤਕ ਜਾ ਵੜਨ...ਇਕੋ 'ਜੇ ਨੇ।"

"ਗਰਮ ਖ਼ੂਨ ਐ!"

"ਜੇ ਖ਼ੂਨ ਗਰਮ ਆ...ਬਿਨਾਂ ਗੱਲੋਂ ਤਾਂ ਨੀਂ ਲੜਨਾ...ਕੋਈ ਹੋਰ ਕੰਮ ਲੈ ਲੈਣ ਇਹਤੋਂ...ਕਿਤੇ ਹੋਰ ਵਰਤ ਲੈਣ...ਜਰੂਰੀ ਤਾਂ ਨੀਂ ਲੜਾਈਆਂ ਈ ਮੁੱਲ ਲੈਣੀਆਂ!

* * *

' ਆਇਆ ਨੀਂ ਸਾਡੇ ਆਲ਼ਾ ਹਜੇ...ਆਥਣ ਹੋਣ ਨੂੰ ਆ ਗਿਆ। ਚੱਲ ਕੋਈ ਨੀਂ ਆਜੂ...ਮੈਂ ਕਿਹੜਾ ਬੂਰੀਆਂ ਚੋਣੀਆਂ ਜਾ ਕੇ! ਏਥੇ ਚੰਗਾ ਮੇਲਾ ਲੱਗਿਆ। ਓਹਦੇ ਕੋਲ਼ ਜਾਨਾਂ ਮਛੋਹਰ 'ਜੇ ਕੋਲ਼ੇ... ਮਾਸਟਰ ਤਾਂ ਨਬੇੜ ਗਿਆ।'

"ਕਿਮੇ ਰਲ਼ਿਆ ਨੀਂ ਸੌਦਾ!"

"ਵਾਹਲੇ ਘੱਟ ਲਾਉਂਦਾ ਸੀ!"

"ਕਿੰਨਾ ਕੁ ਫਰਕ ਸੀ?"

"ਅੱਧੋ ਅੱਧ ਦਾ ਪਿਆ।"

"ਊਂ ਗੱਲ ਆ...ਕਈ ਵਾਰੀ ਝੋਨਾ ਤੁਲ ਜਾਂਦਾ ਤੇ ਝਾਰ ਪਿਆ ਰਹਿੰਦਾ।"

"ਜੇ ਨਾ ਵਿਕਿਆ ਘਰੇ ਲੈ 'ਜੂੰਗਾ... ਪਸ਼ੂਆਂ ਦੇ ਦਾਣੇ ਚ ਰਲਜੂ।"

"ਦੇਖਲੈ...ਊਂ ਬੈਅ ਹੁੰਦੀ ਆ ਜੀਰੀ 'ਚ। ਲਵੇਰੀਆਂ ਵਾਸਤੇ ਵਾਹਲੀ ਚੰਗੀ ਨੀਂ ਹੁੰਦੀ।"

"ਚੱਲ ਐਂ ਤਾਂ 'ਡੀਕਦੇ ਆਂ। ਕੋਈ ਹੋਰ ਆਜੂ। ਫਿਰਦੇ ਤਾਂ ਵਥੇਰੇ ਐ...ਝਾਰ ਖਰੀਦਣ ਆਲ਼ੇ।...ਅੰਕਲ, ਏਹ ਕਰਦੇ ਕੀ ਨੇ ਝਾਰ ਦਾ?"

"ਆਪਾਂ ਓਸੇ ਨੂੰ ਪੁੱਛ ਲੈਨੇ ਆਂ...ਆਹ ਆਉਂਦਾ ਇਕ ਢੀਚਕ ਮਾਰਦਾ।"

* * *

"ਸਾਰੇ ਸਗੁੱਦੜੇ ਝਾਰ ਨੂੰ ਹੜੰਬੇ 'ਚੋਂ ਦੀ ਕੱਢ ਲੈਨੇ ਆਂ।"

"ਫੇਰ ?"

"ਜਿਹੜੀ ਕਿਣਕੀ ਹੁੰਦੀ ਐ, ਮੁਰਗੀ ਫਾਰਮ ਆਲ਼ੇ ਲੈ ਜਾਂਦੇ ਆ...ਫੋਕ ਫੂਸੇ ਦੇ ਭਾਅ ਭੂੰਗ ਭਰਾ ਦਿੰਨੇ ਆਂ..."

"ਠੀਕ ਐ... ਤੇ ਨਿੱਖਰੀ ਜੀਰੀ, ਜੀਰੀ ਦੇ ਭਾਅ ਬੇਚ ਦਿੰਨੇ ਓਂ...!"

"ਨਈਂ... ਜੀਰੀ ਦੇ ਭਾਅ ਨੀਂ ਵਿਕਦੀ?"

"ਕਿਓਂ?"

"ਦਾਣੇ ਪੂਰੀ ਜਾਨ ਆਲੇ ਨੀਂ ਹੁੰਦੇ...ਪੌਣਾ ਕੁ ਮੁੱਲ ਮਿਲਦਾ।"

"ਕਿਓਂ ਬਈ ਜੁਆਨਾਂ...ਹੋਰ ਪੁੱਛਣਾ ਕੁਛ?"

"ਬੱਸ...ਮੇਰੇ ਝਾਰ ਦੀ ਗੱਲ ਚਲਾ!"

"ਲੈ ਬੀ ਕੈਦੋਂ ਚਾਚਾ...ਓ ਹੋ...ਗੁੱਸਾ ਤਾਂ ਨੀਂ ਕਰਦਾ? ਮੇਰਾ ਯਰ ਸੁਭਾਅ ਹੱਸਣ ਦਾ..."

"ਗੁੱਸਾ ਤਾਂ ਕਾਹਦਾ। ਪਰ ਆਵਦੇ ਪੈਰਾਂ ਕਨੀ ਵੀ ਮਾਰ ਨਿਗ੍ਹਾ...ਕਿ ਨਈਂ!"

"ਹਾਂ, ਤੂੰ ਵੀ ਠੀਕ ਐਂ ਆਵਦੀ ਥਾਂ! ਚੱਲ ਦੱਸ ਫੇਰ ਕਿੰਨੇ ਦਿੰਨਾਂ ਢੇਰੀ ਦੇ?"

"ਦੇਖਲਾਂ।"

"ਦੇਖਲੈ...ਦੇਖਲੈ। ਨਿਰੇ ਦਾਣੇ ਆ ਢੇਰੀ ਚ। ਕਿਣਕੀ ਵੀ ਵਥੇਰੀ ਆ। ਵੱਢਣ 'ਚ ਚੜ੍ਹ 'ਗੀ ਸੀ ਤਾਂ ਕਰਕੇ ਟੁੱਟ ਵੱਧ ਬਣ 'ਗੀ।"

"ਇਹ ਕਿੰਨੇ ਮੰਗਦਾ?"

"ਚਲ ਬਈ ਜੁਆਨਾ...ਰਲ਼ਾਅ ਸੌਦਾ।"

"ਤੂੰ ਹੀ ਰਲ਼ਾ ਦੇ!"

"ਮੈਂ ਤਾਂ ਫੇਰ ਸਾਂਝਾ ਬੰਦੈਂ...ਸਾਂਝੀ ਗੱਲ ਕਰ ਦਿੰਨਾਂ।... ਲੈ ਬਈ ਅੱਧੇ ਤੂੰ ਵਧਜਾ...ਅੱਧੇ ਮੈਂ ਇਹਨੂੰ ਘਟਾ ਲੈਨਾ...। ਕਿ ਗਲਤ ਐ ਗੱਲ!"

... ... ...

"ਕਿਓਂ ਬਈ ਜੁਆਨਾਂ...ਜੋੜ ਤੀਆਂ ਨਾ ਕੁੰਡੀਆਂ। ਅਸਲੀ ਗੱਲ ਦੱਸਾਂ...ਪੈਸੇ ਤੈਨੂੰ ਪੂਰੇ ਮਿਲਗੇ...ਮਾਲ ਹੈ ਨੀ ਸੀ ਏਹਦੇ ਚ ਐਨਾ।"

"ਜੇ ਜੱਟ, ਜੱਟ ਭਰਾ ਦੀ ਨਾ ਕਰਾਊ...ਹੋਰ ਕੀਹਦੀ ਕਰਾਊ।"

"ਹਾਂ ਇਹ ਤਾਂ ਹੈ ਈ...ਚੱਲ ਠੀਕ ਐ। ਗੱਡੀ ਆ 'ਗੀ... ਸਾਡੇ ਆਲ਼ਾ ਆੜ੍ਹਤੀਆ ਲਗਦੈ!"

* * *

"ਮਾਅਰਾਜ ਸ਼ਾਹ ਜੀ...ਕਿਮੇ ਹੋਈ ਕਿਸੇ ਸ਼ੈੱਲਰ ਆਲੇ ਨਾਲ ਗੱਲ?"

"ਹੋਈ ਸੀ...ਕਹਿੰਦੇ ਹਰਾ ਦਾਣਾ ਵੱਧ ਆ!"

"ਹਰਾ ਦਾਣਾ ਤਾਂ ਐਂ ਆ ਨਾ ਜੀ...ਬੈਠਣ ਲਾ ਗਿਆ ਸੀ ਝੋਨਾ। ਤਾਂ ਕਰਕੇ ਕਾਹਲ਼ੀ ਕਰ ਗਿਆ ਸਾਡੇ ਆਲ਼ਾ ਦੋ ਤਿੰਨ ਦਿਨ। ਇਕ ਗੱਲ ਦੱਸਾਂ ਸੇਠ...ਏਥੇ ਤਾਂ ਮਾੜਾ ਮੋਟਾ ਹਰਾ ਦਾਣਾ ਚੱਲ 'ਜੂ...ਜੇ ਕਿਤੇ ਜੀਰੀ ਬੈਠਜੇ , ਅੱਧੀ ਰਹਿ ਜਾਂਦੀ ਐ। ਮਸ਼ੀਨ ਆਲੇ ਵੱਢਦੇ ਨੀ ...ਜਾਂ ਫਿਰ ਦੁੱਗਣੇ ਪੈਸੇ ਲੈਂਦੇ ਨੇ।"

"ਤੇ ਬੈਠੇ ਰਓ ਹੁਣ...!"

"ਮਖੌਲ ਕਰਦੈਂ ਸੇਠਾ! ਦੇਖ ਤੇਰੀ ਜੀਰੀ ਐ...ਅਸੀਂ ਤਾਂ ਪਹਿਰੇਦਾਰ ਆਂ...ਜਿੰਨੇ ਦੀ ਵੱਧ ਵੇਚ 'ਲੇਂਗਾ, ਓਨੇ ਤੇਰੇ ਵੱਧ ਲਹਿ ਜਾਣਗੇ। ਜਿੰਨਾ ਭਾਰ ਘਟੂ ...ਤੇਰਾ ਈ ਘਟੂ!"

"ਹੱਸੀ ਜਾਨੇ ਆਂ। ਭਰਾਂਗੇ ਹੁਣ।"

"ਕਿਓਂ ਬੁੱਝ ਲਿਆ ਨਾ ... ਤੈਨੂੰ ਈ ਫਿਕਰ ਐ।"

* * *

' ਸੇਠ ਤਾਂ ਵਾ' ਗਿਆ...ਓਹਦੇ ਕੋਲ਼ ਜਾਨਾਂ। ਬੁਝਿਆ 'ਜਾ ਬੈਠਾ ਲਗਦੈ।'

"ਕਿਮੇ ਠੀਕ ਐਂ?"

"ਬਸ ਠੀਕ ਠੀਕ ਈ ਆਂ।"

"ਠੀਕ ਠੀਕ ਈ ਕਿਓਂ? ਖੇੜਾ ਲਿਆ ਚੇਹਰੇ 'ਤੇ...ਐਂ ਬੁਝਿਆਂ ਤਾਂ ਨੀਂ ਸਰਨਾ। ਬਥੇਰਾ ਵੱਡਾ ਫੇਰ ਐ।"

"ਝਾੜ ਨੀਂ ਨਿਕਲਿਆ ਪੂਰਾ, ਸਿੱਧੀ ਬਿਜਾਈ ਕਰੀ ਸੀ...ਮਾਰ ਪੈ 'ਗੀ। ਠੇਕੇ ਆਲ਼ਾ ਵਾਹਣ ਸੀ ਜਿਆਦਾ।"

"ਆਪਾਂ ਨਾ ਪਹਿਲਾਂ ਨੀਂ ਸੋਚਦੇ। ਐਮੇ ਤਾਂ ਨਈਂ ਕਹਿੰਦੇ, ਅਖੇ; ਪਹਿਲਾਂ ਸੋਚੇ ਬਾਣੀਆ, ਮਗਰੋਂ ਸੋਚੇ ਜੱਟ।...ਚਲ ਗਾਹਾਂ ਪਖਾਣਾ ਪੂਰਾ ਤਾਂ ਕਾਹਨੂੰ ਕਰਣੈ।"

"ਆਹੋ ਪਤਾ ਮੈਨੂੰ।"

"ਪਤਾ ਤਾਂ ਸਾਰਿਆਂ ਨੂੰ ਈ ਹੋਣੈਂ...ਮਾੜੀ 'ਜੀ ਰੌਣਕ ਲਿਆ ਮੂੰਹ 'ਤੇ। ਸਮਾਂ ਇਕੋ ਜਿਹਾ ਨੀਂ ਰਹਿੰਦਾ...ਆਹ ਨਾ ਸਾਡਾ ਲਾਲਾ ਆਇਆ ਸੀ। ਹੈ ਵੀ ਸਾਡੇ ਪਿੰਡੋਂ ਈ। ਏਹਦੇ ਬਾਪ ਦੀ ਪ੍ਰਚੂਨ ਦੀ ਦੁਕਾਨ ਸੀ ਪਿੰਡ 'ਚ...।"

"ਅੱਛਿਆ!"

"...ਤੇ ਏਹਨੇ ਸ਼ਹਿਰ ਆ ਕੇ ਦੁਕਾਨ ਪਾ 'ਲੀ। ਹੁਣ ਤੈਨੂੰ ਕੀ ਦੱਸਾਂ...ਬੱਸ ਆਪੇ ਬੁੱਝਲੈ। ਇਕ ਕਮਰੇ ਜਿੱਡੀ ਦੁਕਾਨ ਤੋਂ ਕਰੋੜਾਂ ਦਾ ਕਾਰੋਬਾਰ ਚਲਦਾ। ਜਿਮੇ ਕਹਿੰਦੇ ਨੇ ਨਾ...ਬਸ 'ਕੱਲੀ ਕਲਮ ਐ।"

"ਰਿਸਕ ਲੈਂਦੇ ਆ ਏਹੇ।"

"ਹਾਂ ਏਹ ਤਾਂ ਹੈ ਈ... ਮਾਹਤੜ ਤੋਂ ਕੋਈ ਪੰਜ ਹਜ਼ਾਰ ਮੰਗ 'ਲੇ...ਅਖੇ ਪਰਨੋਟ ਭਰਾਂਗੇ। ਏਹ ਦੇਖਲਾ ਲੱਖਾਂ ਦੇ ਲੱਖ ਦੇਈ ਜਾਂਦੇ ਨੇ... ਤੇ 'ਕੱਲੀ ਬਹੀ 'ਤੇ ਲਿਖਦੇ ਆ।"

"ਹਾਂ...ਖੇਡਾਂ ਮੁਕੱਦਰਾਂ ਦੀਆਂ...ਆਪਣੇ ਕਰਮ ਆਪਣੇ ਨਾਲ ਨੇ!"

"ਐਂ ਵੀ ਨਾ ਢਿੱਲੀਆਂ 'ਜੀਆਂ ਗੱਲਾਂ ਕਰ...ਜੇ ਜੀਰੀ ਘਟ 'ਗੀ, ਆਏ ਲੈ ਛੀ ਮਹੀਨੇ...ਅੱਵਲੀ ਤਾਂ ਸਾਢੇ ਪੰਜ ਈ ਸਮਝ। ਕਣਕ ਵੱਧ ਹੋਜੂ। ਇਹ ਤਾਂ ਐਂ ਈ ਚੱਲੀ ਜਾਂਦਾ। ਬੁੜ੍ਹੇ ਗੱਲ ਸੁਣਾਉਂਦੇ ਹੁੰਦੇ...ਸੁਣਾਵਾਂ?"

"ਸੁਣਾ ਦੇ।"

"ਲੈ ਸੁਣ ਫੇਰ...ਕੇਰਾਂ ਸਾਡੇ ਪਿੰਡੋਂ ਤਿੰਨ ਭਰਾ ਥਲੀ 'ਚ ਜਾ ਕੇ ਕਿਸੇ ਸਰਦਾਰ ਦੇ ਤਿੰਨ ਚਾਰ ਮੁਰੱਬੇ ਜਮੀਨ ਹਿੱਸੇ 'ਤੇ ਲੈ ਕੇ ਵਾਹੀ ਕਰਨ ਲੱਗ 'ਪੇ। ਉਹਨਾਂ ਦੇ ਬਾਪ ਨੇ ਵਥੇਰਾ ਕਿਹਾ ਬੀ ਆਵਦੇ ਪਿੰਡ ਵਰਗੀ ਮੌਜ ਨੀਂ ਹੁੰਦੀ। ਏਥੇ ਈ ਕਰਲੋ ਭਾਮੇ ਥੋੜ੍ਹਾ ਕਰਲੋ। ਪਰ ਨਾ ਮੰਨੇ। ਉਹਨਾਂ ਨੇ ਤਿੰਨ ਚਾਰ ਸਾਲ ਬੜੀ ਮੇਹਨਤ ਕੀਤੀ। ਪਰ ਮਾਰੂਥਲਾਂ 'ਚ ਕੀ ਹੋਣਾ ਸੀ! ਅਖੀਰ ਮੁੜ ਆਏ ਭਾਈ ਢਿੱਲੇ ਜੇ ਬੁੱਲ੍ਹ ਕਰਕੇ। ਬਾਪੂ ਨੂੰ ਕਹਿੰਦੇ, ਅਖੇ; ਮੱਥਾ ਮਾਰਿਆ ਐਮੇਂ ਗਿਆ। ਬਾਪੂ ਪਤਾ ਕੀ ਕਹਿੰਦਾ..."

"ਕੀ!"

"ਕਹਿੰਦਾ ; ਬੰਦੇ ਤਾਂ ਜਿੰਨੇ ਗਏ ਸੀ, ਪੂਰੇ ਓਂ ਓਨੇ...ਘਟੇ ਤਾਂ ਨੀਂ? ਕਹਿੰਦੇ ਬੰਦੇ ਤਾਂ ਪੂਰੇ ਆਂ। ਬਾਪੂ ਕਹਿੰਦਾ ਫੇਰ ਨਾ ਫਿਕਰ ਕਰੋ..."

"ਸੁਣੀ ਹੋਈ ਐ...ਸਾਡੇ ਪਿੰਡ ਮਾੜੇ 'ਜੇ ਫਰਕ ਨਾਲ ਸੁਣਾਉਂਦੇ ਹੁੰਦੇ ਆ।"

"ਕੋਈ ਗੱਲ ਨੀ...ਮਤਲਬ ਤਾਂ ਐਨਾ 'ਕਾ ਬੀ ...ਬੰਦੇ ਦੀ ਸੁਖ ਚਾਹੀਦੀ ਐ। ਘਾਟੇ ਵਾਧੇ ਤਾਂ ਚਲਦੇ ਈ ਰਹਿਣੇ ਆ।"

"ਸਹੀ ਐ!"

"ਸਹੀ ਆ ਤਾਂਹੀ ਮੈਂ ਕਿਹਾ। ਹੁਣ ਤੂੰ ਐਂਮੇ ਨਾ ਰੋਂਦੂ ਜਾ ਬਣਿਆ ਰਹਿ...ਦਲਿੱਦਰ

ਛੱਡ...ਕਣਕ ਵਥੇਰੀ ਹੋਜੂ। ...ਆਹ ਸਕੂਟਰੀ ਆਲ਼ੇ ਕਨੀ ਬੜੇ ਜੱਟ ਭਜਦੇ ਆ...?"

"ਠੇਕੇਦਾਰ ਦਾ ਬੰਦੈ।"

"ਅੱਛਾ ਫੇਰ ਲਾ 'ਗੀ ਸਮਝ। ਮਾੜੀ ਮੋਟੀ ਬਹਿਬਤ ਤਾਂ ਜੱਟ ਨੂੰ ਉਈਂ ਹੁੰਦੀ ਐ...ਬਾਕੀ ਮੰਡੀ 'ਚ ਆ ਕੇ ਮੱਛਰ ਜਾਂਦੈ। ਜੇ ਨਾ ਵੀ ਪੀਣੀ ਹੋਵੇ ਫੇਰ ਵੀ ਜੀਅ ਕੱਢ ਲੈਂਦਾ। ਤੇ ਜਦੋਂ ਢੇਰੀ ਕੋਲ਼ੇ ਪਹੁੰਚ ਹੁੰਦੀ ਹੋਵੇ ਫੇਰ ਤਾਂ ਕੌਣ ਟਲਦੈ।... ਭਾਮੇਂ ਪਤਾ ਹੁੰਦਾ ਬੀ ਜਿਹੜੀ ਢੇਰੀ 'ਤੇ ਬੈਠਾਂ, ਓਹ ਤਾਂ ਖਾਧੀ ਪਈ ਐ। ਪਰ ਫਿਰ ਵੀ ਗਾਣੇ ਆਲ਼ੇ ਵਾਂਗੂੰ ਨਵਾਬ ਬਣਿਆ ਬੈਠਾ ਹੁੰਦੈ..."

"ਕਈ ਤਾਂ ਮੇਰੇ ਆਂਗੂੰ ਜੀਰੀ ਮਗਰੋਂ ਕਣਕ ਦਾ ਬੋਹਲ ਵੀ ਖਾਈ ਬੈਠੇ ਹੋਣੇ!"

"... ਹਾਂ...ਬੱਸ ਲਫਾਫੇ ਈ ਆ, ਹਵਾ ਭਰੀ ਆਲ਼ੇ। ਦੇਖਣ ਨੂੰ ਪੂਰੇ ਫੁੱਲੇ ਹੋਏ। ਪਰ ਅੰਦਰ ਹੈ ਨੀਂ ਕੁਛ...ਨਿਰੀ ਹਵਾ। ਮੇਰੇ ਕੋਲ਼ੋਂ ਨਾ ਸੰਗੀਂ...ਜੇ ਲੈਣਾ ਅਧੀਆ-ਪਊਆ, ਲੈ ਲੀਂ ਆਵਦਾ।"

"ਮੈਂ ਤਾਂ ਪੀਂਦਾ ਨੀਂ। ਕਿਰਪਾ ਮੇਰੇ ਮਾਲਕ ਦੀ।"

"ਫੇਰ ਵਧੀਆ। ਪੀਂਦਾ ਤਾਂ ਮੈਂ ਵੀ ਨੀਂ। ਊਂ ਮੇਰੇ 'ਤੇ ਕਿਰਪਾ ਸੱਚੇ-ਪਾਸ਼ਾਅ ਦੀ ਆ। ਫੇਰ ਵੀ ਜਿਹੜੇ ਪੀਂਦੇ ਨੇ, ਓਹ ਨੀਂ ਸਾਰਦੇ ਏਹਦੇ ਬਿਨਾਂ। ਉਹਨਾਂ ਦਾ ਮਤਲਬ ਈ ਪੀਣ ਨਾਲ ਹੁੰਦੈ। ਕਈ ਤਾਂ ਜਿੰਦਗੀਆਂ ਦਾਅ 'ਤੇ ਲਾਈ ਬੈਠੇ ਨੇ...ਜਿੰਦਗੀ ਛੱਡ ਦਿੰਦੇ ਨੇ...ਸ਼ਰਾਬ ਨੀਂ ਛੱਡਦੇ। ਨਾਲੇ ਆਪਣੇ ਆਲ਼ਲੇ ਤਾਂ ਦੂਰੋਂ ਚੱਲ ਕੇ ਲੈ ਔਂਦੇ ਨੇ...ਇਹ ਸਕੂਟਰੀ ਆਲ਼ਾ ਤਾਂ ਦਰਾਂ 'ਤੇ ਗੇੜੇ ਦੇਈ ਜਾਂਦਾ।"

"ਬਿੰਦ ਕੁ ਨੂੰ ਆਂਡਿਆਂ ਦੀ ਰੇਹੜੀ ਆਲ਼ਾ ਆਊ!"

"ਚਲ ਭਾਈ ਆਪੋ ਆਪਣੇ ਰੁਜ਼ਗਾਰ ਐ...ਕੋਈ ਕਿਮੇ ਤੋਰੀ ਜਾਂਦਾ...ਕੋਈ ਕਿਮੇ। ਏਹ ਕੇਹੜਾ ਧੱਕੇ ਨਾਲ ਦਿੰਦੇ ਨੇ...ਜੀਹਦਾ ਰਾਂਝਾ ਜਿਮੇ ਰਾਜ਼ੀ ਆਉਂਦਾ...ਓਮੇ ਮਨਾਈ ਜਾਂਦੇ ਆ। ......ਔਹ ਲਗਦੈ ਤਾਂ ਸਾਡੇ ਆਲ਼ਾ! ...ਹਾਂ ਓਹੀ ਆ। ਚਲ ਵਧੀਆ, ਆ ਗਿਆ। ਰਾਖੀ ਰੱਖੂ ਆਵਦੀ। ਚੰਗਾ ਐਂਮੇ ਨਾ ਦਿਲ 'ਜਾ ਢਿੱਲਾ ਕਰੀਂ...ਚੜ੍ਹਦੀ ਕਲਾ 'ਚ ਰਹੀਦੈ।"

"ਬਾਈ ਗੱਲ ਦੱਸਾਂ ਇਕ?"

"ਹਾਂ...ਹਾਂ।"

"ਜਦੋਂ ਆਪਣੀ ਫ਼ਸਲ ਪੂਰਾ ਝਾੜ ਨਾ ਦੇਵੇ...ਓਦੂੰ ਵਧ ਕੇ ਪੂਰਾ ਮੁੱਲ ਨਾ ਮਿਲੇ, ਫਿਕਰ ਜਾ ਤਾਂ ਹੋ ਈ ਜਾਂਦੈ। ਪਰ ਤੇਰੀਆਂ ਗੱਲਾਂ ਹੌਸਲੇ ਆਲ਼ੀਆਂ...ਊਂ ਤਾਂ ਡੋਲਣ ਵਾਲਾ ਮੈਂ ਵੀ ਨਈਂ। ਮੈਨੂੰ ਪਤਾ ਬੀ ਛੀ ਮਹੀਨੇ ਆਏ ਲੈ...ਕਣਕ ਹੋ ਜੂ। ਜਿਹੜੇ ਰੱਸਾ ਜਾਂ ਸੀਸੀਆਂ ਚੱਕ ਲੈਂਦੇ ਆ ਨਾ...ਓਹ ਵਿਤੋਂ ਨੀਂ, ਜਿਗਰੇ ਦੇ ਮਾੜੇ ਹੁੰਦੇ ਆ। ਮੈਂ ਓਹਨਾਂ ਵਰਗਾ ਨੀਂ।"

"ਵਾਹ ਬਾਈ ਖੁਸ਼ ਕੀਤਾ... ਚਲ ਠੀਕ ਐ। ਜੇ ਉਤਲੇ ਨੇ ਚਾਹਿਆ ਕਣਕਾਂ ਵੇਲ਼ੇ ਮਿਲਾਂਗੇ।" 000

*(ਮੌੜ ਕਲਾਂ, ਬਠਿੰਡਾ-151 509*
*ਫ਼ੋਨ: +91-94634-45092)*

# ਆਦਮ ਦੀ ਆਵਾਜ਼ : ਵਾਰਤਾ : ਬਲਦੇਵ ਚੱਕ ਸਕੰਦਰ

ਜਿੱਦਾਂ ਮੋਰ ਬੋਲਦੇ ਨੇ, ਚਿੜੀਆਂ ਚਹਿਕਦੀਆਂ ਨੇ, ਕੋਇਲ ਕੂ ਕੂ ਕਰਦੀ ਹੈ ਏਦਾਂ ਹੀ ਆਦਮੀ ਦੇ ਧੁਰ ਅੰਦਰੋਂ ਇਕ ਆਵਾਜ਼ ਨਿਕਲਦੀ ਹੈ..ਕਦੀ ਹਾਸਾ ਬਣਕੇ, ਕਦੀ ਹੂਕ ਬਣਕੇ, ਕਦੀ ਕੂਕ ਬਣਕੇ, ਕਦੀ ਹਾਅ ਬਣਕੇ। ਮੈਂ ਇਸ ਆਦਮ ਦੀ ਆਵਾਜ਼ ਨੂੰ ਸੁਣ ਕੇ, ਪਛਾਣ ਕੇ, ਸਵਾਦ ਲੈਣ ਦਾ ਆਦੀ ਰਿਹਾ ਹਾਂ। ਉਂਝ ਹੀ ਜਿਵੇਂ ਪੁਰਾਣੀਆਂ ਬਾਤਾਂ ਵਿਚ, ਜੰਗਲ ਬੀਆਬਾਨਾਂ ਵਿਚ, ਹਜ਼ਾਰਾਂ ਜਾਨਵਰਾਂ ਵਿਚੋਂ, ਕੋਈ ਦੇਉ ਕਿਸੇ ਆਦਮੀ ਦੀ ਹੋਂਦ ਨੂੰ 'ਆਦਮ ਬੋ, ਆਦਮ ਬੋ' ਕਹਿ ਕੇ ਫੜ ਲੈਂਦਾ, ਉਂਝ ਹੀ ਜਿਵੇਂ ਪੁਰਾਣੇ ਰੇਡੀਓ ਦੀ ਘਰੜ ਘਰੜ ਵਿਚੋਂ ਸਾਨੂੰ ਆਪਣੀ ਪਸੰਦ ਦਾ ਸਟੇਸ਼ਨ ਲੱਭ ਪੈਂਦਾ, ਉਂਝ ਹੀ ਜਿਵੇਂ ਜਸਦੇਵ ਸਿੰਘ ਦੀ ਰੇਲ ਗੱਡੀ ਵਾਂਗ ਸਰਪੱਟ ਦੌੜਦੀ ਹਾਕੀ ਕਮੈਂਟਰੀ 'ਚੋਂ ਗੋਲ਼ ਹੋਣ ਵਾਲ਼ਾ ਪਲ ਫੜ ਲੈਂਦੇ ਸੀ, ਇੰਝ ਹੀ ਪਤਾ ਨਹੀਂ ਕਦੋਂ ਮੈਨੂੰ ਆਦਮ ਦੀ ਆਵਾਜ਼ ਸੁਣਨ ਦਾ ਭੁੱਸ ਪੈ ਗਿਆ।

ਇਕ ਦਿਨ ਬੀਬੀ ਨੇ ਸੋਚਿਆ ਇਹਨੂੰ ਸਕੂਲ ਛੱਡ ਆਵਾਂ। ਗੁਰਦੁਆਰੇ ਦੇ ਥੜ੍ਹੇ ਲਾਗੇ ਇਕ ਵੱਡਾ ਸਾਰਾ ਰੁੱਖ ਸੀ, ਸ਼ਾਇਦ ਬੋਹੜ ਸੀ ਜਾਂ ਪਿੱਪਲ। ਚਾਰ ਨਿਆਣੇ ਬੋਰੀਆਂ ਉੱਤੇ ਫੱਟੀਆਂ ਤੇ ਕਾਇਦੇ ਲਈ ਬੈਠੇ ਸਨ। ਗੁਰਦੁਆਰੇ ਦਾ ਭਾਈ, ਜੋ ਮੇਰਾ ਪਹਿਲਾ ਮਾਸਟਰ ਸੀ, ਹਾਲੇ ਦਾਤਣ ਚੂਲ਼ੀ ਕਰਦਾ ਫਿਰਦਾ ਸੀ। ਮੈਨੂੰ ਉਹਨਾਂ ਨਿਆਣਿਆਂ 'ਚ ਬੈਠਾ ਕੇ ਉਹ ਸੁਰਖਰੂ ਹੋ ਗਈ ਲਗਦੀ ਸੀ। ਮੈਂ ਉਹਦੇ ਪਿੱਛੇ ਨਹੀਂ ਦੌੜਿਆ ਸਾਂ ਤੇ ਨਾ ਹੀ ਉਹਨੂੰ ਜਾਂਦੀ ਨੂੰ ਵੇਖਿਆ। ਉਹ ਪਿੱਛੋਂ ਦੱਸਦੀ ਹੁੰਦੀ ਸੀ, "ਮੈਂ ਸੋਚਿਆ, ਨਿਆਣੇ ਪਹਿਲੇ ਦਿਨ ਸਕੂਲ ਛੱਡਣ ਲੱਗਿਆਂ ਚੂੰ ਪੈਂ ਕਰਦੇ ਹੀ ਨੇ, ਰੋਂਦੇ ਨੇ, ਇਹ ਵੀ ਉਧਰੇਗਾ, ਲੱਤਾਂ ਛੜੀਆਂ ਮਾਰੇਗਾ। ਪਰ ਨਹੀਂ, ਇਹ ਤਾਂ ਸਿਆਣਿਆਂ ਵਾਂਗੂੰ ਬਹਿ ਗਿਆ ਉੱਥੇ, ਮੇਰੇ ਵੱਲ ਪਿਛਾਂਹ ਭੌਂਅ ਕੇ ਵੀ ਨਾ ਵੇਖਿਆ। ਮੇਰਾ ਸਗੋਂ ਗੱਚ ਜਿਹਾ ਭਰ ਗਿਆ ਤੇ ਇਹਦੇ ਜਾਣੀ ਦੀ ਕੋਈ ਪਰਵਾਹ ਹੀ ਨਹੀਂ ਸੀ।" ਮੇਰੀ ਇਸ ਫਿਤਰਤ ਨੂੰ ਉਹ ਕਦੀ ਕਦੀ ਆਪ ਹੁਦਰਾ, ਬੇ ਮੁਥਾਜ, ਨਿਰਮੋਹਾ ਕਹਿ ਕੇ ਨਿਵਾਜਦੀ ਹੁੰਦੀ ਸੀ। ਮੈਨੂੰ ਤਾਂ ਇਹਨਾਂ ਲਫ਼ਜ਼ਾਂ ਦੇ ਮਾਹਨੇ ਹਾਲੀ ਵੀ ਧੁੰਦਲੇ ਜਹੇ ਨਜ਼ਰ ਆਉਂਦੇ ਨੇ, ਓਦੋਂ ਕਿੱਥੋਂ ਸਮਝ ਆਉਣੀ ਸੀ। ਉਹਨੀਂ ਹੀ ਦਿਨੀਂ ਘਰ ਵਿਚ ਕਿਸੇ ਲਈ ਨਵੇਂ ਬੂਟ ਆਏ ਸਨ। ਸ਼ਾਇਦ ਮੇਰੇ ਲਈ ਹੀ ਹੋਣੇ, ਯਾਦ ਨਹੀਂ। ਹਾਂ, ਉਹ ਗੱਤੇ ਦਾ ਡੱਬਾ ਜਿਸ ਵਿਚ ਉਹ ਬੂਟ ਆਏ ਸੀ ਤੇ ਜਿਸ ਉੱਤੇ ਇਕ ਸੋਹਣੀ ਜਹੀ ਤਸਵੀਰ ਸੀ, ਮੇਰੇ ਲਈ ਬੜੀ ਆਕਰਸ਼ਿਤ ਚੀਜ਼ ਸੀ। ਮੈਂ ਅਗਲੇ ਦਿਨ ਉਸ ਡੱਬੇ 'ਚ ਆਪਣਾ ਕਾਇਦਾ ਪਾ ਕੇ ਸਕੂਲ ਲੈ ਗਿਆ। ਏਡੀ ਸੋਹਣੀ ਚੀਜ਼ ਨੂੰ ਭੁੰਜੇ ਕੌਣ ਰੱਖਦਾ। ਬਾਕੀ ਸਭ ਨਿਆਣਿਆਂ ਦੇ ਝੋਲਿਆਂ 'ਚੋਂ ਵੱਖਰਾ ਤੇ ਵਿਲੱਖਣ ਇਹ ਡੱਬਾ ਮੈਂ ਮਾਸਟਰ ਜੀ ਦੇ ਮੇਜ਼ 'ਤੇ ਰੱਖ ਦਿੱਤਾ। ਅਸਲ ਵਿਚ ਉਹ ਸਾਡਾ ਮਾਸਟਰ ਜੀ ਨਹੀਂ ਸੀ, ਸਾਡਾ ਬਾਬਾ ਜੀ ਸੀ। ਉਹਨੇ ਨਾ ਮੈਨੂੰ ਡੱਬਾ ਚੁੱਕਣ ਲਈ ਕਿਹਾ, ਨਾ ਮੈਨੂੰ ਝਿੜਕਿਆ। ਕੁਝ ਦਿਨਾਂ ਬਾਅਦ, ਘਰ ਦਾ ਕੰਮਕਾਰ ਮੁਕਾ ਕੇ, ਬੀਬੀ ਗੁਰਦੁਆਰੇ ਆਈ, ਛੁੱਟੀ ਹੋਣ ਵਾਲੀ ਸੀ, ਭਾਈ ਜੀ ਨੂੰ ਪੁੱਛਿਆ, "ਬਾਬਾ ਜੀ, ਬੱਚੇ ਦਾ ਪੜ੍ਹਾਈ 'ਚ ਦਿਲ ਲਗਦਾ"। ਮੈਂ ਉਸ ਵੇਲ਼ੇ ਮੂੰਹ ਚੁੱਕੀ ਬਾਬੇ ਦੇ ਦਾੜ੍ਹੀ ਮੁੱਛਾਂ 'ਚ ਲੁਕੇ ਮੂੰਹ ਨੂੰ ਲੱਭਣ ਲੱਗ ਪਿਆ ਸੀ।

"ਬਹੁਤ ਚੰਗਾ ਨਵਿਸਤਾ ਹੈ ਬੀਬਾ ਇਹਦਾ, ਹਮੇਸ਼ਾਂ ਪੂਰਾ ਨਾਂ ਲੈਕੇ ਬਲਾਉਣਾ ਏਸ ਨੂੰ, ਤੇ ਇਹਦਾ ਕਦੀ ਮੂੰਹ ਨਾ ਫਿਟਕਾਰਨਾ"। ਇਹ ਆਦਮ ਦੀ ਪਹਿਲੀ ਆਵਾਜ਼ ਸੀ ਜੋ ਮੇਰੇ ਕੰਨੀਂ ਪਈ। ਇਸ ਆਵਾਜ਼ ਨੂੰ ਮੈਂ ਪੱਲੇ ਬੰਨ੍ਹ ਲਿਆ ਤੇ ਇਹਦੇ ਪਿੱਛੇ ਪਿੱਛੇ ਤੁਰਨ ਲੱਗ ਪਿਆ। 'ਮੇਰਾ ਨਵਿਸਤਾ ਚੰਗਾ ਹੈ' ਇਸ ਆਵਾਜ਼ ਨੇ ਮੇਰਾ ਮੁੱਢ ਬੰਨ੍ਹਿਆ ਤੇ ਮੈਂ ਇਸ ਪੌਦ ਨੂੰ ਪਾਣੀ ਦੇਣ ਲਗ

ਪਿਆ। ਓਸੇ ਦਿਨ ਤੋਂ ਬੀਬੀ ਮੈਨੂੰ ਬਲਦੇਵ ਸਿਹੁੰ ਕਹਿ ਕੇ ਬਲਾਉਣ ਲੱਗ ਪਈ। ਨਾ ਕਦੀ ਉਹਨੇ ਆਪ ਕੋਈ ਛੋਟਾ ਨਾਂ ਪਾਇਆ, ਨਾ ਕਿਸੇ ਨੂੰ ਪਾਉਣ ਦਿੱਤਾ। ਉਹਦੇ ਏਦਾਂ ਮੂੰਹ ਭਰਕੇ ਨਾਂ ਲੈਂਦਿਆਂ ਹੀ ਮੈਂ ਝੱਟ ਨਿੱਕੇ ਨਿਆਣਿਓਂ ਵੱਡਾ ਜ਼ੁੰਮੇਵਾਰ ਬੰਦਾ ਲੱਗਣ ਲੱਗ ਪੈਂਦਾ।

ਅਸੀਂ ਅੰਬਰਸਰੀਏ ਆਪਣੇ ਤੋਂ ਵੱਡੇ ਭਰਾ ਨੂੰ ਭਾਊ ਕਹਿਕੇ ਬਲਾਉਂਦੇ ਹੁੰਨੇ ਹਾਂ। ਚਾਚਿਆਂ ਤੇ ਭੂਆ ਹੁਰਾਂ ਪਿਤਾ ਜੀ ਨੂੰ ਭਾਊ ਕਹਿਕੇ ਬਲਾਉਣਾ ਤਾਂ ਅਸੀਂ ਵੀ ਉਹਨਾਂ ਨੂੰ ਭਾਊ ਕਹਿਣਾ ਸਿੱਖ ਗੇ। ਇਕ ਦਿਨ ਭਾਊ ਕੋਈ ਆਪਣੀ ਪਰਾਣੀ ਗੱਲ ਸੁਣਾਉਣ ਲੱਗ ਪਿਆ, ਕਹਿੰਦਾ,

'ਜਦੋਂ ਪਾਕਿਸਤਾਨ ਬਣਿਆਂ ਤਾਂ ਅਸੀਂ ਬਾਰ 'ਚ ਹੁੰਦੇ ਸਾਂ। ਓਥੋਂ ਉੱਠ ਕੇ ਆਏ ਤਾਂ ਏਧਰ ਜ਼ਮੀਨ ਕੁਝ ਵੈਰੋਵਾਲ ਮਿਲੀ, ਤਰਨਤਾਰਨ 'ਚ ਪੈਂਦਾ ਇਹ ਪਿੰਡ, ਤੇ ਕੁਝ ਟੁਹਾਣੇ ਤਹਿਸੀਲ ਦੇ ਪਿੰਡ ਦਵਾਣੇ ਅਲਾਟ ਹੋਈ। ਮੈਂ ਵੱਡਾ ਸੀ, ਬਾਪੂ ਕਹਿੰਦਾ, ਤੂੰ ਉਹ ਸਾਂਭ ਜਾ ਕੇ। ਮੈਂ ਤੇ ਮਾਸੜ ਫੌਜਾ ਸੋਂਹ, ਦੋ ਜੋਗਾਂ ਬਲ਼ਦਾਂ ਦੀਆਂ ਤੇ ਦਸ ਦਸ ਰੁਪਏ ਲੈਕੇ ਤੁਰ ਪੇ ਤੜਕੇ ਜਹੇ। ਰਾਹ ਖਹਿੜਾ ਪੁੱਛਦੇ ਪੁਛਾਉਂਦੇ ਤੁਰੇ ਗਏ। ਜਿੱਥੇ ਰਾਤ ਪੈਣੀ ਬਲ਼ਦ ਕਿਸੇ ਰੁੱਖ ਥੱਲੇ ਬੰਨ੍ਹ ਦੇਣੇ ਤੇ ਘੜੀ ਪਲ ਸੌਂ ਲੈਣਾ। ਰੋਟੀਆਂ ਜੋ ਪੱਲੇ ਬੰਨ੍ਹੀਆਂ ਸੀ ਕਿਸੇ ਖੂਹ, ਢਾਬ ਜਾਂ ਨਹਿਰ ਨੇੜੇ ਬਹਿ ਖਾ ਲੈਣੀਆਂ। ਦੋ ਦਿਨਾਂ ਬਾਅਦ ਰੋਟੀਆਂ ਵੀ ਮੁੱਕ ਗਈਆਂ ਤੇ ਡੰਗਰਾਂ ਦੇ ਲੱਕ ਵੀ ਨਾਲ ਲੱਗ ਗਏ। ਦੂਰੋਂ ਵੇਖਿਆ ਇਕ ਪਿੰਡ ਹੈ, ਸੋਚਿਆ ਉੱਥੇ ਹੀ ਰਾਤ ਕੱਟੀਏ। ਪਿੰਡ ਦੇ ਬਾਹਰ ਵਾਰ ਡੰਗਰ ਡੱਕ ਲਏ। ਡੂੰਘੀਆਂ ਤਿਕਾਲ਼ਾਂ ਪੈ ਗਈਆਂ ਸਨ, ਪਿੰਡ 'ਚੋਂ ਕੋਈ ਬੰਦਾ ਪਰਿੰਦਾ ਬਾਹਰ ਤੁਰਦਾ ਫਿਰਦਾ ਨਜ਼ਰ ਨਹੀਂ ਆ ਰਿਹਾ ਸੀ। ਹਾਂ, ਹਨ੍ਹੇਰੇ ਕਰਕੇ ਕੁਝ ਜਨਾਨੀਆਂ ਜੰਗਲ ਪਾਣੀ ਲਈ ਜਰੂਰ ਨਿਕਲੀਆਂ ਹੋਣਗੀਆਂ।

ਅਸੀਂ ਜੱਕੋ ਤੱਕੀ ਵਿਚ ਸੀ ਕਿ ਹੁਣ ਕੀ ਕਰੀਏ, ਮੰਗੀਏ ਕਿ ਭੁੱਖੇ ਰਹੀਏ। ਮੈਂ ਮਾਸੜ ਨੂੰ ਕਿਹਾ, ਮਾਸੜਾ .. ' ਪਾਣੀ ਮੰਗਣ ਨੂੰ ਮੰਗਣਾ ਨਹੀਂ ਆਂਹਦੇ ' , ਚੱਲ ਪਾਣੀ ਲਿਆਉਂਦੇ ਹਾਂ, ਨਾਲੇ ਆਪ ਪੀਂਦੇ ਹਾਂ, ਨਾਲੇ ਗੋਕਿਆਂ ਨੂੰ ਪਿਆਉਂਦੇ ਹਾਂ, ਸਵੇਰ ਹੋਊ ਫੇਰ ਵੇਖੀ ਜਾਊ।

ਮੇਰੀ ਇਹ ਗੱਲ ਦੂਰ ਜਾਂਦੀ ਕਿਸੇ ਜਨਾਨੀ ਨੇ ਸੁਣ ਲਈ ਸੀ। ਉਸ ਘਰ ਪਰਤ ਕੇ ਆਪਣੇ ਘਰ ਵਾਲੇ ਨੂੰ ਕਿਹਾ ' ਪਿੰਡ ਦੇ ਬਾਹਰ ਦੋ ਰਾਹੀ ਨੇ, ਮੈਂ ਉਹਨਾਂ ਦੀ ਆਹ ਗੱਲ ਸੁਣੀ ਹੈ '। ਉਹ ਰੱਬ ਦਾ ਬੰਦਾ ਸਾਡੇ ਕੋਲ਼ ਆ ਗਿਆ ਤੇ ਸਾਨੂੰ ਆਖੇ, ਤੁਸੀਂ ਘਰ ਚੱਲੋ। ਸਾਡੇ ਨਾਂਹ ਨਾਂਹ ਕਰਦਿਆਂ ਉਸ ਗੋਕੇ ਖੋਹਲ ਕੇ ਹਿੱਕ ਲਏ ਤੇ ਅਸੀਂ ਉਹਦੇ ਪਿੱਛੇ ਪਿੱਛੇ ਤੁਰ ਪਏ। ਉਸ ਰਾਤ, ਉਹਨਾਂ ਸਾਨੂੰ ਰੋਟੀ ਖਵਾਈ, ਬਲ਼ਦਾਂ ਨੂੰ ਪਾਣੀ ਤੇ ਪੱਠਾ ਦੱਥਾ ਦਿੱਤਾ। '

ਭਾਊ ਦੀ ਦੱਸੀ ਇਸ ਆਪ ਬੀਤੀ 'ਚੋਂ ਮੈਨੂੰ ਆਦਮ ਦੀ ਦੂਜੀ ਆਵਾਜ਼ ਸੁਣਾਈ ਦਿੱਤੀ। ਫਿਰ ਇਹ ਆਵਾਜ਼ ਵੀ ਪਹਿਲੀ ਦੇ ਨਾਲ ਰਲ਼ ਗਈ। ਦੋਵੇਂ ਆਵਾਜ਼ਾਂ ਮਿਲ ਕੇ ਆਦਮ ਦੀ ਇਕ ਆਵਾਜ਼ ਬਣ ਗਈਆਂ। ਹੌਲ਼ੀ ਹੌਲ਼ੀ ਮੈਨੂੰ ਇਹਨਾਂ ਆਵਾਜ਼ਾਂ ਦੀ ਪਛਾਣ ਹੋਣ ਲੱਗੀ ਤੇ ਮੈਂ ਇਹਨਾਂ ਨੂੰ ਗਾਹੇ ਬ ਗਾਹੇ ਲੱਭਣ ਲੱਗ ਪਿਆ। ਕਈ ਵਾਰ ਮੈਂ ਗੱਲਾਂ ਕਰਦੇ ਲੋਕਾਂ ਦੇ ਮੂੰਹਾਂ ਵੱਲ ਨੀਝ ਲਾ ਕੇ ਵੇਖਣ ਲੱਗ ਪਿਆ, ਕਿ ਸ਼ਾਇਦ ਕੋਈ ਕਤਰਾ 'ਆਦਮ ਦੀ ਆਵਾਜ਼' ਦਾ ਕਿਰ ਪਏ ਤੇ ਮੈਂ ਉਹਨੂੰ ਸਾਂਭ ਲਵਾਂ।

ਵਰ੍ਹਿਆਂ ਬਾਅਦ ਅਸੀਂ ਹਰਿਆਣੇ ਦੇ ਓਸ ਪਿੰਡ ਤੋਂ ਜ਼ਮੀਨ ਵੇਚਕੇ ਵਾਪਿਸ ਪੰਜਾਬ ਪਰਤ ਆਏ। ਤਰਨਤਾਰਨ 'ਚ ਪੈਂਦੇ ਪਿੰਡ ਚੱਕ ਸਕੰਦਰ ਵਿਚ ਭਾਊ ਨੇ ਦਸ ਘੁਮਾਂ ਪੈਲ਼ੀ ਲੈ ਲਈ ਸੀ। ਹੌਲ਼ੀ ਹੌਲ਼ੀ ਖੇਤਾਂ ਵਿਚ ਹੀ ਕੱਚਿਆਂ ਕੋਠਿਆਂ ਅੱਗੇ ਫੱਟਿਆਂ ਵਾਲੀਆਂ ਕੰਧਾਂ ਕਰ ਕੇ ਹਵੇਲੀ ਵਲ਼ ਲਈ। ਸੂਆ ਨਾਲ ਲੱਗਦਾ ਸੀ, ਪਹੀ ਲਾਗੋਂ ਲੰਘਦੀ ਸੀ। ਚੇਤ ਦੀ ਮੱਸਿਆ ਵੇਲ਼ੇ ਅਗਲੇ ਪਿੰਡਾਂ ਦੇ ਜੱਟ ਆਪਣੇ ਬਲ਼ਦਾਂ ਨੂੰ ਤਰਨਤਾਰਨ ਮੱਸਿਆ ਨਵਾਉਂਣ ਖੜਦੇ। ਉਹਨਾਂ ਦੇ ਗਲ਼ੀਂ ਪਈਆਂ ਟੱਲੀਆਂ ਤੇ ਜੱਟਾਂ ਦੇ ਬੋਲ ਤੜਕੇ ਮੂੰਹ ਹਨ੍ਹੇਰੇ ਹੀ ਪਹੀ 'ਤੇ ਸੁਣਨੇ ਸ਼ੁਰੂ ਹੋ ਜਾਂਦੇ। ਉਹਨਾਂ ਸਵੇਰੇ ਜਾਣਾ ਤੇ ਸ਼ਾਮਾਂ ਨੂੰ ਪਰਤਣਾ ਹੁੰਦਾ ਸੀ। ਸਾਰਾ ਦਿਨ ਰਾਹ ਵਗਦਾ। ਬੀਬੀ ਨੇ ਕਦੀ ਚਾਹ ਦਾ ਡੋਲ, ਕਦੀ ਲੱਸੀ ਦਾ ਡੋਲ, ਕਦੀ ਰੋਟੀਆਂ ਦਾ ਛਾਬਾ ਭਰਕੇ ਸੂਏ ਦੇ ਪੁਲ 'ਤੇ ਜਾ ਖਲੋਣਾ। ਛਟਾਲੇ ਦੇ

ਰੁੱਗ ਵੱਢ ਵੱਢ ਗੋਕਿਆਂ ਦੇ ਮੂੰਹੀਂ ਦੇਣੇ। ਓਦੋਂ ਸੜ੍ਹਕਾਂ 'ਤੇ ਲੰਗਰ ਲਾਉਣ ਦਾ ਰਿਵਾਜ ਹਾਲੇ ਨਹੀਂ ਚੱਲਿਆ ਸੀ। ਉਹਨੂੰ ਏਦਾਂ ਰਾਹੀਆਂ ਲਈ ਰੋਟੀ ਬਣਾਉਂਦਿਆਂ, ਵਰਤਾਉਂਦਿਆਂ ਵੇਖਦਾ ਤਾਂ ਮੈਂ ਸੋਚਦਾ, ਬੀਬੀ ਨੇ ਸ਼ਾਇਦ ਭਾਊ ਦੀ ਉਹ ਗੱਲ ਸੁਣੀ ਹੋਣੀ ਹੈ ਜਦੋਂ ਉਹਨਾਂ ਨੂੰ ਕੋਈ ਅਜਨਬੀ ਬੰਦਾ ਕਿਸੇ ਡੂੰਘੀ ਸ਼ਾਮ ਵਾਜ਼ ਮਾਰਕੇ ਘਰ ਲੈ ਗਿਆ ਸੀ, ਮੂੰਹ ਹੱਥ ਧਵਾਇਆ ਤੇ ਰੋਟੀ ਖਵਾਈ ਸੀ। ਉਸ 'ਆਦਮ ਦੀ ਆਵਾਜ਼' ਹੁਣ ਬੀਬੀ 'ਚ ਜੀਂਦੀ ਸੀ। ਸ਼ਾਇਦ ਇੰਝ ਹੀ ਇਹ ਆਵਾਜ਼ ਪੁਸ਼ਤ ਦਰ ਪੁਸ਼ਤ ਸਫ਼ਰ ਕਰਦੀ ਹੈ। ਕਦੀ ਕਦੀ ਉਹ ਸਾਨੂੰ ਕਹਿੰਦੀ, 'ਪੁੱਤ, ਰਾਹੀਆਂ ਨੂੰ ਪਾਣੀ ਪਿਆਉਣਾ ਪੁੰਨ ਹੁੰਦਾ'। ਵਿਚੋਂ ਵਿਚੋਂ ਕੋਈ ਬਜ਼ੁਰਗ ਪਾਂਧੀ ਇਹ ਵੀ ਕਹਿ ਜਾਂਦਾ, 'ਬੀਬੀ ਤੂੰ ਤਾਂ ਏਥੇ ਹੀ ਮੱਸਿਆ ਖੱਟ ਲਈ'।

ਪੈਲ਼ੀ ਵਾਲੀ ਗੱਲ ਤਾਂ ਵਿਚੇ ਰਹਿ ਗਈ। ਪੰਜਾਬ ਪੈਲ਼ੀ ਲੈਣਾ ਕੋਈ ਸੌਖਾ ਕੰਮ ਨਹੀਂ ਸੀ, ਲੱਖ ਵੇਲਣ ਵੇਲਕੇ ਇਹ ਹਾਸਿਲ ਹੋਈ ਸੀ। ਕਿੰਨੇ ਆਂਢੇ ਸਾਂਢੇ, ਕਿੰਨੇ ਵੇਚ ਵੱਟ, ਰੱਬ ਅੱਗੇ ਕਿੰਨੀਆਂ ਅਰਜੋਈਆਂ ਤੇ ਤਰਲੇ। ਉਹ ਦੱਸਦੀ, 'ਜਿਹੜੀ ਜ਼ਮੀਨ ਪਾਕਿਸਤਾਨ ਛੱਡੀ ਜ਼ਮੀਨ ਬਦਲੇ ਅਲਾਟ ਹੋਈ ਸੀ ਉਹ ਥੋੜ੍ਹੀ ਸੀ, ਗੈਰ ਆਬਾਦ ਸੀ, ਨਿਰ੍ਹਾ ਜੰਗਲ। ਕੁਝ ਪੈਲ਼ੀ ਹਿੱਸੇ ਠੇਕੇ 'ਤੇ ਲੈਂਦੇ ਸਾਂ, ਵਾਹਣੀ, ਬੀਜਣੀ, ਵੱਢਣੀ ਅਸੀਂ ਤੇ ਅੱਧ ਕਿਸੇ ਹੋਰ ਦਾ। ਮੈਂ ਤੇ ਤੇਰਾ ਭਾਊ ਰੁੱਖਾਂ ਦੇ ਮੁੱਢ ਪੁੱਟ ਪੁੱਟ ਥੱਕ ਗਏ। ਇਕ ਦਿਨ ਮੈਂ ਕੰਡੇ ਤੇ ਭੱਖੜੇ ਮਿੱਧਦੀ ਉਹਦੀ ਰੋਟੀ ਲੈਕੇ ਖੇਤੀਂ ਪੁੱਜੀ ਤਾਂ ਵੇਖਿਆ ਉਹਨੇ ਇਕ ਮੁੱਢ ਹੇਠੋਂ ਦਸ ਬਾਰਾਂ ਸੱਪ ਵੱਢਕੇ ਢੇਰ ਲਾਇਆ ਹੋਇਆ ਸੀ। ਮੈਨੂੰ ਵੇਖਕੇ ਕਚਿਆਣ ਆਈ ਤੇ ਡਰ ਲੱਗਿਆ। ਰੋਟੀ ਖਾਂਦਿਆਂ ਅਸੀਂ ਚੁੱਪ ਬੈਠੇ ਸਾਂ। ਓਦੋਂ ਮਨ 'ਚੋਂ ਇਕ ਅਰਦਾਸ ਨਿਕਲੀ, 'ਹੇ ਸੱਚੇ ਪਾਤਸ਼ਾਹ, ਤੇਰੀ ਇਸ ਭੋਂਅ 'ਚ ਸਾਡਾ ਵੀ ਕੋਈ ਹਿੱਸਾ ਹੈ ਤਾਂ ਦੇ'। ਪਤਾ ਨਹੀਂ ਕਿਹੜੇ ਵੇਲ਼ੇ ਦੀ ਕਹੀ ਪੂਰੀ ਹੋ ਜਾਂਦੀ। ਫਿਰ ਕਿਤੇ ਸਾਲਾਂ ਬਾਅਦ ਸਬੱਬ ਬਣਿਆ ਤੇ ਆਹ ਪੈਲ਼ੀ ਸਾਡੇ ਨਾਂਅ ਹੋਈ। ਮੈਂ ਸਮਝ ਗਿਆ, ਸੱਚੇ ਮਨ ਨਾਲ ਨਿਕਲੀ ਆਦਮ ਦੀ ਆਵਾਜ਼ ਰੱਬ ਕੋਲ਼ ਜ਼ਰੂਰ ਪਹੁੰਚਦੀ ਹੈ, ਪਰ ਸੱਚਾ ਮਨ ਕਦੋਂ ਹੁੰਦਾ ਹੈ, ਕੋਈ ਖ਼ਬਰ ਨਾ ਸੂ।

ਇਕ ਦਿਨ ਅਸੀਂ ਸਾਰੇ ਭੈਣ ਭਰਾ ਚੌਂਕੇ 'ਚ ਬੈਠੇ ਰੋਟੀ ਟੁੱਕ ਖਾ ਰਹੇ ਸਾਂ। ਮਾਂ ਚੁੱਲ੍ਹੇ ਮੋਹਰੇ ਬੈਠੀ ਤੱਤੀਆਂ ਤੱਤੀਆਂ ਲਾਹ ਲਾਹ ਵਰਤਾਈ ਜਾ ਰਹੀ ਸੀ। ਭਾਊ ਨੇ ਘਰ ਦੀ ਕੱਢੀ ਦੇ ਇਕ ਦੋ ਹਾੜੇ ਮਾਰ ਲਏ ਸਨ। ਤਿੱਖੇ ਸਲੂਣੇ ਦਾ ਸਵਾਦ ਵਿੰਹਦਾ ਸਾਨੂੰ ਕਹਿੰਦਾ, 'ਪੁੱਤਰੋ, ਅਸੀਂ ਤੇ ਪੁਗਾ ਤੀ ਆਪਣੀ, ਹੁਣ ਤੁਹਾਡੇ ਲਈ ਆਹ ਪੜੁੱਲ ਬਣਾ ਤਾ, ਜਿੰਨੀਆਂ ਚਾਹੇ ਛਾਲਾਂ ਮਾਰੋ ਇਹਦੇ ਤੇ '। ਸਾਡੀਆਂ ਉਸ ਦਿਨ ਮਾਣ ਨਾਲ ਛਾਤੀਆਂ ਭਰ ਆਈਆਂ, ਕਿਸੇ ਸਰੀਕ ਤੋਂ ਘੱਟ ਨਹੀਂ ਬਰੋਬਰ ਖੜ੍ਹੇ ਸਾਂ ਉਸ ਦਿਨ ਅਸੀਂ। 'ਕੱਲੀ ਜਾਤ ਨਾਲ ਹੀ ਨਹੀਂ, ਜ਼ਮੀਨ ਨਾਲ ਵੀ। ਮਿੱਟੀ ਦੀ ਮਹਿਕ ਕਿੰਨੀ ਮਿੱਠੀ ਹੁੰਦੀ ਉਸ ਦਿਨ ਕੋਈ ਭਾਊ ਨੂੰ ਪੁੱਛਦਾ। ਮੈਂ ਤਾਂ ਓਦਣ ਆਦਮ ਦੀ ਤੀਜੀ ਆਵਾਜ਼ ਸੁਣੀ ਜੋ ਛਾਲ਼ਾਂ ਮਾਰਨ ਲਈ ਲਲਕਾਰ ਰਹੀ ਸੀ। ਧੁਰ ਅੰਦਰ ਇਕ ਜ਼ਿੱਦ,ਇਕ ਸਿਰੜ ਸਵੈਮਾਨ ਦਾ ਆਗਾਜ਼ ਹੁੰਦਾ ਵੇਖਿਆ। ਆਦਮ ਦੀਆਂ ਇਹ ਆਵਾਜ਼ਾਂ ਮੈਨੂੰ ਸਿਰਜਣ, ਤਰਾਸ਼ਣ ਲੱਗੀਆਂ ਹੋਈਆਂ ਸਨ ਤੇ ਮੈਂ ਇਹਨਾਂ ਸਾਹਮਣੇ ਇੰਝ ਖੜ੍ਹਾ ਸਾਂ ਜਿਵੇਂ ਕੋਈ ਬੱਚਾ ਨਹਾਉਣ ਵੇਲੇ ਆਪਣੀ ਮਾਂ ਸਾਹਮਣੇ ਖਲੋ ਜਾਂਦਾ, ਅੱਖਾਂ ਮੀਟਕੇ, ਹੱਥ ਸੁੱਟਕੇ , ਹੁਣ ਭਾਵੇਂ ਜਿੰਨਾ ਮਰਜ਼ੀ ਮਾਂਜ ਲਏ, ਕੂਚ ਲਏ, ਓਦਾਂ ਦਾ ਬਣਾ ਲਏ ਜਿੱਦਾਂ ਦਾ ਉਹ ਉਹਨੂੰ ਸੋਹਣਾ ਲੱਗਦਾ।

ਉਮਰ ਦੇ ਇਸ ਪੜਾਅ ਵਿਚ ਜਦੋਂ ਬੰਦਾ ਬਾਰੀ ਥਾਣੀਂ ਖਾਲੀ ਖਲਾਅ ਨੂੰ ਘੂਰਨ ਜੋਗਾ ਰਹਿ ਜਾਂਦਾ ਹੈ, ਮੈਂ 'ਆਦਮ ਦੀਆਂ ਆਵਾਜ਼ਾਂ' ਇਕੱਠੀਆਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸੁਣਿਆ ਹੈ, ਡੂੰਘੇ ਖੂਹ ਨਹੀਂ ਸੁੱਕਦੇ ਕਦੀ, ਅੱਜ ਓਸੇ ਖੂਹ 'ਚ ਲੱਜ ਵਗਾਈ ਜਾ ਰਿਹਾ ਹਾਂ। ਕਿਤੇ ਪੜ੍ਹਿਆ ਸੀ, ਥੋਹਰਾਂ ਨੂੰ ਬਹੁਤਾ ਪਾਣੀ ਨਹੀਂ ਚਾਹੀਦਾ, ਮੈਂ ਤੁਬਕਾ ਤੁਬਕਾ ਉਹਦੇ ਮੁੱਢਾਂ 'ਤੇ ਤੌਂਕੀ ਜਾ ਰਿਹਾ ਹਾਂ। ਆਸ਼ਕ ਹਾਂ 'ਆਦਮ ਦੀ ਆਵਾਜ਼' ਦਾ, ਬਸ ਆਸ਼ਕੀ ਨਿਭਾਅ ਰਿਹਾ ਹਾਂ।

1965 ਦੀ ਲੜਾਈ ਲੱਗੀ ਹੋਈ ਸੀ, ਚੌਥੀ 'ਚ ਪੜ੍ਹਦਾ ਸਾਂ ਮੈਂ। ਪੱਕੀ ਸੜਕ ਦੇ ਨਾਲ ਲੱਗਦਾ ਪ੍ਰਾਇਮਰੀ ਸਕੂਲ ਸੀ। ਸਵੇਰੇ ਉੱਠੇ ਤਾਂ ਨਾਨੀ ਚਾਹ ਬਣਾਉਂਦੀ ਕਹਿ ਰਹੀ ਸੀ, ਰਾਤ

ਸਾਰੀ ਰਾਤ ਕਾਨਵਾਈ ਵਗਦੀ ਰਹੀ। ਸਕੂਲ ਨੂੰ ਜਾਂਦਿਆਂ ਵੇਖਿਆ ਮਿਲਟਰੀ ਦੀਆਂ ਗੱਡੀਆਂ, ਕੀੜੀਆਂ ਵਾਂਗ ਲਾਈਨ ਬਣਾਈ, ਇਕੋ ਚਾਲੇ ਫਰੋਜ਼ਪੁਰ ਵੱਲੋਂ ਅੰਬਰਸਰ ਵੱਲ ਜਾ ਰਹੀਆਂ ਸਨ। ਇਹ ਦ੍ਰਿਸ਼ ਕਦੀ ਪਹਿਲਾਂ ਨਹੀਂ ਤੱਕਿਆ ਸੀ। ਲੜਾਈ ਦਾ ਮਤਲਬ ਪਤਾ ਨਹੀਂ ਸੀ, ਇਸ ਲਈ ਕੋਈ ਡਰ ਡੁੱਕਰ ਨਹੀਂ ਸੀ। ਅੱਧੀ ਛੁੱਟੀ ਵੇਲ਼ੇ ਕਮਰਿਓਂ ਬਾਹਰ ਨੱਚ ਕੁੱਦ ਰਹੇ ਸਾਂ ਕਿ ਅਸਮਾਨ ਵਿਚ ਦੋ ਤਿੰਨ ਹਵਾਈ ਜਹਾਜ਼ ਹਠਖੇਲੀਆਂ ਕਰਦੇ ਨਜ਼ਰ ਆਏ। ਕਦੀ ਇਕ ਦੂਜੇ ਦੇ ਨੇੜੇ ਆਉਂਦੇ ਤੇ ਕਦੇ ਦੂਰ ਸ਼ੂਟ ਵੱਟ ਜਾਂਦੇ। ਅਸੀਂ ਧੌਣਾਂ ਘੁੰਮਾ ਘੁੰਮਾ ਉਹਨਾਂ ਦੇ ਇਹ ਕਰਤਬ ਦੇਖ ਰਹੇ ਸਾਂ, ਉਂਗਲਾਂ ਕਰ ਰਹੇ ਸਾਂ। ਔਹ ਗਏ ਔਹ ਗਏ, ਆ ਗਏ ਆ ਗਏ ਹੋ ਰਹੀ ਸੀ। ਹੁਣ ਸਾਡੇ ਮਾਸਟਰ ਵੀ ਨਾਲ ਰਲ਼ ਗਏ ਸਨ। ਏਦਾਂ ਕਦੀ ਘੱਟ ਹੋਇਆ ਸੀ ਕਿ ਮਾਸਟਰ ਵੀ ਉਹੀ ਕੁਝ ਕਰੀ ਜਾਣ ਜੋ ਨਿਆਣੇ ਕਰਨ ਡਹੇ ਹੋਣ। ਫਿਰ ਉਹਨਾਂ ਸਾਨੂੰ ਝੱਟ ਪੂਰੀ ਛੁੱਟੀ ਕਰ ਦਿੱਤੀ ਕਿ ਜਾਉ ਘਰਾਂ ਨੂੰ ਭੱਜ ਜਾਉ। ਅਸੀਂ ਆਪਣੇ ਬਸਤੇ ਫੱਟੀਆਂ ਸੰਭਾਲਦੇ ਸਕੂਲੋਂ ਪਿੰਡ ਵੱਲ ਨੂੰ ਭੱਜ ਨਿਕਲੇ। ਰਾਹ ਵਿਚ ਮੁੜ ਮੁੜ ਖਲੋਂਦੇ, ਉਤਾਂਹ ਵੇਂਹਦੇ ਤੇ ਫੇਰ ਭੱਜਦੇ। ਅਸਾਂ ਦੇਖਿਆ ਇਕ ਜਹਾਜ਼ ਨੂੰ ਅੱਗ ਲੱਗ ਗਈ ਹੈ। ਉਹ ਅਸਮਾਨ ਤੋਂ ਟੁੱਟੀ ਪਤੰਗ ਵਾਂਗ ਝੂਲਦਾ ਹੇਠਾਂ ਨੂੰ ਆ ਰਿਹਾ ਹੈ। ਬਾਕੀ ਦੋਨੋਂ ਜਹਾਜ਼ ਕਿਧਰੇ ਨੱਸ ਗਏ ਸਨ। ਅੱਗ ਲੱਗਾ ਜਹਾਜ਼ ਪਿੰਡ ਵੱਲ ਨੂੰ ਉਤਰਦਾ ਆਉਂਦਾ ਸੀ। ਸਾਡੀ ਜਾਣੇ ਬਲਾ ਕਿ ਕੀ ਹੋਣ ਵਾਲਾ ਸੀ। ਅਗਿਆਨਤਾ 'ਚ ਕਿੰਨੀ ਨਿਡਰਤਾ ਹੈ, ਹੁਣ ਸੋਚੀਦਾ ਹੈ। ਸ਼ਾਇਦ ਏਸੇ ਕਰਕੇ ਫੌਜੀਆਂ ਨੂੰ ਲੜਾਈ ਵੇਲ਼ੇ ਇਹ ਨਹੀਂ ਦੱਸਿਆ ਜਾਂਦਾ ਕਿ ਅਸੀਂ ਕਿਸ ਮੁਹਾਜ਼ 'ਤੇ ਹਾਰ ਰਹੇ ਹਾਂ। ਹਾਂ, ਇਹ ਜ਼ਰੂਰ ਦੱਸਿਆ ਜਾਂਦਾ ਕਿ ਕਿਸ ਮੁਹਾਜ਼ 'ਤੇ ਜਿੱਤ ਰਹੇ ਹਾਂ।

ਹਵਾਈ ਜਹਾਜ਼ ਦਾ ਉਹ ਬਲ਼ਦਾ ਗੋਲ਼ਾ ਸਾਡੇ ਸਿਰਾਂ ਉੱਤੋਂ ਲੰਘਿਆ, ਪਿੰਡ ਦੇ ਘਰਾਂ ਉੱਤੋਂ ਲੰਘਿਆ, ਤੇ ਬਿਲਕੁਲ ਪਿੰਡ ਦੇ ਦੂਜੇ ਕਿਨਾਰੇ ਘਰਾਂ ਤੋਂ ਦੋ ਕਿੱਲੇ ਅਗਾਂਹ ਜ਼ਮੀਨ 'ਚ ਜਾ ਵੜਿਆ। ਕਾਲ਼ੇ ਧੂੰਏ ਦਾ ਉੱਚਾ ਅੰਬਾਰ ਉਭਰਿਆ ਤੇ ਅਸਮਾਨੀਂ ਚੜ੍ਹ ਗਿਆ। ਅਸੀਂ ਘਰੀਂ ਵੜ ਗਏ ਤੇ ਮਾਂਵਾਂ ਨੇ, 'ਹਾਏ ਮੇਰਾ ਪੁੱਤ, ਹਾਏ ਮੇਰਾ ਪੁੱਤ' ਕਹਿਕੇ ਬੁੱਕਲ 'ਚ ਲੁਕੋ ਲਿਆ। ਬੁੱਢੇ ਨੱਢੇ ਤੇ ਨੌਜਵਾਨ ਗਲੀਆਂ 'ਚ ਦਗੜ ਦਗੜ ਕਰਦੇ ਪਿੰਡ ਦੇ ਓਸ ਪਾਸੇ ਭੱਜ ਗਏ ਜਿਧਰ ਜਹਾਜ਼ ਡਿੱਗਾ ਸੀ। ਮਿੰਟਾਂ ਸਕਿੰਟਾਂ 'ਚ ਮਿਲਟਰੀ ਦੀਆਂ ਗੱਡੀਆਂ ਮਿੱਟੀ ਉਡਾਉਂਦੀਆਂ, ਹਾਰਨ ਵਜਾਉਂਦੀਆਂ, ਭੀੜ ਨੂੰ ਚੀਰਦੀਆਂ ਅੱਗੇ ਲੰਘ ਗਈਆਂ।

ਸ਼ਾਮੀ ਮਾਮੇ ਚਰਨੇ ਨੇ ਦੱਸਿਆ, ਇਹ ਆਪਣਾ ਜਹਾਜ਼ ਸੀ ਜੋ ਪਾਕਿਸਤਾਨ ਵਿਚ ਗੋਲਾਬਾਰੀ ਕਰਕੇ ਆਇਆ ਸੀ ਤੇ ਇਹਦੇ ਪਿੱਛੇ ਪਿੱਛੇ ਦੋ ਪਾਕਿਸਤਾਨੀ ਜਹਾਜ਼ ਆਏ ਤੇ ਉਹਨਾਂ ਨਾਲ ਹਵਾਈ ਲੜਾਈ ਵਿਚ ਇਹਨੂੰ ਅੱਗ ਲੱਗ ਗਈ ਸੀ। ਉਸ ਇਹ ਵੀ ਦੱਸਿਆ ਕਿ ਇਹਦੇ ਪਾਇਲਟ ਦੀ ਵੀ ਮੌਤ ਹੋ ਗਈ ਹੈ। ਜੇ ਉਹ ਚਾਹੁੰਦਾ ਤਾਂ ਇਸ ਬਲ਼ਦੇ ਜਹਾਜ਼ 'ਚੋਂ ਪੈਰਾਸ਼ੂਟ ਨਾਲ ਬਾਹਰ ਵੀ ਆ ਸਕਦਾ ਸੀ ਤੇ ਬਚ ਸਕਦਾ ਸੀ, ਪਰ ਇੰਝ ਕਰਨ ਨਾਲ ਉਹ ਜਹਾਜ਼ ਪਿੰਡ ਉੱਤੇ ਡਿੱਗਣਾ ਸੀ ਤੇ ਕਈ ਜਾਨਾਂ ਚਲੀਆਂ ਜਾਣੀਆਂ ਸਨ। ਉਹ ਪਾਇਲਟ ਓਸ ਜਹਾਜ਼ ਨੂੰ ਆਖਰੀ ਵੱਕਤ ਤਕ ਸੰਭਾਲ਼ਦਾ ਰਿਹਾ ਜਦ ਤਕ ਕਿ ਉਹ ਪਿੰਡ ਤੋਂ ਅਗਾਂਹ ਨਾ ਨਿਕਲ ਗਿਆ। ਪਰ ਓਸ ਵੇਲ਼ੇ ਤਕ ਜਹਾਜ਼ ਏਨਾ ਥੱਲੇ ਆ ਚੁੱਕਾ ਸੀ ਕਿ ਉਹ ਹੁਣ ਬਾਹਰ ਨਹੀਂ ਆ ਸਕਦਾ ਸੀ। ਇਹ ਸਭ ਸੁਣਦਿਆਂ ਹੀ, ਪਾਇਲਟ ਦੇ ਮਨ ਦੀ ਆਵਾਜ਼ ਮੇਰੇ ਧੁਰ ਅੰਦਰ ਜਾ ਵੱਜੀ ਤੇ ਓਥੇ ਹੀ ਸਮਾ ਗਈ।

ਇਸ ਗੱਲ ਨੂੰ ਤਕਰੀਬਨ ਵੀਹ ਸਾਲ ਬੀਤ ਗਏ ਹੋਣਗੇ, ਅਪਰੈਲ 1984 ਦਾ ਮਹੀਨਾ। ਸਿਆਚਿਨ ਗਲੇਸ਼ੀਅਰ 'ਤੇ ਇੰਡੀਆ ਦੇ ਕਬਜ਼ੇ ਲਈ ਅਪ੍ਰੇਸ਼ਨ ਮੇਘਦੂਤ ਦੀ ਪਲੈਨਿੰਗ ਪੂਰੀ ਹੋ ਚੁੱਕੀ ਸੀ। ਬੇਸ ਕੈਂਪ ਹੈਲੀਪੈਡ ਤੋਂ ਛੇ ਹੈਲੀਕਾਪਟਰਾਂ ਦਾ ਕਾਫਲਾ ਇਕ ਇਕ ਕਰਕੇ ਉੱਡਿਆ, ਹਰ ਏਕ ਵਿਚ ਦੋ ਦੋ ਜਣੇ। ਮੈਂ ਸਭ ਤੋਂ ਅਗਲੇ ਹੈਲੀਕਾਪਟਰ ਵਿਚ ਸਾਂ। ਇਹ ਮੇਰੀ ਟੀਮ ਸੀ ਤੇ ਮੈਂ ਉਹਨਾਂ ਦਾ ਕਪਤਾਨ। ਅਸੀਂ ਸਿਆਚਿਨ ਦੇ ਉੱਤਰੀ ਪਾਸ ਸਿਆਲਾ ਵੱਲ ਵੱਧਦੇ ਜਾ ਰਹੇ

ਸਾਂ। ਅੱਜ ਅਸੀਂ ਗਲੇਸ਼ੀਅਰ ਨੂੰ ਆਪਣਾ ਬਣਾ ਲੈਣਾ ਹੈ, ਹਿੰਦੋਸਤਾਨ ਦਾ। ਤਰੰਗਾ ਝੰਡਾ ਮੇਰੇ ਰੁਕਸਕ ਦੀ ਬਾਹਰਲੀ ਪੌਕਿਟ ਵਿਚ ਹੈ। ਦੇਖਦਾ ਹਾਂ ਮੀਲਾਂ ਤਕ ਬਰਫ਼ ਦੀ ਸਫ਼ੈਦ ਚਾਦਰ ਵਿਛੀ ਹੋਈ ਹੈ ਜਿਸ ਨੂੰ ਚਾਰੋਂ ਤਰਫ਼ੋਂ ਉੱਚੀਆਂ, ਤਿੱਖੀਆਂ ਚੱਟਾਨਾਂ ਨੇ ਫੜ ਰੱਖਿਆ ਹੈ। ਦਿਨ ਢਲਣ ਵਾਲਾ ਹੈ। ਹੈਲੀਕਾਪਟਰ ਹੌਲ਼ੀ ਹੋਲ਼ੀ ਹੇਠਾਂ ਆਉਂਦਾ ਹੈ। ਤਾਜ਼ੀ ਪਈ ਬਰਫ਼ ਤੋਂ 15-20 ਫੁੱਟ ਉੱਤੇ। ਪੱਖਿਆਂ ਨਾਲ ਉੱਡਦੀ ਬਰਫ਼ ਦਾ ਅੰਬਾਰ ਹੈਲੀਕਾਪਟਰ ਨੂੰ ਘੇਰੀ ਜਾਂਦਾ ਹੈ, ਹੁਣ ਹੋਰ ਹੇਠਾਂ ਨਹੀਂ ਜਾਇਆ ਜਾਣਾ, ਪਾਇਲਟ ਇਸ਼ਾਰਾ ਕਰਦਾ ਹੈ। ਦਰਵਾਜ਼ਾ ਖੋਹਲਦਿਆਂ ਇਕ ਭਉ ਅੰਦਰ ਖੋਹ ਪਾਉਂਦਾ ਹੈ ਪਰ ਓਸੇ ਹੀ ਪਲ ਸਾਲਾਂ ਪਹਿਲੇ ਓਸ ਜਲ਼ਦੇ ਬਲ਼ਦੇ ਡਿੱਗਦੇ ਜਹਾਜ਼ 'ਚੋਂ ਨਿਕਲੀ ਆਵਾਜ਼, ਜੋ ਕਿਧਰੇ ਮੇਰੇ ਮਨ 'ਚ ਲੁਕ ਗਈ ਸੀ, ਫੁੱਟ ਪੈਂਦੀ ਹੈ ਤੇ ਮੈਂ ਹੈਲੀਕਾਪਟਰ ਦੇ ਬਾਹਰ ਬਰਫ਼ ਦੇ ਚਿੱਟੇ ਗੁਬਾਰ ਵਿਚ ਬੇਝਿਜਕ ਛਾਲ਼ ਮਾਰ ਦੇਂਦਾ ਹਾਂ , ਉਡੀਕਦਾ ਹਾਂ ਕਦੋਂ ਮੇਰੇ ਪੈਰ ਧਰਤੀ ਨੂੰ ਛੂਹਣ ਗੇ, ਕਦੋਂ ਮੈਂ ਮੁੜ ਲੰਮਾ ਸਾਹ ਲਵਾਂਗਾ, ਹੱਥ ਹਲਾਵਾਂ ਗਾ ਤੇ ਦੂਰ ਤਕ ਦੇਖਾਂਗਾ।

ਬਾਕੀ ਹੈਲੀਕਾਪਟਰ ਵੀ ਹੇਠਾਂ ਆਉਂਦੇ ਹਨ। ਮੇਰੇ ਸਾਰੇ ਸਾਥੀ ਵੀ ਛਾਲਾਂ ਮਾਰ ਜਾਂਦੇ ਹਨ। ਇੰਝ ਲਗਦਾ ਅਸੀਂ ਖੂਹਾਂ 'ਚ ਛਾਲਾਂ ਮਾਰੀਆਂ। ਨਰਮ ਬਰਫ ਵਿਚ ਛਾਤੀਆਂ ਤਕ ਧੱਸ ਗਏ ਸਾਂ। ਇਕ ਪਾਸੇ ਨੂੰ ਫਿਰ ਦੂਜੇ ਪਾਸੇ ਨੂੰ ਲਿਟ ਲਿਟ ਬਾਹਰ ਨਿਕਲਦੇ ਹਾਂ। ਹੈਲੀਕਾਪਟਰ ਜਾ ਚੁੱਕੇ ਹਨ, ਉੱਡੀ ਬਰਫ਼ ਬਹਿ ਗਈ ਹੈ, ਚੁੱਪ ਛਾ ਗਈ ਹੈ। ਮੇਰੇ ਸਾਥੀ ਇਕ ਡੇਢ ਕਿਲੋਮੀਟਰ ਵਿਚ ਖਿਲਰੇ ਪਏ ਨੇ। ਅਸੀਂ ਹਨ੍ਹੇਰਾ ਹੋਣ ਤੋਂ ਪਹਿਲਾਂ ਪਹਿਲਾਂ ਇਕ ਥਾਂ ਇਕੱਠੇ ਹੋਣਾ ਹੈ। ਸੂਰਜ ਸਾਲਤਰੋ ਰਿੱਜ ਦੇ ਪਿੱਛੇ ਲੁਕਦਾ ਜਾ ਰਿਹਾ ਹੈ। ਪਰਬਤਾਂ ਦੇ ਪਰਛਾਵੇਂ ਸਾਨੂੰ ਘੇਰੀ ਜਾ ਰਹੇ ਹਨ। ਸੱਜਾ ਹੱਥ ਸਿਰ ਉੱਤੋਂ ਦੋ ਤਿੰਨ ਵਾਰ ਘੁੰਮਾ ਕੇ ਮੈਂ ਸਭ ਨੂੰ ਇਕ ਸੈਂਟਰ ਪਵਾਂਇੰਟ ਵੱਲ ਵਧਣ ਲਈ ਇਸ਼ਾਰਾ ਕਰਦਾ ਹਾਂ। ਪੋਲੀ ਬਰਫ਼ ਵਿਚ ਲੱਤਾਂ ਪੱਟਾਂ ਤਕ ਖੁਭ ਰਹੀਆਂ ਹਨ। ਅਸੀਂ ਹੌਲ਼ੀ ਹੌਲ਼ੀ ਡੰਡੀਆਂ ਬਣਾਉਂਦੇ ਤਕਰੀਬਨ ਇਕ ਘੰਟੇ ਬਾਅਦ ਇਕ ਥਾਂ ਮਿਲ ਜਾਂਦੇ ਹਾਂ। ਪਿੱਠੂਆਂ 'ਚੋਂ ਛੋਟੇ ਪੱਪ ਟੈਂਟ ਕੱਢਕੇ ਲਗਾਉਣੇ ਸ਼ੁਰੂ ਕਰਦੇ ਹਾਂ। ਇਹਨਾਂ ਦੀਆਂ ਰੱਸੀਆਂ ਬੰਨ੍ਹਣ ਲਈ ਬਰਫ਼ ਨੂੰ ਲਿਤੜਨਾ ਪੈਣਾਂ ਹੈ, ਪੱਕਾ ਕਰਨਾ ਪੈਣਾਂ ਹੈ, ਤਾਂ ਹੀ ਇਹਦੇ ਵਿਚ ਕਿੱਲ ਠੁਕਣ ਗੇ, ਤਾਂ ਹੀ ਟੈਂਟ ਖੜ੍ਹੇ ਹੋਣ ਗੇ। ਅਸੀਂ ਬਰਫ਼ ਲਿਤੜ ਰਹੇ ਹਾਂ, ਉਵੇਂ ਹੀ ਜਿਵੇਂ ਪਿੰਡ ਮੂਸਲ ਬੰਨ੍ਹਣ ਵੇਲੇ ਤੂੜੀ ਲਿਤੜਦੇ ਸਾਂ, ਉਂਝ ਹੀ ਜਿਵੇਂ ਗਾਰਾ ਬਣਾਉਣ ਲੱਗਿਆ ਪੈਰਾਂ ਨਾਲ ਮਿੱਠੀ ਗੋਹੰਦੇ ਸਾਂ। ਮੀਲਾਂ ਤਕ ਪਸਰੇ ਠੰਢੇ ਚਿੱਟੇ ਸਫੈਦ ਮੈਦਾਨ ਵਿਚ ਚਾਰ ਪੰਜ ਪੱਪ ਟੈਂਟਾਂ ਦੀ ਇਕ ਨਿੱਕੀ ਜਹੀ ਬਸਤੀ ਵੱਸ ਗਈ ਹੈ। ਹਰ ਟੈਂਟ ਵਿਚ ਇਕ ਨਿੱਕੀ ਜਹੀ ਮੋਮਬੱਤੀ ਜਲ ਰਹੀ ਹੈ, ਕਦੀ ਟਿਕ ਕੇ, ਕਦੀ ਹਿਲ ਹਿਲ। ਹਰ ਸ਼ਖਸ ਦੇ ਸਰੀਰ ਅੰਦਰ ਇਕ ਨਿੱਕਾ ਜਿਹਾ ਦਿਲ ਧੜਕ ਰਿਹਾ ਹੈ, ਕਦੀ ਤੇਜ਼ ਤੇਜ਼ , ਕਦੀ ਹੌਲ਼ੀ ਹੌਲ਼ੀ। ਅਸੀਂ ਦੋ ਦੋ ਜਣੇ ਇਕ ਇਕ ਟੈਂਟ ਵਿਚ ਹਾਂ। ਦੂਜੇ ਟੈਂਟਾਂ ਵਾਲਿਆਂ ਨਾਲ ਜਾਣ ਬੁੱਝਕੇ ਉੱਚੀ ਉੱਚੀ ਗੱਲਾਂ ਕਰ ਰਹੇ ਹਾਂ ਜਿਵੇਂ ਡਰ ਭਜਾ ਰਹੇ ਹੋਈਏ, ਜਿਵੇਂ ਹੱਲਾਸ਼ੇਰੀ ਦੇ ਰਹੇ ਹੋਈਏ। ਇਹ ਉਹੀ ਆਦਮ ਦੀਆਂ ਆਵਾਜ਼ਾਂ ਹਨ ਜੋ ਸਾਡੇ ਮਨੋਬਲਾਂ ਨੂੰ ਥੰਮੀਆਂ ਦੇ ਰਹੀਆਂ ਹਨ।ਬਾਹਰ ਚੰਦਰਮਾ ਚੜ੍ਹ ਆਇਆ ਹੈ, ਪਾਰਾ ਮਾਈਨਸ ਚਾਲੀ ਵੱਲ ਵਧ ਰਿਹਾ ਹੈ। ਇੰਝ ਲੱਗਦਾ ਹੈ ਜਿਵੇਂ ਅਸੀਂ ਸੰਸਾਰ ਦੇ ਕਿਸੇ ਹੋਰ ਗ੍ਰਹਿ 'ਤੇ ਬੈਠੇ ਹੋਈਏ। ਗਲੇਸ਼ੀਅਰ ਉੱਤੇ ਸਾਡੀ ਇਹ ਪਹਿਲੀ ਰਾਤ ਹੈ। ਕੱਲ੍ਹ ਅਗਰ ਦਿਨ ਚੜ੍ਹ ਗਿਆ ਤਾਂ ਸਾਰੇ ਦਿਨ ਚੜ੍ਹਨ ਗੇ। ਹੌਲ਼ੀ ਹੌਲ਼ੀ ਨੀਂਦ ਨੇ, ਥਕਾਵਟ ਨੇ ਸਭ ਨੂੰ ਆਪਣੇ ਕਲਾਵੇ ਵਿਚ ਵਲ਼ ਲਿਆ ਹੈ।

ਨਵੇਂ ਸੂਰਜ ਦੀਆਂ ਪਹਿਲੀਆਂ ਕਿਰਨਾਂ ਚਿੱਟੇ ਤੰਬੂਆਂ ਅੰਦਰ ਮੱਧਮ ਜਹੀ ਰੌਸ਼ਨੀ ਫੈਲਾ ਦਿੱਤੀ ਹੈ। ਸਾਡੇ ਸਰੀਰਾਂ ਨੇ ਤਰੀੜਾਂ ਲਈਆਂ, ਆਕੜ ਭੰਨੀ ਤੇ ਅਸੀਂ ਜਿਉਂਦਿਆਂ 'ਚ ਹੋਗੇ।

ਕੁਝ ਅਣਭੁੱਲ ਯਾਦਾਂ ਹਨ ਜੋ ਸਾਂਭ ਸਾਂਭ ਰੱਖਦਾ ਹਾਂ। ਕੋਸ਼ਿਸ਼ ਕਰਦਾ ਹਾਂ ਸਿਰਫ ਸੁਖਾਵੀਆਂ ਘਟਨਾਵਾਂ ਹੀ ਯਾਦ ਰੱਖਾਂ, ਅਣਸੁਖਾਵੀਆਂ ਨੂੰ ਕਦੀ ਨਹੀਂ ਛੇੜਦਾ। ਬੀਬੀ ਕਹਿੰਦੀ ਹੁੰਦੀ ਸੀ, "ਫੋੜਿਆਂ ਨੂੰ ਨਹੁੰ ਨਹੀਂ ਮਾਰੀਦੇ, ਸਿੱਕੜ ਟੁੱਟ ਜਾਂਦਾ, ਛੇਤੀ 'ਰਾਮ ਨਹੀਂ ਆਉਂਦਾ "।

ਸੁਖਾਵੇਂ ਪਲਾਂ ਨੂੰ ਨਿਹਾਰਨਾ, ਸਾਂਭਣਾ, ਮੁੜ ਮੁੜ ਤੱਕਣਾ, ਬੱਚਿਆਂ ਦੇ ਉਸ ਸ਼ੌਂਕ ਵਰਗਾ ਹੈ

ਜੋ ਰੰਗ ਬਰੰਗੇ ਬਰੰਟਿਆਂ ਨਾਲ ਜੇਬਾਂ ਭਰੀ ਫਿਰਦੇ , ਆਉਂਦੇ ਜਾਂਦੇ ਟਟਲੋਦੇ, ਖਿਲਾਰਦੇ , ਗਿਣਦੇ ਤੇ ਫੇਰ ਪੋਟਲੀ 'ਚ ਬੰਨ੍ਹ ਲੈਂਦੇ। ਟੁੱਟੀਆਂ ਗੋਲ਼ੀਆਂ ਨਾ ਸਿੱਧਾ ਰਿੜ੍ਹਦੀਆਂ ਤੇ ਨਾ ਹੀ ਚੰਗੀਆਂ ਭਲੀਆਂ ਗੋਲੀਆਂ ਨੂੰ ਸਿੱਧਾ ਰਿੜ੍ਹਨ ਦੇਂਦੀਆਂ। ਅਣਸੁਖਾਵੇਂ ਪਲ ਟੁੱਟੀਆਂ ਗੋਲ਼ੀਆਂ ਵਰਗੇ ਹੀ ਤਾਂ ਹੁੰਦੇ, ਭੁਲਾਉਣੇ ਹੀ ਬਿਹਤਰ।

ਕਹੋ ਤਾਂ ਕੈਲੇ ਦੀ ਗੱਲ ਦੱਸਦਾ ਹਾਂ। ਉਹ ਸਾਡਾ ਸੀਰੀ ਸੀ, ਅਮਲੀ ਸੀ, ਨਾਨਕੇ ਪਿੰਡੋਂ ਆਇਆ ਸੀ। ਜਵਾਨ ਸੀ, ਕਰੜੀ ਹੱਡੀ ਦਾ ਬਣਿਆ ਹੋਇਆ। ਤਿੱਖੇ ਨੈਣ ਨਕਸ਼ ਪਰ ਰੰਗ ਵੱਲੋਂ ਕਾਲ਼ਾ ਸ਼ਾਹ। ਤਗੜਾ ਸੀ, ਕੰਮ ਨੂੰ ਲੱਗ ਪਏ ਤਾਂ ਦਿਨ ਰਾਤ ਨਹੀਂ ਵੇਹੰਦਾ ਸੀ। ਧੁੱਪ ਛਾਂ ਦੀ ਪਰਵਾਹ ਨਾ ਕਰਦਾ। ਸਿਰੜੀ ਏਨਾ ਕਿ ਰੋਟੀ ਦੇਣਾ ਤਾਂ ਕਹਿਣਾ ਪਰ੍ਹਾਂ ਰੱਖ ਦੇ, ਪਹਿਲਾਂ ਇਹ ਹੱਥਲਾ ਕੰਮ ਮੁਕਾ ਲਵਾਂ। ਕਣਕਾਂ ਦੀ ਬਿਆਈ ਦੇ ਦਿਨ ਹੋਣੇ, ਹਲ਼ਾਂ ਦੀ ਮੰਗ ਪੈਣੀ, ਇਕ ਦੇ ਪਿੱਛੇ ਇਕ ਜੋਗ ਕੇਰਦੀ ਪੋਰਦੀ ਜਾਂਦੀ, ਪਰ ਪੈਲ਼ੀਆਂ ਦੀਆਂ ਗੁੱਠਾਂ, ਜੋ ਵਗਣੋ ਰਹਿ ਜਾਂਦੀਆਂ, ਨੂੰ ਛਾਂਗਣਾ, ਗੋਡਣਾ, ਪੱਧਰਾ ਕਰਨਾ ਤੇ ਬੀਜਣਾ ਕੈਲੇ ਦਾ ਕੰਮ ਹੁੰਦਾ। ਉਹਨੇ ਵੀ ਮਾਂ ਦੇ ਪੁੱਤ ਨੇ ਇਹ ਕੰਮ ਕਰਦਿਆਂ ਰੀਝਾਂ ਲਾਹ ਦੇਣੀਆਂ। ਜਿਹੜੀਆਂ ਗੁੱਠਾਂ ਕਰਮ ਕਰਮ ਗੋਡ ਕੇ ਵੀ ਕੰਮ ਚੱਲ ਸਕਦਾ ਸੀ, ਕੈਲੇ ਨੇ ਉਹੀ ਗੁੱਠਾਂ ਤਿੰਨ ਤਿੰਨ ਕਰਮਾਂ ਤਕ ਬਣਾ ਸੰਵਾਰ ਦੇਣੀਆਂ। ਵੱਟਾਂ ਨੂੰ ਇੰਝ ਛਾਂਗਣਾ ਜਿਵੇਂ ਤਖਾਣ ਨੇ ਰੱਸੀ ਰੱਖ ਕੇ ਆਰਾ ਚਲਾਇਆ ਹੋਵੇ। ਸਿੱਧੀਆਂ ਸਪਾਟ ਤੇ ਚਿੱਟੀਆਂ ਪੱਟੀਆਂ ਵਰਗੀਆਂ ਵੱਟਾਂ 'ਤੇ ਸੂਰਜ ਦੀ ਲਸ਼ਕੋਰ ਪੈਣੀ, ਮਜਾਲ ਕਿਤੇ ਘਾਹ ਦੀ ਤਿੜ ਵੀ ਬਚੀ ਰਹਿ ਜਾਵੇ। ਫਿਰ ਪੂਰੀ ਮਰਲਾ ਥਾਂ ਗੋਡ ਗੋਡ ਕੇ ਆਟੇ ਵਰਗੀ ਕਰ ਲੈਣੀ, ਨਿੱਕੀਆਂ ਨਿੱਕੀਆਂ ਢੀਮਾਂ ਵੀ ਹੱਥਾਂ ਨਾਲ ਭੋਰ ਭੋਰ ਰੱਖ ਦੇਣੀਆਂ। ਨੀਵੀਂ ਢੂਹੀ ਹੋਇਆਂ ਉਹ ਕਿੰਨੀ ਕਿੰਨੀ ਦੇਰ ਗੁੱਠਾਂ ਨੂੰ ਸਜਾਉਂਦਾ, ਸੰਵਾਰਦਾ ਰਹਿੰਦਾ। ਕਦੀ ਆਪਣੇ ਤਪਦੇ ਪਿੰਡੇ ਜਾਂ ਭਿੱਜੀਆਂ ਖੁੱਚਾਂ 'ਚੋਂ ਵਗਦੇ ਮੁੜ੍ਹਕੇ ਦੀ ਪਰਵਾਹ ਨਾ ਕਰਦਾ। ਹਾਂ, ਵਿਚੋਂ ਵਿਚੋਂ ਹੀਰ ਵਾਰਿਸ ਸ਼ਾਹ ਦੀ ਲੰਮੀ ਹੇਕ ਜ਼ਰੂਰ ਲਾ ਲੈਂਦਾ। ਲੋਕ ਆਖਦੇ ਅਮਲੀ ਦਾ ਲੋਰ ਹੁੰਦਾ। ਮੈਨੂੰ ਲਗਦਾ ਬੰਦੇ ਦਾ ਜਨੂੰਨ ਹੁੰਦਾ।

ਮੈਂ ਇਕ ਦਿਨ ਪੁੱਛਿਆ, "ਕੈਲਿਆ, ਇਕ ਨਿੱਕੀ ਜਹੀ ਗੁੱਠ 'ਤੇ ਏਨਾ ਜ਼ੋਰ ਕਿਉਂ ਲਾਉਂਦਾਂ", ਕਹਿੰਦਾ, "ਭਰਾਵਾ, ਬੰਦਾ ਜਿਹੜਾ ਕੰਮ ਕਰੇ, ਭਾਵੇਂ ਉਹ ਹੋਵੇ ਛੋਟਾ ਤੇ ਭਾਵੇਂ ਉਹ ਹੋਵੇ ਵੱਡਾ, ਉਹ ਏਦਾਂ ਕਰੇ ਕਿ ਲਾਗੋਂ ਲੰਘਣ ਵਾਲੇ ਲੋਕ ਖਲੋ ਖਲੋ ਕੇ ਵੇਖਣ। ਫੇਰ ਤਾਂ ਹੋਇਆ ਸਵਾਦ ਕੰਮ ਕਰਨ ਦਾ। ਬੱਸ ਰੂਹ ਖੁਸ਼ ਹੋ ਜੇ, ਆਪਣੀ ਵੀ ਤੇ ਵੇਖਣ ਵਾਲੇ ਦੀ ਵੀ "। ਹੁਣ ਤੁਸੀਂ ਹੀ ਦੱਸੋ ਕਿ ਆਦਮ ਦੀ ਇਹ ਆਵਾਜ਼ ਕੋਈ ਕਿੱਦਾਂ ਭੁਲਾਏ ਤੇ ਕਿਉਂ ਭੁਲਾਏ।

ਦਸਾਂ ਬਾਰ੍ਹਾਂ ਸਾਲਾਂ ਦਾ ਹੋਵਾਂਗਾ। ਵਾਹਣ ਵਾਹ ਵਾਹ ਪੋਲੀ ਕੀਤੀ ਪੈਲ਼ੀ ਨੂੰ ਕੁਝ ਦਿਨ ਪਹਿਲਾਂ ਹੀ ਪਾਣੀ ਦਿੱਤਾ ਸੀ। ਅੱਜ ਸੁਹਾਗਾ ਮਾਰਕੇ ਦੁਪਹਿਰੋਂ ਬਾਅਦ ਬਾਪੂ ਨੇ ਹਲ਼ ਜੋਅ ਲਿਆ ਸੀ। ਸੂਰਜ ਦੀ ਤਪਸ਼ ਘਟਦੀ ਜਾ ਰਹੀ ਸੀ। ਲੌਢੇ ਵਲ਼ਲੇ ਦੀ ਚਾਹ ਪੀ ਕੇ ਮੈਂ ਵੀ ਪਲ਼ਲੀਆਂ ਨੂੰ ਆ ਗਿਆ ਸੀ। ਬਾਪੂ ਨੂੰ ਹਲ਼ ਵਾਹੁੰਦਾ ਵੇਖ ਮੈਂ ਉਹਦੇ ਮਗਰ ਮਗਰ ਤੁਰਨ ਲੱਗ ਪਿਆ। ਵੱਤਰ ਭੋਂ ਹਲ਼ ਦੇ ਫਾਲ਼ੇ ਮੋਹਰੇ ਭੁਰ ਭੁਰ ਜਾਂਦੀ ਸੀ। ਮੇਰੇ ਨੰਗੇ ਪੈਰਾਂ ਨੂੰ ਸਿਲ੍ਹੀ ਮਿੱਟੀ ਦੀ ਠੰਡਕ ਚੰਗੀ ਲੱਗ ਰਹੀ ਸੀ। ਝੱਕਦਿਆਂ ਝੱਕਦਿਆਂ ਮੈਂ ਬਾਪੂ ਨੂੰ ਕਿਹਾ, 'ਮੈਂ ਵਾਹਵਾਂ'। ਉਹਨੇ ਕਿਹਾ, 'ਹੂੰਅ' ਤੇ ਮੈਂ ਹੌਲੀ ਜਹੀ ਆਪਣਾ ਹੱਥ ਹਲਦੀ ਹੱਥੀ 'ਤੇ ਰੱਖ ਦਿੱਤਾ। ਬਾਪੂ ਵੀ ਨਾਲ ਨਾਲ ਤੁਰ ਰਿਹਾ ਸੀ। ਮੈਂ ਮਸਾਂ ਹੱਥੀ ਤੋਂ ਗਿੱਠ ਕੁ ਉੱਚਾ ਹੋਵਾਂਗਾ। ਹਲ਼ ਉੱਛਲ ਰਿਹਾ ਸੀ। ਸ਼ਾਇਦ ਮੈਂ ਹੱਥੀ ਨੂੰ ਹੇਠਾਂ ਓਨੇ ਜ਼ੋਰ ਨਾਲ ਨਹੀਂ ਦਬਾ ਪਾ ਰਿਹਾ ਸਾਂ ਜਿੰਨਾ ਬਾਪੂ ਦਬਾਉਂਦਾ ਹੋਵੇਗਾ। ਉਹਨੇ ਬਲ਼ਦਾਂ ਨੂੰ ਰੋਕਿਆ ਤੇ ਬੇਲ ਦੀ ਕਿੱਲੀ ਅਗਲੀ ਮੋਰੀ 'ਚ ਫਸਾ ਦਿੱਤੀ। ਬਲ਼ਦਾਂ ਨੂੰ ਹਿੱਕ ਦਿੱਤਾ ਪਰ ਹੁਣ ਹਲ਼ ਉੱਛਲ ਨਹੀਂ ਰਿਹਾ ਸੀ। ਉਹਦਾ ਫਾਲ਼ਾ ਥੋੜ੍ਹਾ ਹੋਰ ਜ਼ਮੀਨ ਅੰਦਰ ਵੱਲ ਮੁੜ ਗਿਆ ਸੀ। ਮੈਨੂੰ ਹੁਣ ਹੱਥੀ 'ਤੇ ਬਹੁਤਾ ਭਾਰ ਨਹੀਂ ਪਾਉਣਾ ਪੈ ਰਿਹਾ ਸੀ। ਅੱਧਾ ਕੁ ਸਿਆੜ ਬਾਪੂ ਮੇਰੇ ਨਾਲ ਤੁਰਦਾ ਰਿਹਾ, ਫਿਰ ਇਹ ਆਖਕੇ, 'ਧਿਆਨ ਨਾਲ ਵਾਹਵੀਂ, ਡੰਗਰ ਨੂੰ ਫਾਲ਼ਾ ਨਾ ਵੱਜ ਜੇ, ਬਿਆਈ ਦੇ ਦਿਨ ਨੇ ਉੱਤੋਂ', ਉਹ ਅੱਡੀ ਨਾਲ ਢੀਮਾਂ ਜਹੀਆਂ ਫਿਹੰਦਾ ਮਕੱਈ ਵਾਲੇ ਖੇਤ ਨੂੰ ਚਲਾ ਗਿਆ।

ਹਲ਼ ਨੂੰ ਹੱਥ ਪਾਉਣ ਦਾ ਇਹ ਮੇਰਾ ਪਹਿਲਾ ਦਿਨ ਸੀ। ਮੈਂ ਨੀਝ ਲਾ ਕੇ ਪਹਿਲਾਂ ਨਿਕਲੇ ਸਿਆੜ ਨੂੰ ਦੇਖੀ ਜਾ ਰਿਹਾ ਸਾਂ। ਹਲ਼ ਨੂੰ ਇਕ ਟੱਕ ਸਿੱਧਾ ਰੱਖ ਕੇ ਕੋਸ਼ਿਸ ਕਰ ਰਿਹਾ ਸਾਂ ਕਿ ਪਹਿਲਾ ਸਿਆੜ ਤਕਰੀਬਨ ਅੱਧਾ ਭਰਦਾ ਜਾਵੇ ਤੇ ਨਵਾਂ ਸਿਆੜ ਕਿਤੇ ਵਿੰਗਾ ਨਾ ਦਿਸੇ। ਬਲ਼ਦ ਵੀ ਸਾਊ ਸਨ, ਬਹੁਤਾ ਉਤਾਂਹ ਠਾਂਹ ਨਹੀਂ ਖਿੱਚ ਰਹੇ ਸਨ, ਉਹ ਆਪਣੀ ਚਾਲੇ ਰਾਹਲ ‘ਚ ਘੁੰਮ ਰਹੇ ਸਨ ਤੇ ਮੈਂ ਸਿਰਫ ਸਿੱਧੇ ਸਿਆੜ ਕੱਢਣ ਵਿਚ ਆਪਣੀਆਂ ਨਜ਼ਰਾਂ ਟਿਕਾਈਆਂ ਹੋਈਆਂ ਸਨ। ਦਸਾਂ ਪੰਦਰਾਂ ਮਿੰਟਾਂ ਬਾਅਦ ਇਹ ਰਾਹਲ ਪੂਰੀ ਵਾਹੀ ਜਾਣੀ ਸੀ। ਨਵੀਂ ਰਾਹਲ ਮੱਲਣੀ ਇਕ ਅੱਲ੍ਹੜ ਹਾਲ਼ੀ ਲਈ ਵੱਡੀ ਚਣੌਤੀ ਹੁੰਦੀ। ਜੇਕਰ ਸਿੱਧੀ ਮੱਲੀ ਗਈ ਤਾਂ ਪਾਸ ਵਰਨਾ ਖੇਤ ਦਾ ਇਕ ਹਿੱਸਾ ਪਹਿਲਾਂ ਵਗ ਜਾਣਾ ਤੇ ਦੂਜਾ ਹਾਲੇ ਬਿਨਾਂ ਵਗਿਆਂ ਹੀ ਰਹਿ ਜਾਣਾ। ਇਹ ਕੁਚੱਜੇਪਣ ਦੀ ਨਿਸ਼ਾਨੀ ਹੁੰਦਾ ਤੇ ਹਾਲ਼ੀ ਵਾਸਤੇ ਨਿਮੋਸ਼ੀ ਦੀ ਗੱਲ। ਪਹਿਲੀ ਰਾਹਲ ਦੇ ਦੋ ਤਿੰਨ ਸਿਆੜ ਬਾਕੀ ਸਨ ਤੇ ਮੈਨੂੰ ਅਗਲੀ ਰਾਹਲ ਮੱਲਣ ਦੀ ਚਿੰਤਾ ਸਤਾਉਣ ਲੱਗੀ। ਘਬਰਾਇਆ ਨਹੀਂ ਸਾਂ ਮੈਂ ਇਸ ਤੋਂ, ਪਤਾ ਸੀ ਕਿ ਸਿਆਣੇ ਡੰਗਰ ਹਲ਼ ਵਾਹ ਵਾਹ ਗਿੱਝੇ ਹੁੰਦੇ ਆ, ਆਪੇ ਹੀ ਸਿੱਧੇ ਤੁਰੇ ਜਾਂਦੇ ਆ, ਬਸ਼ਰਤੇ ਕਿ ਕੋਈ ਏਨ੍ਹਾਂ ਨੂੰ ਬਹੁਤਾ ਛੇੜੇ ਨਾ। ਫਿਰ ਜਦੋਂ ਨਵੀਂ ਰਾਹਲ ਲਈ ਮੈਂ ਹੇਠਲੇ ਬਲ਼ਦ ਨੂੰ ‘ ਤੱਤਾ, ਤੱਤਾ ‘ ਆਖਕੇ ਪਰਾਣੀ ਦੀ ਛਾਂਟ ਉਹਦੇ ਪੁੜਿਆਂ ‘ਤੇ ਛੁਹਾਈ ਤਾਂ ਜੋਗ ਝੱਟ ਵੱਟ ਵੱਲ ਨੂੰ ਚੜ੍ਹ ਗਈ। ਚਾਰ ਕੁ ਕਰਮਾਂ ਬਾਅਦ, ‘ਪੈਰ ਪੈਰ’ ਆਖਕੇ ਉਹੀ ਛਾਂਟ ਉਤਲੇ ਬਲ਼ਦ ਦੇ ਛੁਹਾਈ ਤਾਂ ਉਹ ਤੇਜ਼ ਕਦਮੀਂ ਅੰਦਰ ਨੂੰ ਮੁੜ ਆਇਆ। ਨਵੀਂ ਰਾਹਲ ਸ਼ੁਰੂ ਹੋ ਗਈ ਸੀ। ਮੈਂ ਦੂਰ ਦੂਜੀ ਵੱਟ ‘ਤੇ ਅੰਦਾਜ਼ੇ ਨਾਲ ਪੋਹਲ਼ੀ ਦੇ ਨਿੱਕੇ ਜਹੇ ਬੂਟੇ ਦਾ ਨਿਸ਼ਾਨ ਚੁਣਿਆਂ ਜੋ ਤਕਰੀਬਨ ਪਹਿਲੀ ਰਾਹਲ ਤੋਂ ਓਨਾ ਕੁ ਦੂਰ ਸੀ ਜਿੰਨੀ ਕੁ ਦੂਰੋਂ ਮੈਂ ਬਲ਼ਦਾਂ ਨੂੰ ਮੋੜਿਆ ਸੀ। ਇਹ ਸਭ ਕਾਗ਼ਜ਼ ‘ਤੇ ਸਮਾਂਤਰ ਲਾਈਨ ਖਿੱਚਣ ਵਰਗਾ ਹੀ ਸੀ। ਉਸ ਨਿਸ਼ਾਨ ਵੱਲ ਬਲ਼ਦ ਆਪ ਹੀ ਵੱਧਦੇ ਜਾ ਰਹੇ ਸਨ , ਮੇਰਾ ਕੰਮ ਹੱਥੀ ਨੂੰ ਚੰਗੀ ਤਰ੍ਹਾਂ ਸੰਭਾਲਣਾ ਤੇ ਸਿੱਧੇ ਰੱਖਣਾ ਸੀ। ਬਲ਼ਦ ਲੰਮੇ ਕਦਮ ਪੁੱਟਦੇ ਰਾਹਲ ਦੇ ਅਗਲੇ ਸਿਰੇ ਪਹੁੰਚ ਗਏ ਸਨ ਤੇ ਆਪੇ ਹੀ ਵੱਟ ਦੇ ਨਾਲ ਨਾਲ ਮੁੜ ਗਏ। ਮੈਂ ਇਕ ਵੱਡਾ ਸਾਹ ਲਿਆ ਤੇ ਪਿੱਛੇ ਨਿਗਾਹ ਮਾਰਕੇ ਵੇਖਿਆ। ਬਿਲਕੁਲ ਇਕ ਆਇਤਕਾਰ ਆਕਾਰ ਉਕਰਿਆ ਗਿਆ ਸੀ। ਮਨ ਖੁਸ਼ ਸੀ ਪਰ ਮੈਂ ਆਖਰੀ ਵਕਤ ਤਕ ਆਪਣੇ ਸਿਆੜਾਂ ਨੂੰ ਸਿੱਧਾ ਤੀਰ ਵਰਗਾ ਰੱਖਣਾ ਚਾਹੁੰਦਾ ਸਾਂ। ਬਸ ਏਸੇ ਹੀ ਕੋਸ਼ਿਸ ਵਿਚ ਆਪਣੀ ਸੁੱਧ ਬੁੱਧ ਖੋਈ, ਹਲ਼, ਪੈਲ਼ੀ, ਹੱਥੀ, ਬਲ਼ਦ, ਸਿਆੜ, ਰਾਹਲ ਦੇ ਮਿਲਗੋਭੇ ਵਿਚ ਰਲ਼ੀ ਮਿਲੀ ਜਾ ਰਿਹਾ ਸਾਂ। ਕਦੀ ਕਦੀ ਪਿੱਛੇ ਭੌਂ ਕੇ ਦੇਖਦਾ, ਸਿਆੜਾਂ ਦੀਆਂ ਸਮਾਂਤਰ ਰੇਖਾਵਾਂ ਨਾਲ ਖੇਤ ਭਰਦਾ ਜਾ ਰਿਹਾ ਸੀ। ਪਤਾ ਹੀ ਨਹੀਂ ਲੱਗਾ ਕਦੋਂ ਟਾਹਲੀਆਂ ਦੇ ਪਰਛਾਵੇਂ ਪੈਲ਼ੀ ਦੇ ਅੱਧੋਂ ਅਗਾਂਹ ਤਕ ਪੱਸਰ ਗਏ। ਪਤਾ ਹੀ ਨਹੀਂ ਲੱਗਾ ਕਦੋਂ ਡੂੰਘੀਆਂ ਸ਼ਾਮਾਂ ਢਲ਼ ਆਈਆਂ। ਪਤਾ ਹੀ ਨਹੀਂ ਲੱਗਾ ਕਦੋਂ ਚਾਚੇ ਹੁਰੀਂ ਅਗਲੀਆਂ ਪੈਲ਼ੀਆਂ ‘ਚੋਂ ਪੱਠਾ ਦੱਥਾ ਵੱਢ ਕੇ ਲਾਗੋਂ ਲੰਘਦੀ ਪਹੀ ‘ਤੇ ਪਹੁੰਚ ਗਏ। ਜੱਸਾ ਚਾਚਾ ਕਹਿੰਦਾ, ‘ਪਾੜ੍ਹਿਆ, ਤੂੰ ਤੇ ਪੈਲ਼ੀ ‘ਤੇ ਪੂਰਨੇ ਹੀ ਪਾ ਤੇ’। ਇਹੀ ਗੱਲ ਉਹਨੇ ਰਾਤੀਂ ਰੋਟੀ ਖਾਂਦਿਆਂ ਸਾਰੇ ਟੱਬਰ ਵਿਚ ਫਿਰ ਦੁਹਰਾਈ। ਮੈਨੂੰ ਲੱਗਾ ਕੈਲੇ ਦੀ ਕਹੀ ਗੱਲ ਪੁਗਾਈ ਗਈ, ‘ਬਸ ਰੂਹ ਖੁਸ਼ ਹੋ ਜਾਏ, ਆਪਣੀ ਵੀ ਤੇ ਵੇਖਣ ਵਾਲੇ ਦੀ ਵੀ’। ਹੰਢੇ ਵਰਤੇ ਗੋਕਿਆਂ ਦੇ ਲੰਮੇ ਤਜਰਬੇ ਤੇ ਅੱਲ੍ਹੜਪੁਣੇ ਦੇ ਅਨੋਖੇ ਸ਼ੌਂਕ ਨੇ ਮਿੱਟੀ ਨਾਲ ਮੇਰੀ ਪਹਿਲੀ ਮੁਲਾਕਾਤ ਯਾਦਗਾਰੀ ਬਣਾ ਦਿੱਤੀ ਸੀ।

ਭਾਵੇਂ ਹੁਣ ਮੇਰੇ ਕੋਲ ਆਦਮ ਦੀਆਂ ਆਵਾਜ਼ਾਂ ਦਾ ਢੇਰ ਸਾਰਾ ਜ਼ਖ਼ੀਰਾ ਜਮ੍ਹਾਂ ਹੋ ਗਿਆ ਹੈ ਪਰ ਮਨ ਹੈ ਕਿ ਭਰਦਾ ਨਹੀਂ। ਲੱਭਦਾ ਰਹਿੰਦਾ ਹਾਂ ਇਹਨਾਂ ਆਵਾਜ਼ਾਂ ਦੇ ਖ਼ਜ਼ਾਨੇ ਹਰ ਰੋਜ਼ ਮੈਂ। 000

***(187 Orbit Apartments, VIP Road***
***Zirakpur Punjab 143 603***
***Email: baldevsinghaulakh1956@gmail.com)***

# ਇਨਸਾਨੀ ਫਿਤਰਤ ਸਮਾਜਵਾਦ ਦੇ ਰਾਹ ਵਿਚ ਰੋੜਾ ਨਹੀਂ

## ਜੌਹਨ ਮੌਲੀਨੌਕਸ

*ਜੌਹਨ ਮੌਲੀਨੌਕਸ (1948-2022) ਆਇਰਿਸ਼ ਮਾਰਕਸਿਸਟ ਰਿਵਿਊ ਦਾ ਸੰਪਾਦਕ ਸੀ। ਉਸਦਾ ਲਿਖਿਆ ਇਹ ਕਿਤਾਬਚਾ ਪਹਿਲਾਂ 1993 ਵਿਚ ਛਪਿਆ ਤੇ ਫੇਰ 2003 ਵਿਚ।*

### ਸਮਾਜਵਾਦ ਵਿਰੋਧੀ ਦਲੀਲ

"ਸਮਾਜਵਾਦ ਵਿਚਾਰ ਤਾਂ ਚੰਗਾ ਹੈ ਪਰ ਇਹ ਕੰਮ ਨਹੀਂ ਕਰ ਸਕਦਾ। ਤੁਸੀਂ ਮਨੁੱਖੀ ਸੁਭਾਅ ਨੂੰ ਬਦਲ ਨਹੀਂ ਸਕਦੇ।" ਸਮਾਜਵਾਦ ਦੇ ਵਿਰੋਧ ਵਿਚ ਇਹ ਸਭ ਤੋਂ ਵੱਧ ਵਰਤਿਆ ਜਾਣ ਵਾਲ਼ਾ ਅਤੇ ਅਸਰ ਪਾਉਣ ਵਾਲ਼ਾ ਇਤਰਾਜ਼ ਹੈ। ਕਾਰਖਾਨੇ ਅੰਦਰ, ਚਾਹ ਦੀ ਦੁਕਾਨ 'ਤੇ ਜਾਂ ਕਿਸੇ ਹੋਰ ਮਿਲਣ ਵਾਲ਼ੀ ਥਾਂ 'ਤੇ ਇਹ ਬਹਿਸ ਹੀ ਸਭ ਤੋਂ ਪਹਿਲਾਂ ਸਾਹਮਣੇ ਆਉਂਦੀ ਹੈ। ਬਹੁਤ ਸਾਰੇ ਸਿਆਸੀ ਲੋਕ ਅਤੇ ਬੁੱਧੀਜੀਵੀ ਵੀ ਇਸੇ ਬਹਿਸ ਦਾ ਹੀ ਸਹਾਰਾ ਲੈਂਦੇ ਹਨ।

ਇਹ ਦਲੀਲ ਹੀ ਹੈ ਜੋ ਬਹੁਤ ਸਾਰੇ ਲੋਕਾਂ ਵੱਲੋਂ ਮੰਨ ਲਈ ਜਾਂਦੀ ਹੈ ਜੋ ਇਮਾਨਦਾਰੀ ਨਾਲ ਬਿਹਤਰ ਸਮਾਜ ਦੇਖਣਾ ਚਾਹੁੰਦੇ ਵੀ ਹਨ ਪਰ ਇਸ ਗੱਲ ਦਾ ਯਕੀਨ ਕਰਨ ਨੂੰ ਤਿਆਰ ਨਹੀਂ ਕਿ ਇਹ ਸੰਭਵ ਹੈ। ਇਹ ਦਲੀਲ ਤਾਂ ਕਈ ਉਨ੍ਹਾਂ ਲੋਕਾਂ ਵੱਲੋਂ ਵੀ ਮੰਨ ਲਈ ਜਾਂਦੀ ਹੈ ਜੋ ਖੁਦ ਨੂੰ ਸਮਾਜਵਾਦੀ ਸਮਝਦੇ ਹਨ। ਸਮੱਸਿਆ ਇਹ ਹੈ ਕਿ ਉਹ ਸਮਾਜਵਾਦ ਨੂੰ ਘਟਾ ਕੇ ਸਿਰਫ ਮੌਜੂਦਾ ਢਾਂਚੇ ਨੂੰ ਤਬਦੀਲ ਕਰਨ ਦੀ ਕੋਸ਼ਿਸ਼ ਵਜੋਂ ਦੇਖਦੇ ਹਨ, ਨਾ ਕਿ ਇਸ ਨੂੰ ਮੁੱਢੋਂ ਸੁੱਢੋਂ ਤਬਦੀਲ ਕਰਨ ਬਾਰੇ।

ਜਿਹੜੇ ਲੋਕ ਸਮਾਜਵਾਦ ਦੀ ਵਿਰੋਧਤਾ ਕਰਦੇ ਹਨ ਉਨ੍ਹਾਂ ਲਈ ਮਨੁੱਖੀ ਸੁਭਾਅ ਵਾਲ਼ੀ ਬਹਿਸ ਬਹੁਤ ਲਾਹੇਵੰਦ ਨਜ਼ਰ ਆਉਂਦੀ ਹੈ। ਇਹ ਸੰਖੇਪ,ਤਿੱਖੀ ਅਤੇ ਸਿੱਧੀ ਨੁਕਤੇ 'ਤੇ ਕੇਂਦਰਤ ਹੈ, ਸਾਰੀ ਗੱਲ ਦਾ ਇਕ ਸਤਰ ਵਿਚ ਜਵਾਬ, ਜਿਹਦੇ ਲਈ ਹੋਰ ਸੋਚਣ ਦੀ ਲੋੜ ਹੀ ਨਹੀਂ ਰਹਿੰਦੀ। ਇਹ ਹੋਰ ਬਹੁਤ ਸਾਰੇ ਖਿਆਲਾਂ ਨਾਲ ਜੁੜਦੀ ਹੈ ਜਿਹੜੇ ਬਹੁਤ ਲੋਕਾਂ ਵੱਲੋਂ ਮੰਨੇ ਜਾਂਦੇ ਹਨ, ਉਦਾਹਰਨ ਵਜੋਂ, *"ਕੁਛ ਲੋਕ ਤਾਂ ਹਮੇਸ਼ਾ ਬਾਕੀਆਂ ਤੋਂ ਉੱਪਰ ਹੋਣਗੇ ਹੀ", "ਲੋਕ ਮੁੱਖ ਤੌਰ 'ਤੇ ਖੁਦਗਰਜ਼ ਹੁੰਦੇ ਹਨ", "ਕੁਝ ਲੋਕ ਹਮੇਸ਼ਾ ਦੂਜਿਆਂ ਨਾਲੋਂ ਵੱਧ ਹਾਸਿਲ ਕਰਨਾ ਚਾਹੁੰਦੇ ਹੁੰਦੇ ਹਨ", "ਇਨਕਲਾਬ ਹਮੇਸ਼ਾ ਕੁਰਾਹੇ ਪੈ ਜਾਂਦੇ ਹਨ ਅਤੇ ਤਾਨਾਸ਼ਾਹਾਂ ਦੇ ਹੱਥ ਆ ਜਾਂਦੇ ਹਨ।"*

ਇਹ ਬਹਿਸ ਇਸਾਈ ਮੱਤ ਦੇ ਪੁਰਾਣੇ ਵਿਚਾਰ ਤੋਂ ਤਾਕਤ ਲੈਂਦੀ ਹੈ ਕਿ ਅਸੀਂ ਸਾਰੇ ਹੀ ਮੁੱਢਲੇ ਪਾਪ ਦੀ ਪੈਦਾਇਸ਼ ਹਾਂ, ਜਿਹਦੇ ਬਾਰੇ ਜੰਨਤ ਦੇ ਬਾਗ (ਗਾਰਡਨ ਆਫ ਈਡਨ) ਵਿਚ ਆਦਮ ਤੇ ਹੱਵਾ ਦੀ ਕਹਾਣੀ ਪੀੜ੍ਹੀਆਂ ਤੋਂ ਤੁਰੀ ਆਉਂਦੀ ਹੈ। ਇਹ ਖਿਆਲ ਕਿ ਮਨੁੱਖ ਦੀ ਫਿਤਰਤ ਵਿਚ ਕੋਈ ਮੁੱਢਲਾ ਨੁਕਸ ਹੈ ਜਿਹੜਾ ਇਨਸਾਨਾਂ ਦਰਮਿਆਨ ਉਤਸ਼ਾਹੀ ਅਸਲੀ ਬਰਾਬਰੀ ਅਤੇ ਸਹਿਯੋਗ ਨੂੰ ਅਸੰਭਵ ਬਣਾ ਦਿੰਦਾ ਹੈ, ਦੁਨੀਆ ਵਿਚਲੀਆਂ ਬਹੁਤ ਸਾਰੀਆਂ ਬੁਰਾਈਆਂ ਜਿਵੇਂ ਕਿ ਨਸਲਵਾਦ ਅਤੇ ਲਿੰਗ ਵਿਤਕਰਾ ਆਦਿ ਸੰਬੰਧੀ ਬਣੀ ਬਣਾਈ ਧਾਰਨਾ ਪੇਸ਼ ਕਰ ਦਿੰਦਾ ਹੈ। ਵਿਸ਼ੇਸ਼ ਸਿਆਸੀ ਮਸਲੇ ਜਿਵੇਂ ਕਿ ਰੂਸੀ ਇਨਕਲਾਬ ਦਾ ਸਤਾਲਿਨ ਦੀ ਤਾਨਾਸ਼ਾਹੀ ਵਿਚ ਬਦਲ ਜਾਣਾ ਅਤੇ ਪੂਰਬੀ ਯੂਰਪ ਤੇ ਚੀਨ ਵਿਚ ਸਮਾਜਵਾਦ ਦਾ ਫੇਲ੍ਹ ਹੋਣਾ ਵੀ ਮਨੁੱਖੀ ਫਿਤਰਤ ਦੇ ਨਾਂ ਹੀ ਲਾ ਦਿੱਤਾ ਜਾਂਦਾ ਹੈ।

ਇਹ ਵਿਚਾਰ ਤਕਰੀਬਨ ਹਰ ਕਿਸੇ ਦੇ ਜਾਤੀ ਤਜਰਬਿਆਂ ਨਾਲ ਵੀ ਮੇਲ਼ ਖਾਂਦੇ ਲਗਦੇ

ਹਨ। ਆਖਰ ਨੂੰ, ਕਿਹਨੇ ਲੋਕਾਂ ਨੂੰ ਕੰਮਾਂ ਕਾਰਾਂ 'ਤੇ ਅੱਗੇ ਵਧਣ ਲਈ ਇਕ ਦੂਜੇ ਨੂੰ ਪਿੱਛੇ ਸਿੱਟਣ ਦੀ ਕੋਸ਼ਿਸ਼ ਕਰਦਿਆਂ ਨਹੀਂ ਦੇਖਿਆ ਹੁੰਦਾ ਜਾਂ ਕਿਸੇ ਦੋਸਤ ਤੋਂ ਧੋਖਾ ਨਹੀਂ ਖਾਧਾ ਹੁੰਦਾ ਜਾਂ ਲੋਕਾਂ ਦੀ ਖੁਦਗ਼ਰਜ਼ੀ ਤੋਂ ਤੰਗ ਨਹੀਂ ਆਇਆ ਹੁੰਦਾ। ਇਸ ਕਿਸਮ ਦਿਆਂ ਤਜਰਬਿਆਂ ਨੇ ਮਨੁੱਖੀ ਫਿਤਰਤ ਵਾਲ਼ੀ ਬਹਿਸ ਨੂੰ ਇਕ 'ਆਮ ਸੂਝ' (common sense) ਦੀ ਪੱਧਰ 'ਤੇ ਪਹੁੰਚਾ ਦਿੱਤਾ ਹੈ। ਪਰ ਫੇਰ ਵੀ, ਅਸੀਂ ਦੇਖਾਂਗੇ ਕਿ ਇਹ ਸਰਾਸਰ ਝੂਠ ਕਿਉਂ ਹੈ।

### ਮਨੁੱਖੀ ਫਿਤਰਤ ਬਦਲਦੀ ਹੈ

ਲੋਕ ਇਹ ਕਿਉਂ ਦਾਅਵਾ ਕਰਦੇ ਹਨ ਕਿ ਮਨੁੱਖੀ ਫਿਤਰਤ ਸਮਾਜਵਾਦ ਨੂੰ ਸਦਾ ਲਈ ਅਸੰਭਵ ਬਣਾਈ ਰੱਖੇਗੀ? ਉਨ੍ਹਾਂ ਦਾ ਕਹਿਣਾ ਹੈ ਕਿ ਇਨਸਾਨਾਂ ਦੇ ਕੁਝ ਇਸ ਕਿਸਮ ਦੇ ਖਾਸੇ, ਵਰਤਾਅ ਦੇ ਕੁਝ ਨਮੂਨੇ ਅਤੇ ਮੁੱਢਲੇ ਨਜ਼ਰੀਏ ਹਨ, ਜੋ ਸਾਰੇ ਜਾਂ ਤਕਰੀਬਨ ਵੱਡੀ ਗਿਣਤੀ ਲੋਕਾਂ ਵਿਚ ਸਾਂਝੇ ਹਨ ਜਿਹੜੇ ਕਿ ਇਕ ਸਾਂਝੀ ਮਲਕੀਅਤ ਤੇ ਕਬਜ਼ੇ ਵਾਲ਼ੇ ਜਮਾਤ-ਰਹਿਤ ਸਮਾਜ ਦੀ ਸਿਰਜਣਾ ਨੂੰ ਅਸੰਭਵ ਬਣਾ ਦਿੰਦੇ ਹਨ।

ਵਿਸ਼ੇਸ਼ ਕਰਕੇ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਬਹੁਤੇ ਲੋਕ ਜਮਾਂਦਰੂ ਹੀ ਲਾਲਚੀ ਅਤੇ ਉਤਸ਼ਾਹੀ ਹੁੰਦੇ ਹਨ, ਜਿਹਦੇ ਕਰਕੇ ਉਹ ਹਰ ਚੀਜ਼ ਆਪਣੇ ਬਣਦੇ ਹਿੱਸੇ ਨਾਲੋਂ ਵੱਧ ਚਾਹੁੰਦੇ ਹਨ ਅਤੇ ਦੂਜਿਆਂ 'ਤੇ ਭਾਰੂ ਹੋਣਾ ਚਾਹੁੰਦੇ ਹਨ।

ਪਰ ਲੋਕਾਂ ਦੀ ਕਿਸੇ ਕਿਸਮ ਦੀ ਵੀ ਪਰਖ, ਆਪਣੇ ਭਾਈਚਾਰੇ ਵਿਚਲੇ ਲੋਕਾਂ ਦੀ ਵੀ, ਕਿ ਉਹ ਕਿੱਦਾਂ ਵਰਤਾਅ ਕਰਦੇ ਹਨ, ਦਰਸਾਉਂਦੀ ਹੈ ਕਿ ਇਹ ਧਾਰਨਾ ਗ਼ਲਤ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲਾਲਚ ਅਤੇ ਉਤਸ਼ਾਹ ਦੀਆਂ ਵੀ ਬਥੇਰੀਆਂ ਉਦਾਹਰਨਾਂ ਹਨ - ਡਾਨਲਡ ਟਰੰਪ ਵੱਲ ਦੇਖ ਲਓ ਜਾਂ ਜਿਸ ਕਿਸਮ ਦੇ ਸਿਆਸੀ ਲੋਕ ਰਾਸ਼ਟਰਪਤੀ ਦੀਆਂ ਚੋਣਾਂ ਜਿੱਤਦੇ ਹਨ। ਪਰ, ਨਾਲ ਹੀ ਲੋਕਾਂ ਵੱਲੋਂ ਖੁਦ ਨੂੰ ਕੁਰਬਾਨ ਕਰਨ ਦੀਆਂ, ਹੌਸਲੇ ਅਤੇ ਦੂਜਿਆਂ ਦੀ ਫਿਕਰ ਕਰਨ ਵਾਲਿਆਂ ਦੀਆਂ ਵੀ ਕਿਤੇ ਵੱਧ ਉਦਾਹਰਨਾਂ ਹਨ।

ਲੋਕ ਮੁਸੀਬਤਾਂ ਦੌਰਾਨ ਦੂਜਿਆਂ ਦੇ ਬਚਾਓ ਲਈ ਆਪਣੀ ਜਾਨ ਦੀ ਬਾਜ਼ੀ ਲਾ ਦਿੰਦੇ ਹਨ; ਨੈਲਸਨ ਮੰਡੇਲਾ ਨੇ ਆਪਣੇ ਵਿਸ਼ਵਾਸ ਲਈ 27 ਸਾਲ ਜੇਲ੍ਹ ਕੱਟੀ; ਕਾਮੇ ਅਤੇ ਵਿਦਿਆਰਥੀ 1989 ਵਿਚ ਚੀਨ ਦੇ ਤਿਆਨਮਿਨ ਸੁਕੇਅਰ ਵਿਚ ਟੈਂਕਾਂ ਸਾਹਮਣੇ ਵੀ ਅੜ ਕੇ ਖੜ੍ਹੇ ਰਹੇ। ਨਾਲ ਹੀ ਇਸ ਕਿਸਮ ਦੀਆਂ ਰੋਜ਼ਾਨਾ ਜੀਵਨ ਦੀਆਂ ਅਨੇਕਾਂ ਉਦਾਹਰਨਾਂ ਹਨ ਉਨ੍ਹਾਂ ਮਾਪਿਆਂ ਦੀਆਂ ਜੋ ਆਪਣੇ ਅਪਾਹਜ ਬੱਚਿਆਂ ਲਈ ਜੀਵਨ ਅਰਪਨ ਕਰ ਦਿੰਦੇ ਹਨ; ਕਾਮੇ ਜੋ ਲੋਕਾਂ ਦੀ ਟਹਿਲ ਸੇਵਾ ਵਾਲੀਆਂ ਘੱਟ ਤਨਖਾਹ ਵਾਲੀਆਂ ਨੌਕਰੀਆਂ ਕਰਦੇ ਹਨ, ਬਜਾਏ ਇਸ ਦੇ ਕਿ ਕਿਸੇ ਕਾਰਖਾਨੇ ਜਾਂ ਦਫਤਰ ਵਿਚ ਵੱਧ ਕਮਾਈ ਵਾਲ਼ਾ ਕੰਮ ਕਰ ਕੇ ਅਮੀਰ ਹੋਣ; ਦਾਨ ਦੀਆਂ ਬੇਨਤੀਆਂ ਦੇ ਹੁੰਗਾਰੇ ਵਜੋਂ ਲੋਕਾਂ ਦੀ ਉਦਾਰਤਾ।

ਜਦ ਕਦੇ ਬੇਘਰੇ ਲੋਕਾਂ ਦੇ, ਬਜ਼ੁਰਗਾਂ ਦੀ ਸਮਾਜਕ ਸੁਰੱਖਿਆ ਦੇ, ਜਾਂ ਗ਼ਰੀਬਾਂ ਦੀ ਮਦਦ ਵਰਗੇ ਮਸਲਿਆਂ ਦੀ ਗੱਲ ਹੋਵੇ ਤਾਂ ਲੋਕ ਰਾਏ ਆਮ ਕਰਕੇ ਬੜੀ ਉਦਾਰਤਾ ਵਾਲ਼ੀ ਤੇ ਫਿਕਰ ਵਾਲ਼ੀ ਹੁੰਦੀ ਹੈ। ਹੁਣ ਵੀ, ਜਦ ਕਿ ਅਮਰੀਕਾ ਦੀ ਪਬਲਿਕ, ਜੋ ਦਿਸਦਾ ਹੈ ਕਿ ਬੁਸ਼ ਦੀ ਪ੍ਰਧਾਨਗੀ ਥੱਲੇ ਖੁਦਗ਼ਰਜ਼ੀ ਵਾਲ਼ੇ ਰਾਹ ਪਈ ਹੋਈ ਹੈ, ਅਸੀਂ ਦੇਖਦੇ ਹਾਂ ਕਿ ਵੱਡੀ ਗਿਣਤੀ ਵਿਚ ਲੋਕ ਸਾਂਝੀਆਂ ਕਦਰਾਂ-ਕੀਮਤਾਂ ਵਾਲੀਆਂ ਗੱਲਾਂ ਦੀ ਪ੍ਰੋੜਤਾ ਕਰਦੇ ਹਨ ਜਿਵੇਂ ਕਿ ਗ਼ਰੀਬਾਂ ਦੀ ਮਦਦ ਕਰਨ ਵਾਲ਼ੇ ਯਤਨਾਂ ਵਿਚ ਪੈਸਾ ਲਾਉਂਦੇ ਹਨ।

ਜਦ ਕਿ ਸਰਕਾਰਾਂ ਹੱਦ ਦਰਜੇ ਦੀਆਂ ਖਤਰਨਾਕ ਅਤੇ ਲੁੱਟ ਦੀ ਭਾਵਨਾ ਵਾਲੀਆਂ ਸਾਮਰਾਜਵਾਦੀ ਲੜਾਈਆਂ ਦੀਆਂ ਯੋਜਨਾਵਾਂ ਬਣਾ ਰਹੀਆਂ ਹਨ, ਉਨ੍ਹਾਂ ਨੂੰ ਪਤਾ ਹੈ ਕਿ ਲੋਕ ਰਾਇ ਆਪਣੇ ਵੱਲ ਕਰਨ ਲਈ ਉਨ੍ਹਾਂ ਨੂੰ ਕੋਈ ਨਾ ਕੋਈ ਨੇਕ ਇਰਾਦੇ ਵਾਲ਼ੀ ਗੱਲ ਦਾ ਛੁਣਛਣਾ

'ਪੇਸ਼' ਕਰਨਾ ਪਵੇਗਾ। ਬਰਤਾਨੀਆਂ ਨੂੰ ਪਹਿਲੀ ਸੰਸਾਰ ਜੰਗ ਵਿਚ ਸ਼ਾਮਲ ਹੋਣ ਲਈ ਇਹ ਦਾਅਵਾ ਕਰਨਾ ਪਿਆ ਕਿ ਉਹ ਛੋਟੇ ਜਿਹੇ ਗ਼ਰੀਬ ਮੁਲਕ ਬੈਲਜੀਅਮ ਨੂੰ ਬਚਾ ਰਹੇ ਹਨ। ਇਸੇ ਤਰ੍ਹਾਂ ਜਾਰਜ ਬੁਸ਼ ਨੇ ਅਰਬ ਦੀ ਖਾੜੀ ਵਿਚ ਤੇਲ ਖਾਤਰ ਆਪਣੀ ਲੜਾਈ ਲਈ ਗ਼ਰੀਬ ਕੁਵੈਤ ਨੂੰ ਬਚਾਉਣ ਦਾ ਬਹਾਨਾ ਵਰਤਿਆ।

ਇਹ ਉਦਾਹਰਨਾਂ ਇਹ ਸਾਬਤ ਕਰਨ ਲਈ ਨਹੀਂ ਕਿ ਮਨੁੱਖੀ ਫਿਤਰਤ ਕੁਦਰਤੀ ਤੌਰ 'ਤੇ ਹੀ ਨਿਰਸੁਆਰਥੀ ਹੈ। ਪਰ ਇਨ੍ਹਾਂ ਨਾਲ ਇਹ ਗੱਲ ਜ਼ਰੂਰ ਸਾਹਮਣੇ ਆਉਂਦੀ ਹੈ ਕਿ ਇਹ ਦਾਅਵਾ ਕਰਨਾ ਕਿ ਲੋਕ ਜਮਾਂਦਰੂ ਹੀ ਲਾਲਚੀ ਹੁੰਦੇ ਹਨ ਕਿੰਨਾ ਹਾਸੋਹੀਣਾ ਹੈ। ਇਹ ਉਸ ਵਕਤ ਖਾਸ ਤੌਰ 'ਤੇ ਮਹੱਤਵ ਵਾਲ਼ੀ ਗੱਲ ਲਗਦੀ ਹੈ ਜਦ ਇਹ ਯਾਦ ਕੀਤਾ ਜਾਂਦਾ ਹੈ ਕਿ ਲੋਕ ਇਕ ਪੂੰਜੀਵਾਦੀ ਸਮਾਜ ਵਿਚ ਇਸ ਤਰ੍ਹਾਂ ਵਰਤਾਅ ਕਰਦੇ ਹਨ ਜੋ ਕਿ ਹਰ ਮੋੜ 'ਤੇ ਲਾਲਚ, ਹੋੜ ਅਤੇ ਆਮ ਕਰਕੇ ਕੁੱਤਾ-ਕੁੱਤੇ-ਦਾ-ਵੈਰੀ ਵਾਲ਼ੇ ਵਰਤਾਅ ਅਤੇ ਨਜ਼ਰੀਏ ਨੂੰ ਉਤਸ਼ਾਹਤ ਕਰਦਾ ਹੈ।

ਅਸਲ ਵਿਚ ਵਿਅਕਤੀ ਜਮਾਂਦਰੂ ਚੰਗਾ ਜਾਂ ਜਮਾਂਦਰੂ ਮਾੜਾ ਹੋਣ ਦੀ ਥਾਂ ਕਦੇ ਲਾਲਚੀ ਤੇ ਕਦੇ ਦਿਆਲੂ, ਕਦੇ ਡਰਾਕਲ਼ ਤੇ ਕਦੇ ਬਹਾਦਰ, ਕਦੇ ਧੱਕੜ ਤੇ ਕਦੇ ਜ਼ਾਬਤੇ ਵਿਚ ਰਹਿਣ ਵਾਲ਼ਾ ਹੁੰਦਾ ਹੈ। ਕਈ ਇਹੋ ਜਿਹੇ ਵਿਅਕਤੀ ਹੁੰਦੇ ਹਨ ਜੋ ਆਪਣੇ ਪਰਿਵਾਰ ਲਈ ਸਭ ਕੁਝ ਕੁਰਬਾਨ ਕਰ ਦੇਣਗੇ ਪਰ ਗੁਆਂਢੀ ਲਈ ਡੱਕਾ ਨਹੀਂ ਕਰਨਗੇ। ਤੇ ਕਈ ਹੋਰ ਹੁੰਦੇ ਹਨ ਜੋ ਖੁੱਲ੍ਹ ਕੇ ਦਾਨ ਦਿੰਦੇ ਹਨ ਪਰ ਆਪਣੇ ਬੱਚਿਆਂ ਨੂੰ ਦੇਣ ਵੇਲ਼ੇ ਹੱਥ ਘੁੱਟ ਲੈਂਦੇ ਹਨ। ਕਈ ਲੋਕ ਜਾਨਵਰਾਂ ਲਈ ਸੰਵੇਦਨਾ ਨਾਲ ਭਰੇ ਹੁੰਦੇ ਹਨ ਪਰ ਇਨਸਾਨਾਂ ਲਈ ਬਹੁਤ ਘੱਟ ਸਨੇਹ ਰੱਖਦੇ ਹਨ ਜਦ ਕਿ ਹੋਰ ਕਈ ਇਸ ਤੋਂ ਬਿਲਕੁਲ ਉਲਟ ਹੁੰਦੇ ਹਨ।

ਇਹ ਸਭ ਕੁਝ ਹਾਲਾਤ 'ਤੇ ਨਿਰਭਰ ਕਰਦਾ ਹੈ। ਇਹ ਨਿਰਭਰ ਕਰਦਾ ਹੈ ਕਿ ਲੋਕ ਕਮਜ਼ੋਰ ਤੇ ਡਰ ਦੀ ਭਾਵਨਾ ਰੱਖਦੇ ਹਨ ਜਾਂ ਤਾਕਤਵਰ ਤੇ ਹੌਸਲੇ ਵਿਚ ਹਨ। ਇਹ ਨਿਰਭਰ ਕਰਦਾ ਹੈ ਕਿ ਜਿਸ ਕਿਸਮ ਦੀਆਂ ਹਾਲਤਾਂ ਵਿਚ ਉਨ੍ਹਾਂ ਦੀ ਪਾਲਣਾ ਪੋਸ਼ਣਾ ਹੋਈ ਹੈ ਤੇ ਜਿਸ ਕਿਸਮ ਦੇ ਨਜ਼ਰੀਏ ਨਾਲ ਉਨ੍ਹਾਂ ਦਾ ਜੀਵਨ ਬਣਿਆ ਹੈ, ਉਸ ਨਾਲ ਮੌਜੂਦਾ ਮਸਲਾ ਕਿਸ ਤਰ੍ਹਾਂ ਮੇਲ ਖਾਂਦਾ ਹੈ। ਸੰਖੇਪ ਵਿਚ, ਲੋਕ ਬਦਲਦੇ ਹਨ ਜਿਸ ਤਰ੍ਹਾਂ ਉਨ੍ਹਾਂ ਦੇ ਜੀਵਨ ਦੀਆਂ ਹਾਲਤਾਂ ਬਦਲਦੀਆਂ ਹਨ ਅਤੇ ਉਨ੍ਹਾਂ ਦੇ ਤਜਰਬੇ ਬਦਲਦੇ ਹਨ।

ਜੇ ਵਿਅਕਤੀਆਂ ਬਾਰੇ ਇਹ ਗੱਲ ਸਹੀ ਹੈ ਤਾਂ ਇਤਿਹਾਸ ਗਵਾਹੀ ਭਰਦਾ ਹੈ ਕਿ ਇਹ ਸਮਾਜਾਂ ਅਤੇ ਸਮਾਜਕ ਜਮਾਤਾਂ ਲਈ ਹੋਰ ਵੀ ਸਹੀ ਹੈ। ਰੂਸੀ ਇਨਕਲਾਬ ਦੀ ਉਦਾਹਰਨ ਲੈ ਲਓ ਜਿਸ ਦਾ ਨਤੀਜਾ ਇਹ ਦਰਸਾਉਣ ਲਈ ਵਰਤਿਆ ਜਾਂਦਾ ਹੈ ਕਿ ਕਿਸ ਤਰ੍ਹਾਂ ਮਨੁੱਖੀ ਫਿਤਰਤ ਅਬਦਲ ਰਹਿੰਦੀ ਹੈ। ਅਸਲ ਵਿਚ ਇਹ ਗੱਲ ਇਸ ਤੋਂ ਉਲਟ ਦੀ ਉਦਾਹਰਣ ਪੇਸ਼ ਕਰਦੀ ਹੈ।

ਰੂਸੀ ਲੋਕ ਸਦੀਆਂ ਤਕ ਜ਼ਾਰ ਦੀ ਹਕੂਮਤ ਥੱਲੇ ਦੁੱਖ ਸਹਿੰਦੇ ਰਹੇ ਤੇ ਪਿਸਦੇ ਰਹੇ। ਇਹ ਧਰਤੀ ਉਹ ਸੀ ਜਿੱਥੇ ਬੇਹੱਦ ਅਗਿਆਨਤਾ ਸੀ ਤੇ ਅੰਧ-ਵਿਸ਼ਵਾਸ ਸੀ, ਔਰਤਾਂ ਵੱਲ ਬੇਹੱਦ ਪਿਛੜਿਆ ਨਜ਼ਰੀਆ ਸੀ ਤੇ ਯਹੂਦੀਆਂ ਵਿਰੁੱਧ ਬੇਹੱਦ ਜ਼ਹਿਰ ਭਰਿਆ ਹੋਇਆ ਸੀ। ਸਤਹੀ ਪੱਧਰ 'ਤੇ ਦੇਖਣ ਸੋਚਣ ਵਾਲ਼ੇ ਲਈ ਇਹ ਏਦਾਂ ਲਗਦਾ ਸੀ ਕਿ ਰੂਸੀ ਲੋਕਾਂ ਦੀ ਫਿਤਰਤ ਵਿਚ ਕੁਝ ਇਹੋ ਜਿਹਾ ਡੂੰਘਾ ਨੁਕਸ ਸੀ ਜਿਸ ਕਰਕੇ ਉਹ ਇਸ ਕਿਸਮ ਦੇ ਸਮਾਜ ਨੂੰ ਸਹਿੰਦੇ ਤੇ ਉਸ ਵਿਚ ਵਿਚਰਦੇ ਰਹੇ (ਉਦਾਹਰਨ ਵਜੋਂ 'ਆਜ਼ਾਦੀ ਪਸੰਦ' ਅਮਰੀਕਨਾਂ ਤੋਂ ਬਿਲਕੁਲ ਹੀ ਵੱਖਰੇ)।

ਫੇਰ 1905 ਵਿਚ ਅਤੇ ਉਸ ਤੋਂ ਵੀ ਵੱਧ ਤਾਕਤ ਨਾਲ 1917 ਵਿਚ ਇਹ ਉਹੀ ਰੂਸੀ ਲੋਕ ਜ਼ਾਰਵਾਦ ਦੇ ਵਿਰੋਧ ਵਿਚ ਉੱਠ ਖੜ੍ਹੇ ਹੋਏ। ਉਨ੍ਹਾਂ ਹੜਤਾਲਾਂ ਕੀਤੀਆਂ, ਦੰਗੇ ਕੀਤੇ, ਲੜੇ ਤੇ ਬਗਾਵਤ ਵਿਚ ਉੱਠੇ – ਉਨ੍ਹਾਂ ਨੇ ਦੁਨੀਆ ਦੇ ਇਤਿਹਾਸ ਵਿਚ ਸਭ ਤੋਂ ਮਹਾਨ ਇਨਕਲਾਬ ਲਿਆਂਦਾ।

ਇਸ ਇਨਕਲਾਬ ਨੇ ਦੁਨੀਆ ਨੂੰ ਉਲਟੇ ਸਿਰ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ: ਇਸ ਨੇ ਕਾਰਖਾਨਿਆਂ 'ਤੇ ਕਬਜ਼ੇ ਕੀਤੇ, ਜ਼ਮੀਨ ਕਿਸਾਨਾਂ ਨੂੰ ਦਿੱਤੀ, ਰੂਸ ਨੂੰ ਸਾਮਰਾਜਵਾਦੀ ਜੰਗ ਵਿਚੋਂ ਬਾਹਰ ਕੱਢ ਲਿਆ। ਇਸ ਨੇ ਕੌਮੀ ਘੱਟ ਗਿਣਤੀਆਂ ਨੂੰ ਵੱਖ ਹੋਣ ਦਾ ਹੱਕ ਦਿੱਤਾ, ਔਰਤਾਂ ਦੀ ਪੂਰੀ ਤਰ੍ਹਾਂ ਕਾਨੂੰਨੀ ਬਰਾਬਰੀ ਕਾਇਮ ਕੀਤੀ। ਸਾਡੇ ਉਸੇ ਆਮ ਨਜ਼ਰੇ ਦੇਖਣ ਵਾਲ਼ੇ ਵਿਅਕਤੀ ਲਈ ਹੁਣ ਇਹ ਲੱਗਣ ਲੱਗਾ ਕਿ ਇਹ ਗੱਲ ਰੂਸੀ ਲੋਕਾਂ ਦੀ ਫਿਤਰਤ ਵਿਚ ਹੀ ਹੈ ਕਿ ਉਹ ਇਨਕਲਾਬੀ ਭਾਂਬੜ ਵਿਚ ਬਲਣ ਵਾਲ਼ੇ ਲੋਕ ਹਨ ਅਤੇ ਫੇਰ ਇਕ ਤਰ੍ਹਾਂ 'ਸੰਜਮੀ' (moderate) ਅਮਰੀਕਨਾਂ ਤੋਂ ਬਿਲਕੁਲ ਹੀ ਵੱਖਰੇ।

ਅਸਲੀਅਤ ਵਿਚ ਰੂਸੀ ਲੋਕਾਂ ਦੀ 'ਫਿਤਰਤ' ਉਨ੍ਹਾਂ ਦੇ ਸਾਂਝੇ ਨਜ਼ਰੀਏ, ਮਨੋਵਿਗਿਆਨ ਅਤੇ ਵਰਤਾਅ ਦੀਆਂ ਪਰਤਾਂ, ਜਿਹੜੀਆਂ ਕਿ ਜਮਾਤੀ ਵਖਰੇਵਿਆਂ ਵਾਲੀਆਂ ਸਨ – ਉਨ੍ਹਾਂ ਵਿਚ ਵੱਖੋ-ਵੱਖਰੇ ਹਾਲਾਤ ਵਿਚ ਗੰਭੀਰ ਤਬਦੀਲੀਆਂ ਵਾਪਰੀਆਂ।

ਜ਼ਾਰਸ਼ਾਹੀ ਦੀ ਲੰਮੇ ਸਮੇਂ ਤਕ ਹਕੂਮਤ, ਅਤੇ ਇਸ ਦੇ ਨਾਲ ਜੁੜੀ ਅਧੀਨਤਾ ਦੀ ਮਨੋਸਥਿਤੀ ਦਾ ਆਧਾਰ ਪੁੱਜ ਕੇ ਪਛੜੀ ਹੋਈ ਰੂਸੀ ਆਰਥਿਕਤਾ ਸੀ। ਜ਼ਾਰਸ਼ਾਹੀ ਦੇ ਡਿੱਗਣ ਅਤੇ ਇਨਕਲਾਬੀ ਉਤਸ਼ਾਹ ਦੇ ਉਭਾਰ ਦਾ ਆਧਾਰ ਰੂਸ ਵਿਚਲੇ ਪੂੰਜੀਵਾਦ ਦਾ ਵਿਕਾਸ ਸੀ, ਜਿਸ ਵਿਚ ਪੂੰਜੀਵਾਦੀ ਜਮਾਤ ਮੁਕਾਬਲਤਨ ਕਮਜ਼ੋਰ ਸੀ ਜਿਸ ਦੇ ਸਾਹਮਣੇ ਕਾਫੀ ਤਾਕਤਵਰ ਮਜ਼ਦੂਰ ਜਮਾਤ ਸੀ ਜੋ ਕਿਸਾਨੀ ਨੂੰ ਵੀ ਆਪਣੀ ਹਮਾਇਤ ਵਿਚ ਜਥੇਬੰਦ ਕਰਨ ਦੇ ਯੋਗ ਸੀ।

ਬਦਲਦੇ ਹਾਲਾਤ ਬਦਲਦੀ 'ਫਿਤਰਤ' ਪੈਦਾ ਕਰਦੇ ਹਨ। ਜੋ ਕੁਝ ਰੂਸ ਦਾ ਇਹ ਵੀਹ ਸਾਲਾਂ ਦਾ ਇਤਿਹਾਸ ਨੇੜਿਓਂ ਦਿਖਾਉਂਦਾ ਹੈ ਉਹ ਇਸ ਨਾਲੋਂ ਵੀ ਵੱਧ ਸਫਾਈ ਨਾਲ ਦੁਨੀਆ ਦੇ ਸਮੁੱਚੇ ਇਤਿਹਾਸ ਦੀ ਤਸਵੀਰ ਪੇਸ਼ ਕਰਦਾ ਹੈ। ਵਰਤਾਅ ਦੇ ਵੱਖ ਵੱਖ ਨਮੂਨੇ ਜਿਨ੍ਹਾਂ ਨੂੰ ਵਿਸ਼ੇਸ਼ ਸਮਾਜਾਂ ਵੱਲੋਂ ਕਿਸੇ ਵਿਸ਼ੇਸ਼ ਸਮੇਂ ਵਿਚ ਕੁਦਰਤੀ ਸਮਝ ਕੇ ਸਹਿਜ ਮੰਨ ਲਿਆ ਜਾਂਦਾ ਹੈ, ਉਨ੍ਹਾਂ ਨੂੰ ਹੋਰ ਸਮਾਜਾਂ ਵੱਲੋਂ ਹੋਰ ਸਮੇਂ ਵਿਚ ਗ਼ੈਰ-ਕੁਦਰਤੀ ਮੰਨਿਆ ਜਾਂਦਾ ਹੈ।

ਅਠ੍ਹਾਰਵੀਂ ਸਦੀ ਦੌਰਾਨ ਵੱਡੀ ਗਿਣਤੀ ਅਮਰੀਕਨਾਂ ਵਾਸਤੇ ਕਾਲ਼ੀ ਚਮੜੀ ਵਾਲ਼ੇ ਲੋਕਾਂ ਨੂੰ ਗ਼ੁਲਾਮ ਬਣਾ ਕੇ ਰੱਖਣਾ ਹਰ ਤਰ੍ਹਾਂ ਇਕ ਕੁਦਰਤੀ ਆਮ ਸਹਿਜ ਵਰਤਾਰਾ ਜਾਪਦਾ ਸੀ। ਦਾਅਵਾ ਇਹ ਸੀ ਕਿ ਕਾਲ਼ੇ ਲੋਕਾਂ ਦੀ ਕੁਦਰਤੀ ਹੀਣਤਾ ਇਸ ਦਾ ਮੁੱਖ ਕਾਰਨ ਸੀ। ਪਰ ਫੇਰ ਉਨੀਵੀਂ ਸਦੀ ਦੇ ਅੱਧ ਦੁਆਲ਼ੇ ਯੂ ਐੱਸ ਏ ਦੇ ਉੱਤਰੀ ਇਲਾਕੇ ਵਿਚ ਵਸਦੇ ਬਹੁਤ ਸਾਰੇ ਲੋਕਾਂ ਨੇ ਗ਼ੁਲਾਮੀ ਨੂੰ ਮਨੁੱਖੀ ਫਿਤਰਤ ਨਾਲ ਖਿਲਵਾੜ ਵਜੋਂ ਦੇਖਣਾ ਸ਼ੁਰੂ ਕਰ ਦਿੱਤਾ, ਅਤੇ ਕਾਲ਼ੇ ਲੋਕਾਂ ਬਾਰੇ ਇਹ ਨਜ਼ਰੀਆ ਅਤੇ ਉਨ੍ਹਾਂ ਦੇ ਹੱਕਾਂ ਬਾਰੇ ਫਿਕਰ ਦੇ ਨਾਲ ਨਾਲ ਹੀ ਦੱਖਣੀ ਇਲਾਕੇ ਵਿਚ ਲੋਕਾਂ ਦੇ ਗ਼ੁਲਾਮੀ ਵਿਚ ਪੂਰੀ ਤਰ੍ਹਾਂ ਯਕੀਨ ਨਾਲ ਚਲਦਾ ਰਿਹਾ।

ਅਮਰੀਕਾ ਦੇ ਆਦਿਵਾਸੀ ਲੋਕਾਂ ਲਈ ਜ਼ਮੀਨ ਨੂੰ ਨਿੱਜੀ ਜਾਇਦਾਦ ਸਮਝਣਾ 'ਗ਼ੈਰ-ਕੁਦਰਤੀ' ਗੱਲ ਸੀ। ਦੂਜੇ ਪਾਸੇ ਅਠ੍ਹਾਰਵੀਂ ਸਦੀ ਦੇ ਜ਼ਮੀਨ ਮਾਲਕ ਵਾਸਤੇ ਇਹ ਸਭ ਤੋਂ ਪਹਿਲਾ ਮਨੁੱਖੀ ਅਧਿਕਾਰ ਸੀ। ਪੁਰਾਣੇ ਸਮੇਂ ਦੇ ਯੂਨਾਨੀਆਂ ਲਈ ਸਮਲਿੰਗਤਾ ਪਿਆਰ ਦੀ ਸਭ ਤੋਂ ਉੱਤਮ ਕਿਸਮ ਸੀ। ਵਿਕਟੋਰੀਅਨ ਅੰਗਰੇਜ਼ਾਂ ਵਾਸਤੇ ਇਹ ਸਭ ਤੋਂ ਘਟੀਆ ਗੱਲ ਸੀ। ਸਨਾਤਨੀ ਹਿੰਦੂ ਵਾਸਤੇ ਸਦੀਆਂ ਤੋਂ ਵਿਆਹ ਲਈ ਸਾਥੀ ਦਾ ਫੈਸਲਾ ਦੂਜਿਆਂ ਵੱਲੋਂ ਕੀਤਾ ਜਾਂਦਾ ਰਿਹਾ ਹੈ, ਜਦ ਕਿ ਪੱਛਮ ਵਿਚ ਇਸ ਤੌਰ ਤਰੀਕੇ ਨੂੰ 'ਗ਼ੈਰ-ਕੁਦਰਤੀ' ਗੱਲ ਸਮਝਿਆ ਜਾਂਦਾ ਹੈ। ਸਮਾਜਕ ਹਾਲਤਾਂ ਨੂੰ ਬਦਲ ਦੇਵੋ ਤਾਂ ਉਸ ਨਾਲ 'ਮਨੁੱਖੀ ਫਿਤਰਤ' ਵੀ ਬਦਲ ਜਾਂਦੀ ਹੈ।

ਇਸ ਕਿਸਮ ਦੀਆਂ ਹਜ਼ਾਰਾਂ ਹੋਰ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਉਹ ਸਾਰੀਆਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਮਨੁੱਖੀ ਨਜ਼ਰੀਏ, ਨੈਤਿਕਤਾ ਅਤੇ ਵਰਤਾਅ ਵਿਚ ਬਦਲਣ ਦੀ ਬੇਹੱਦ ਸੰਭਾਵਨਾ ਹੁੰਦੀ ਹੈ। ਇਹ ਸਭ ਉਦਾਹਰਨਾਂ ਦਰਸਾਉਂਦੀਆਂ ਹਨ ਕਿ ਸੱਭਿਆਚਾਰ ਮਨੁੱਖੀ ਜੀਵਨ ਨੂੰ ਬਣਾਉਣ ਵਿਚ ਬਹੁਤ ਵੱਡਾ ਕਿਰਦਾਰ ਨਿਭਾਉਂਦਾ ਹੈ – ਜੋ ਕੁਝ

ਜਨਮ ਵੇਲੇ (ਜਨੈਟਿਕ ਤੌਰ ’ਤੇ) ਮਿਲਦਾ ਹੈ ਉਸ ਨਾਲੋਂ ਕਿਤੇ ਵੱਧ ਸਮਾਜਕ ਤੌਰ ’ਤੇ ਸਿੱਖਿਆ ਜਾਂਦਾ ਹੈ।

**ਮਨੁੱਖੀ ਫਿਤਰਤ ਕੀ ਹੈ?**

ਬਦਲਦੇ ਆਲ਼ੇ ਦੁਆਲ਼ੇ ਨਾਲ ਲੋਕ ਬਦਲ ਜਾਂਦੇ ਹਨ। ਪਰ ਕੀ ਇਸ ਦਾ ਅਰਥ ਇਹ ਹੈ ਕਿ ਮਨੁੱਖੀ ਫਿਤਰਤ ਨਾਂ ਦੀ ਕੋਈ ਚੀਜ਼ ਹੈ ਹੀ ਨਹੀਂ? ਸਮਾਜਵਾਦੀ ਕਈ ਵਾਰੀ ਸਮਾਜਵਾਦ ਵਿਰੋਧੀ ਬਹਿਸ ਨਾਲ ਕਾਹਲ਼ੀ ਨਾਲ ਨਜਿੱਠਣ ਲਈ ਇਹ ਦਾਅਵਾ ਕਰ ਜਾਂਦੇ ਹਨ।

ਪਰ ਮਨੁੱਖੀ ਫਿਤਰਤ ਨੂੰ ਮੁੱਢੋਂ ਹੀ ਨਕਾਰਨ ਨਾਲ ਕਈ ਬੜੀਆਂ ਗੰਭੀਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਪਹਿਲੀ ਗੱਲ, ਇਸ ਨਾਲ ਇਨਸਾਨਾਂ ਬਾਰੇ ਇਹ ਨਜ਼ਰੀਆ ਬਣ ਸਕਦਾ ਹੈ ਕਿ ਉਨ੍ਹਾਂ ਨੂੰ ਪੂਰੀ ਤਰ੍ਹਾਂ ਮਰਜ਼ੀ ਅਨੁਸਾਰ ਢਾਲ਼ਿਆ ਜਾ ਸਕਦਾ ਹੈ। ਇਸ ਨਾਲ ਇਹ ਸੁਝਾਅ ਵੀ ਦਿੱਤਾ ਜਾ ਸਕਦਾ ਹੈ ਕਿ ਇਕ ਤਾਨਾਸ਼ਾਹੀ ਰਾਜ ਜੋ ਪੂਰੀ ਤਰ੍ਹਾਂ ਸੰਚਾਰ ਸਾਧਨਾਂ ’ਤੇ ਅਤੇ ਬੱਚਿਆਂ ਦੇ ਪਾਲਣ ਪੋਸ਼ਣ ’ਤੇ ਕਾਬੂ ਪਾ ਸਕਦਾ ਹੋਵੇ ਉਹ ਸਾਰੇ ਲੋਕਾਂ ਨੂੰ ਆਪਣੀ ਮਰਜ਼ੀ ਅਨੁਸਾਰ ਢਾਲ਼ ਸਕਦਾ ਹੈ ਅਤੇ ਨਤੀਜੇ ਵਜੋਂ ਕਿਸੇ ਕਿਸਮ ਦੀ ਹੁਕਮਅਦੂਲੀ ਦੀ ਸੰਭਾਵਨਾ ਨੂੰ ਖਤਮ ਕਰ ਸਕਦਾ ਹੈ। ਪਰ ਇਸ ਦੇ ਅਨੇਕਾਂ ਸਬੂਤ ਹਾਜ਼ਰ ਹਨ ਕਿ ਅਜਿਹਾ ਨਹੀਂ ਹੈ। ਇੱਥੋਂ ਤਕ ਕਿ ਜਰਮਨਾਂ ਦੀਆਂ ਜੇਲ੍ਹਾਂ (ਕੰਨਸੈਂਟਰੇਸ਼ਨ ਕੈਂਪਾਂ) ਵਿਚ ਵੀ ਕੁਝ ਲੋਕ ਵਿਰੋਧ ਵਿਚ ਲੜਦੇ ਰਹੇ ਸਨ।

ਰਾਜ ਵੱਲੋਂ ਕੀਤੀ ਜਾਂਦੀ ਦਿਮਾਗ਼ ਕਾਬੂ ਕਰਨ ਦੀ ਤਾਕਤ (brain washing) ਦੀ ਹਮੇਸ਼ਾ ਇਕ ਹੱਦ ਹੁੰਦੀ ਹੈ ਅਤੇ ਉਹ ਹੱਦ ਉਸ ਸਮੇਂ ਅੱਗੇ ਆ ਜਾਂਦੀ ਹੈ ਜਦੋਂ ਹੋਰ ਗੱਲਾਂ ਦੇ ਨਾਲ ਰਾਜ ਦਾ ਦਬਾਓ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਨਾਲ ਟਕਰਾਅ ਵਿਚ ਆਉਂਦਾ ਹੈ।

ਦੂਜੀ ਗੱਲ ਇਹ ਸੁਝਾਅ ਦੇਣਾ ਕਿ ਮਨੁੱਖੀ ਫਿਤਰਤ ਨਾਂ ਦੀ ਕੋਈ ਚੀਜ਼ ਹੈ ਹੀ ਨਹੀਂ, ਇਸ ਗੱਲ ਨੂੰ ਮੰਨਣਾ ਹੈ ਕਿ ਮਨੁੱਖਾਂ ਵਿਚ ਕੋਈ ਇਹੋ ਜਿਹੇ ਸਾਂਝੇ ਚਰਿੱਤਰ-ਅੰਸ਼ ਨਹੀਂ ਜੋ ਉਨ੍ਹਾਂ ਨੂੰ ਦੂਜੇ ਜੀਵਾਂ ਨਾਲੋਂ ਵੱਖਰਾਉਂਦੇ ਹਨ। ਇਹ ਗੱਲ ਬਿਲਕੁਲ ਇਸ ਤਰ੍ਹਾਂ ਨਹੀਂ ਹੈ। ਜੇ ਇਸ ਤਰ੍ਹਾਂ ਹੁੰਦੀ ਤਾਂ ਮਨੁੱਖੀ ਜੀਵਾਂ ਜਾਂ ਮਨੁੱਖੀ ਇਤਿਹਾਸ ਬਾਰੇ ਗੱਲ ਕਰਨੀ ਸੰਭਵ ਨਾ ਹੁੰਦੀ।

ਫੇਰ ਮਨੁੱਖੀ ਫਿਤਰਤ ਬਾਰੇ ਕੀ ਕਿਹਾ ਜਾ ਸਕਦਾ ਹੈ?

ਸਾਨੂੰ ਜੀਵ-ਵਿਗਿਆਨ (biology) ਨਾਲ ਗੱਲ ਸ਼ੁਰੂ ਕਰਨੀ ਚਾਹੀਦੀ ਹੈ। ਇਹ ਗੱਲ ਸਾਫ ਹੈ ਕਿ ਇਨਸਾਨ ਜੀਵਾਂ ਦੀ ਇਕ ਬਿਲਕੁਲ ਵੱਖਰੀ ਜਾਤੀ (species) ਹੈ ਜਿਹਦੇ ਕੋਲ ਆਪਣੀ ਇਕ ਵਿਸ਼ੇਸ਼ ਜਨੈਟਿਕ ਕੋਡ ਹੈ। ਇਹ ਜਨੈਟਿਕ ਕੋਡ ਹੀ ਇਨਸਾਨਾਂ ਦੀ ਜਿਸਮਾਨੀ ਬਣਤਰ ਲਈ ਜ਼ਿੰਮੇਵਾਰ ਹੈ।

ਅੰਤ ਨੂੰ, ਇਹ ਵੀ ਸਹੀ ਹੈ ਕਿ ਇਹ ਜੀਵ-ਵਿਗਿਆਨਕ ਫਿਤਰਤ (biological nature) ਵੀ ਪੱਕੀ ਜਾਂ ਸਦਾ ਰਹਿਣ ਵਾਲ਼ੀ ਨਹੀਂ। ਪਰ ਇਸ ਵਿਕਾਸ ਦੇ ਸਮੇਂ ਦੀ ਰਫਤਾਰ ਬਹੁਤ ਹੀ ਮੱਠੀ ਹੈ ਅਤੇ ਇਹ ਇਤਿਹਾਸਕ ਸਮੇਂ ਦੀ ਰਫਤਾਰ ਨਾਲੋਂ ਬਿਲਕੁਲ ਹੀ ਵੱਖਰੀ ਕਿਸਮ ਦੀ ਹੈ। ਜੀਵ-ਵਿਗਿਆਨਕ ਤੌਰ ’ਤੇ ਅੱਜੋਕੇ ਇਨਸਾਨ ਦਸ ਹਜ਼ਾਰ ਜਾਂ ਵੀਹ ਹਜ਼ਾਰ ਸਾਲ ਪਹਿਲਾਂ ਦੇ ਇਨਸਾਨਾਂ ਨਾਲੋਂ ਕਿਸੇ ਮਹੱਤਵਪੂਰਨ ਭਾਵ ਨਾਲ ਵੱਖਰੇ ਨਹੀਂ। ਸਾਡੇ ਹੱਥਲੇ ਸਵਾਲ – ਸਮਾਜਵਾਦ ਦੀ ਸੰਭਾਵਨਾ – ਵਾਸਤੇ ਲੋਕਾਂ ਦੀ ਜਿਸਮਾਨੀ ਫਿਤਰਤ ਨੂੰ ਲਗਾਤਾਰਤਾ ਵਾਲ਼ੀ ਮੰਨ ਲਿਆ ਜਾ ਸਕਦਾ ਹੈ।

ਇਹ ਜਿਸਮਾਨੀ ਫਿਤਰਤ ਸਾਰੇ ਇਨਸਾਨਾਂ ਨੂੰ ਕੁਝ ਸਾਂਝੀਆਂ ਲੋੜਾਂ ਤੇ ਯੋਗਤਾਵਾਂ ਪ੍ਰਦਾਨ ਕਰਦੀ ਹੈ ਜੋ ਮਨੁੱਖੀ ਫਿਤਰਤ ਦੀਆਂ ਨੀਹਾਂ ਹਨ।

ਇਨ੍ਹਾਂ ਵਿਚ ਸਭ ਤੋਂ ਮੁੱਢਲੀਆਂ ਅਤੇ ਨਾ ਝੁਠਲਾਈਆਂ ਜਾ ਸਕਣ ਵਾਲੀਆਂ ਲੋੜਾਂ ਹਨ

ਹਵਾ, ਖਾਣਾ ਅਤੇ ਪਾਣੀ ਅਤੇ ਉਸ ਤੋਂ ਬਾਅਦ ਕੱਪੜੇ, ਛੱਤ ਅਤੇ ਨਿੱਘ। ਸੌਣ ਦੀ ਲੋੜ ਹੈ; ਮਾਪਿਆਂ ਵੱਲੋਂ ਲਗਾਤਾਰ ਕਿਸੇ ਨਾ ਕਿਸੇ ਤਰੀਕੇ ਦੀ ਦੇਖਭਾਲ ਕਿਉਂਕਿ ਇਨਸਾਨ ਲਈ, ਦੂਜੇ ਜੀਵਾਂ ਤੋਂ ਅਲੱਗ, ਘੱਟ ਤੋਂ ਘੱਟ ਹੱਦ ਤਕ ਵੀ ਖੁਦ ਦੀ ਦੇਖ ਭਾਲ ਕਰਨ ਯੋਗ ਹੋਣ ਲਈ ਕਈ ਸਾਲ ਲੱਗ ਜਾਂਦੇ ਹਨ; ਆਪਣੀ ਜਾਤੀ ਨੂੰ ਅੱਗੇ ਚਲਦਾ ਰੱਖਣ ਲਈ ਕਾਮ (sex) ਦੀ ਲੋੜ ਅਤੇ ਇਸ ਕਿਸਮ ਦੀਆਂ ਹੋਰ ਲੋੜਾਂ।

ਇਨਸਾਨ ਦੀਆਂ ਯੋਗਤਾਵਾਂ ਵਿਚ ਪੰਜ ਗਿਆਨ ਇੰਦਰੀਆਂ, ਇਕ ਵੱਡਾ ਦਿਮਾਗ਼, ਪੈਰਾਂ ’ਤੇ ਸਿੱਧਾ ਤੁਰ ਸਕਣ ਦੀ ਯੋਗਤਾ, ਹੱਥ ਜਿਹੜਾ ਨਿਸ਼ਚਤ ਤਰੀਕੇ ਨਾਲ ਕੰਮ ਕਰ ਸਕਦਾ ਹੋਵੇ, ਸਵਰ ਤੰਤੂ (vocal chord) ਜਿਸ ਨਾਲ ਬੋਲਣ ਦੀ ਯੋਗਤਾ ਮਿਲਦੀ ਹੈ ਆਦਿ। ਇਹ ਸਵਾਲ ਕੀਤਾ ਜਾ ਸਕਦਾ ਹੈ ਕਿ ਸਾਰੇ ਲੋਕਾਂ ਵਿਚ ਇਹ ਯੋਗਤਾਵਾਂ ਸਾਂਝੀਆਂ ਨਹੀਂ ਹੁੰਦੀਆਂ - ਕਈ ਲੋਕ ਅੰਨ੍ਹੇ, ਬੋਲ਼ੇ ਜਾਂ ਕਿਸੇ ਹੋਰ ਅਯੋਗਤਾ ਨਾਲ ਪੈਦਾ ਹੁੰਦੇ ਹਨ - ਪਰ ਇਹ ਕੁਝ ਵਿਸ਼ੇਸ਼ ਛੋਟਾਂ ਹੁੰਦੀਆਂ ਹਨ।

ਇਹ ਲੋੜਾਂ ਤੇ ਯੋਗਤਾਵਾਂ ਸਾਰੇ ਸਮਾਜਾਂ ਦੇ ਲੋਕਾਂ ਵਿਚ ਪਿਛਲੇ ਵੀਹ ਤੋਂ ਤੀਹ ਹਜ਼ਾਰ ਸਾਲਾਂ ਦੌਰਾਨ ਹਰ ਸਮੇਂ ਮੌਜੂਦ ਰਹੀਆਂ ਹਨ ਅਤੇ ਇਹ ਮਨੁੱਖੀ ਫਿਤਰਤ ਦੀ ਇਮਾਰਤ ਦੀਆਂ ਪਹਿਲੀਆਂ ਇੱਟਾਂ ਬਣਦੀਆਂ ਹਨ। ਪਰ, ਜਿਸ ਤਰੀਕੇ ਨਾਲ ਲੋੜਾਂ ਦੀ ਪੂਰਤੀ ਲਈ ਇਨ੍ਹਾਂ ਯੋਗਤਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਹ ਗੱਲ ਇਨਸਾਨਾਂ ਨੂੰ ਦੂਜੀਆਂ ਜੀਵਤ ਜਾਤੀਆਂ ਤੋਂ ਵੱਖਰਾ ਬਣਾਉਂਦੀ ਹੈ। ਇਨਸਾਨ ਆਪਣੀਆਂ ਲੋੜਾਂ ਦੀ ਪੂਰਤੀ ਲਈ ਇਕੱਠੇ ਹੋ ਕੇ ਕੰਮਕਾਰ ਰਾਹੀਂ ਢਾਂਚੇ-ਬੱਧ ਤਰੀਕੇ ਰਾਹੀਂ ਜੀਉਣ ਲਈ ਲੋੜੀਂਦੀਆਂ ਵਸਤਾਂ ਪ੍ਰਾਪਤ ਕਰਦੇ ਹਨ।

ਹਾਂ ਇਹ ਠੀਕ ਹੈ ਕਿ ਜਾਨਵਰ ਵੀ ਕੰਮ ਕਰਦੇ ਹਨ - ਕਾਟੋਆਂ ਗਿਰੀਆਂ ਇਕੱਠੀਆਂ ਕਰਦੀਆਂ ਹਨ, ਸ਼ੇਰ ਸ਼ਿਕਾਰ ਕਰਦੇ ਹਨ, ਦਰਿਆਈ ਕੁੱਤੇ ਪਾਣੀ ’ਚ ਬੰਨ੍ਹ ਬਣਾਉਂਦੇ ਹਨ, ਪੰਛੀ ਆਲ੍ਹਣੇ ਬਣਾਉਂਦੇ ਹਨ, ਕੀੜੇ ਆਪਣੇ ਭੌਣ ਬਣਾਉਂਦੇ ਹਨ, ਕੁਝ ਬਾਂਦਰਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਸੋਟੀਆਂ ਨੂੰ ਹਥਿਆਰਾਂ ਵਾਂਗ ਵਰਤ ਸਕਦੇ ਹਨ ਆਦਿ। ਮਨੁੱਖੀ ਮੁਸ਼ੱਕਤ, ਪਰ, ਹੌਲ਼ੀ ਹੌਲ਼ੀ ਇਸ ਪੱਧਰ ਤੋਂ ਅੱਗੇ ਵਿਕਾਸ ਕਰ ਗਈ। ਢਾਂਚੇ-ਬੱਧ ਤਰੀਕੇ ਅਤੇ ਸੂਝ ਨਾਲ ਸੰਦਾਂ ਦੀ ਪੈਦਾਵਾਰ - ਜਿਨ੍ਹਾਂ ਨੂੰ ਪੈਦਾਵਾਰੀ ਸਾਧਨ ਕਿਹਾ ਜਾਂਦਾ ਹੈ - ਨੇ ਮਜ਼ਦੂਰੀ ਦੀ ਪੈਦਾਵਾਰੀ ਸ਼ਕਤੀ ਨੂੰ ਬਹੁਤ ਵਧਾ ਦਿੱਤਾ।

ਜਿੱਥੇ ਜਾਨਵਰ ਦੀ ਮਜ਼ਦੂਰੀ ਮੁੱਖ ਤੌਰ ’ਤੇ ਕੁਦਰਤੀ ਪੱਧਰ ’ਤੇ ਹੀ ਰਹੀ ਅਤੇ ਪੀੜ੍ਹੀ ਦਰ ਪੀੜ੍ਹੀ ਦੁਹਰਾਈ ਜਾਂਦੀ ਰਹੀ ਹੈ ਉੱਥੇ ਮਨੁੱਖੀ ਮਜ਼ਦੂਰੀ ਸਿੱਖੀ ਜਾਂਦੀ ਹੈ ਅਤੇ ਵਿਕਾਸ ਕਰਦੀ ਹੈ - ਪਹਿਲਾਂ ਹੌਲ਼ੀ ਹੌਲ਼ੀ ਫੇਰ ਵਧਦੀ ਹੈ ਤੇਜ਼ ਗਤੀ ਨਾਲ।

ਜਾਨਵਰਾਂ ਦੀ ਮੁਸ਼ੱਕਤ ਵਾਤਾਵਰਨ ਨੂੰ ਬਦਲਦੀ ਨਹੀਂ, ਜੇ ਬਦਲਦੀ ਵੀ ਹੈ ਤਾਂ ਸੀਮਤ ਹੱਦ ਤੱਕ ਹੀ, ਪਰ ਮਨੁੱਖੀ ਮੁਸ਼ੱਕਤ ਵਾਤਾਵਰਨ ਨੂੰ ਵਧਦੀ ਗਤੀ ਨਾਲ ਬਦਲਦੀ ਰਹਿੰਦੀ ਹੈ।

ਇਸ ਮੁਸ਼ੱਕਤ ਦਾ ਸਮਾਜੀ ਕਿਰਦਾਰ ਵੀ ਮੁੱਢਲੀ ਮਹੱਤਤਾ ਵਾਲ਼ਾ ਹੈ। ਇਹ ਗੱਲ ਯੂਨਾਨੀ ਦਾਰਸ਼ਨਿਕ ਅਰਸਤੂ ਨੇ ਮਨੁੱਖ ਬਾਰੇ ਕਹੀ ਸੀ ਕਿ “ਮਨੁੱਖ ਸਮਾਜਕ ਜਾਨਵਰ (social animal) ਹੈ” ਅਤੇ ਇਹ ਗੱਲ ਸਹੀ ਵੀ ਹੈ ਕਿ ਇਨਸਾਨ ਹਮੇਸ਼ਾ ਸਮੂਹਾਂ ਵਿਚ ਹੀ ਵਿਚਰਿਆ ਹੈ, ਕਦੇ ਵੀ ਇਕੱਲੇ ਵਿਅਕਤੀ ਵਜੋਂ ਨਹੀਂ। ਏਸੇ ਤਰ੍ਹਾਂ ਹੀ ਉਨ੍ਹਾਂ ਦੀ ਮੁਸ਼ੱਕਤ ਵੀ, ਪਹਿਲਾਂ ਤੋਂ ਹੀ, ਹਮੇਸ਼ਾ ਸਮਾਜਕ ਅਤੇ ਇਕ ਦੂਜੇ ਨਾਲ ਸਹਿਯੋਗ ਵਾਲ਼ੀ ਰਹੀ ਹੈ। ਜਦੋਂ, ਉਦਾਹਰਨ ਵਜੋਂ, ਪੱਥਰ ਯੁੱਗ ਦੇ ਲੋਕ ਕਿਸੇ ਵੱਡੇ ਜਾਨਵਰ ਦਾ ਸ਼ਿਕਾਰ ਕਰਦੇ ਸਨ ਤਾਂ ਉਹ ਇਹ ਕੰਮ ਇਕੱਠੇ ਹੋ ਕੇ ਸਾਂਝ ਨਾਲ ਟੱਪਰੀਵਾਸ ਮੰਡਲੀ ਜਾਂ ਸਮੂਹ ਵਜੋਂ ਕਰਦੇ ਸਨ।

ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਇਨਸਾਨ ਦੇ ਚਰਿੱਤਰ ਦੀਆਂ ਮੁੱਢਲੀਆਂ ਚੀਜ਼ਾਂ ਦਾ ਵਿਕਾਸ ਇਸ ਸਾਂਝੀ ਮੁਸ਼ੱਕਤ ਕਾਰਨ ਹੋਇਆ - ਜਿਵੇਂ ਬੋਲੀ ਦਾ ਵਿਕਾਸ। ਹਰ ਜਾਣਿਆਂ ਜਾਂਦਾ

ਮਨੁੱਖੀ ਸਮਾਜ ਇਸ ਪੱਧਰ ਤਕ ਵਿਕਸਤ ਹੋਇਆ ਹੈ ਜਿੱਥੇ ਇਸ ਨੇ ਕਾਫੀ ਜਟਿਲਤਾ ਵਾਲ਼ੀ ਬੋਲੀ ਪੈਦਾ ਕੀਤੀ ਹੈ। ਇਸ ਦੇ ਨਾਲ ਹੀ ਬੋਲੀ ਨੇ ਮਨੁੱਖ ਦੀ ਸਮਾਜਕ ਚੇਤਨਾ ਵਿਚ ਫੈਸਲਾਕੁਨ ਕਿਰਦਾਰ ਨਿਭਾਇਆ ਹੈ। ਇਸ ਤਰ੍ਹਾਂ ਫੇਰ ਸਭਿਆਚਾਰ ਇਕ ਪੀੜ੍ਹੀ ਦੂਜੀ ਪੀੜ੍ਹੀ ਤੋਂ ਸਿੱਖ ਕੇ ਅੱਗੇ ਤੋਰ ਦਿੰਦੀ ਹੈ।

ਇਸ ਥਾਂ ਅਸੀਂ "ਮਨੁੱਖੀ ਫਿਤਰਤ" ਦੇ ਮੁੱਖ ਲੱਛਣਾਂ ਨੂੰ ਸੰਖੇਪ ਵਿਚ ਦੱਸ ਸਕਦੇ ਹਾਂ। ਇਨਸਾਨ ਇਕ ਵਿਕੋਲਿਤਰੀ ਬਾਇਓਲੌਜੀਕਲ ਜਾਤੀ ਹਨ ਜਿਨ੍ਹਾਂ ਦੀਆਂ ਕੁਝ ਸਾਂਝੀਆਂ ਲੋੜਾਂ ਹਨ ਜਿਹੜੀਆਂ ਸਮਾਜਕ ਤੌਰ 'ਤੇ ਮਿਲ਼ ਕੇ ਕੀਤੀ ਮੁਸ਼ੱਕਤ ਨਾਲ ਪੂਰੀਆਂ ਕੀਤੀਆ ਜਾਂਦੀਆਂ ਹਨ ਜਿਹਦੇ ਕਰਕੇ ਇਨਸਾਨਾਂ ਵਿਚ ਬੋਲੀ, ਸਮਾਜਕ ਚੇਤਨਾ ਅਤੇ ਸਭਿਆਚਾਰ ਵਿਕਸਤ ਹੋਏ।

ਇਨਸਾਨ ਦੀ ਫਿਤਰਤ ਦੀ ਇਸ ਪਰਿਭਾਸ਼ਾ ਦਾ ਸਭ ਤੋਂ ਮਹੱਤਵਪੂਰਨ ਨੁਕਤਾ ਇਹ ਹੈ ਕਿ ਜਦ ਕਿ ਇਹ ਕੁਝ ਲਗਾਤਾਰ ਰਹਿਣ ਵਾਲੀਆਂ ਚੀਜ਼ਾਂ ਵੱਲ ਧਿਆਨ ਦਵਾਉਂਦੀ ਹੈ, ਇਸ ਵਿਚ ਸਮਾਜਕ ਮੁਸ਼ੱਕਤ (social labour) ਦੀ ਸ਼ਕਲ ਵਿਚ ਇਕ ਸੰਚਾਲਕ ਸ਼ਕਤੀ (dyanamic element) ਵੀ ਹੈ।

ਇਨਸਾਨ ਆਪਣਾ ਆਲ਼ਾ ਦੁਆਲ਼ਾ ਬਦਲ ਦਿੰਦੇ ਹਨ, ਨਾਲ ਹੀ ਉਹ ਖੁਦ ਨੂੰ ਅਤੇ ਦੂਜਿਆਂ ਨਾਲ ਆਪਣੇ ਰਿਸ਼ਤਿਆਂ ਨੂੰ ਵੀ ਬਦਲ ਦਿੰਦੇ ਹਨ। ਜਦੋਂ ਉਹ ਆਪਣੀਆਂ ਲੋੜਾਂ ਦੀ ਪੂਰਤੀ ਲਈ ਆਪਣੀਆਂ ਯੋਗਤਾਵਾਂ ਦੀ ਵਰਤੋਂ ਕਰਦੇ ਹਨ, ਇਸ ਨਾਲ ਉਨ੍ਹਾਂ ਦੀਆਂ ਯੋਗਤਾਵਾਂ ਵੀ ਵਧਦੀਆਂ ਅਤੇ ਵਿਕਾਸ ਕਰਦੀਆਂ ਹਨ – "ਖਾਣ ਨਾਲ ਭੁੱਖ ਵੀ ਲਗਦੀ ਹੈ", ਜਿਵੇਂ ਮਾਰਕਸ ਨੇ ਕਿਹਾ ਸੀ। ਜਦ ਕੁਝ ਮੁੱਢਲੀਆਂ ਲੋੜਾਂ ਦੀ ਪੂਰਤੀ ਹੁੰਦੀ ਹੈ ਉਸ ਨਾਲ ਲੋੜਾਂ ਵਿਚ ਵਾਧਾ ਹੁੰਦਾ ਹੈ ਅਤੇ ਨਵੀਂਆਂ ਲੋੜਾਂ ਉਤਪੰਨ ਹੁੰਦੀਆਂ ਹਨ। ਖਾਣੇ ਦੀ ਲੋੜ ਤੋਂ ਅੱਗੇ ਵਿਸ਼ੇਸ਼ ਗੁਣਾਂ ਵਾਲ਼ੇ ਖਾਣੇ ਦੀ ਲੋੜ ਪੈਦਾ ਹੋ ਜਾਂਦੀ ਹੈ। ਕੱਪੜਿਆਂ ਦੀ ਲੋੜ ਜਾਨਵਰਾਂ ਦੀ ਖੱਲਾਂ ਤੋਂ ਅੱਗੇ ਜਾ ਕੇ ਦੁਕਾਨਾਂ ਵਿਚੋਂ ਬਣੇ ਬਣਾਏ ਕੱਪੜੇ ਖਰੀਦਣ ਲਈ ਪੈਸੇ ਦੀ ਲੋੜ ਪੈਂਦੀ ਹੈ।

ਜਦ ਪੈਦਾਵਾਰੀ ਸਾਧਨਾਂ ਵਿਚ ਤਬਦੀਲੀ ਆਉਂਦੀ ਹੈ ਉਸ ਨਾਲ ਸਮਾਜ ਦੀ ਜਥੇਬੰਦੀ ਵਿਚ ਵੀ ਬਦਲਾਵ ਆਉਂਦਾ ਹੈ। ਜਦੋਂ ਅਸੀਂ ਸ਼ਿਕਾਰ ਤੇ ਖਾਣਾ ਇਕੱਤਰ ਕਰਨ ਵਾਲ਼ੀ ਸਥਿਤੀ ਤੋਂ ਖੇਤੀਬਾੜੀ ਵੱਲ ਜਾਂਦੇ ਹਾਂ, ਖੇਤੀਬਾੜੀ ਤੋਂ ਵਸਤਾਂ ਦੇ ਨਿਰਮਾਣ ਅਤੇ ਕਾਰਖਾਨੇ ਵੱਲ ਜਾਂਦੇ ਹਾਂ, ਉਸੇ ਵੇਲ਼ੇ ਅਸੀਂ ਛੋਟੇ ਟੱਪਰੀਵਾਸ ਕਬੀਲਿਆਂ ਤੋਂ ਇਕ ਥਾਂ ਸਥਾਪਤ ਪਿੰਡਾਂ ਵੱਲ ਜਾਂਦੇ ਹਾਂ ਤੇ ਅੱਗੇ ਸ਼ਹਿਰਾਂ ਵੱਲ ਅਤੇ ਮੌਜੂਦਾ ਅਧੁਨਿਕ ਕੌਮਾਂ ਤਕ। ਇਸ ਅਮਲ ਦੌਰਾਨ ਮਨੁੱਖ ਦੇ ਵਰਤਾਵ ਅਤੇ ਨਜ਼ਰੀਏ ਵਿਚ ਇਨਕਲਾਬੀ ਤਬਦੀਲੀ ਵਾਪਰਦੀ ਹੈ। ਜਿਸ ਤਰ੍ਹਾਂ ਮਾਰਕਸ ਨੇ ਕਮਿਊਨਿਸਟ ਮੈਨੀਫਿਸਟੋ ਵਿਚ ਲਿਖਿਆ ਹੈ:

*ਮਨੁੱਖ ਦੇ ਖਿਆਲ, ਨਜ਼ਰੀਏ ਅਤੇ ਸੰਕਲਪ, ਸੰਖੇਪ ਵਿਚ ਇਨਸਾਨ ਦੀ ਚੇਤਨਤਾ, ਉਸ ਦੇ ਭੌਤਿਕ ਜੀਵਨ ਵਿਚ ਆਈ ਹਰ ਤਬਦੀਲੀ ਨਾਲ ਉਸ ਦੇ ਸਮਾਜਕ ਰਿਸ਼ਤਿਆਂ ਅਤੇ ਸਮਾਜਕ ਜੀਵਨ ਵਿਚ ਵੀ ਤਬਦੀਲੀ ਅਉਂਦੀ ਹੈ।*

ਇਹ ਵਿਚਾਰ ਕਿ ਤੁਸੀਂ ਮਨੁੱਖੀ ਫਿਤਰਤ ਨੂੰ ਬਦਲ ਨਹੀਂ ਸਕਦੇ ਤੋਂ ਕਿਤੇ ਵੱਧ ਬਦਲਾਵ ਅਤੇ ਵਿਕਾਸ ਦੀ ਯੋਗਤਾ ਮਨੁੱਖੀ ਫਿਤਰਤ ਦਾ ਸਭ ਤੋਂ ਜ਼ਰੂਰੀ ਅੰਗ ਹੈ। ਇਹ ਇਕ ਮੁੱਢਲੀ ਚੀਜ਼ ਹੈ ਜੋ ਇਨਸਾਨਾਂ ਨੂੰ ਜਾਨਵਰਾਂ ਤੋਂ ਵੱਖਰਾਉਂਦੀ ਹੈ।

ਇਕ ਆਖਰੀ ਨੁਕਤਾ: ਜੇ ਮਨੁੱਖੀ ਫਿਤਰਤ ਉਸ ਤਰ੍ਹਾਂ ਹੈ ਜਿਸ ਤਰ੍ਹਾਂ ਅਸੀਂ ਇਸ ਦੀ ਵਿਆਖਿਆ ਕੀਤੀ ਹੈ, ਕੀ ਇਹ ਮਨੁੱਖ ਨੂੰ "ਚੰਗਾ"ਜਾਂ "ਮਾੜਾ" ਬਣਾਉਂਦੀ ਹੈ? ਇਸ ਦਾ ਜਵਾਬ ਹੈ ਦੋਹਾਂ 'ਚੋਂ ਕੋਈ ਵੀ ਨਹੀਂ। "ਚੰਗੇ" ਦਾ ਮੁੱਢਲਾ ਅਰਥ ਹੈ ਉਹ ਚੀਜ਼ ਜੋ ਮਨੁੱਖ ਦੀ ਫਿਤਰਤ ਦੀਆਂ ਲੋੜਾਂ ਪੂਰੀਆਂ ਕਰਕੇ ਅਤੇ ਉਨ੍ਹਾਂ ਨੂੰ ਅੱਗੇ ਵਿਕਾਸ ਕਰਨ ਵਿਚ ਸਹਾਇਕ ਹੋ ਕੇ ਉਸ ਦੀ ਸੇਵਾ ਕਰਦੀ ਹੈ। "ਮਾੜੇ" ਦਾ ਮੁੱਢਲਾ ਅਰਥ ਹੈ ਉਹ ਚੀਜ਼ ਜੋ ਮਨੁੱਖ ਦੀ ਫਿਤਰਤ

ਦੀਆਂ ਲੋੜਾਂ ਪੂਰੀਆਂ ਨਹੀਂ ਕਰਦੀ ਅਤੇ ਇਸ ਦੇ ਅੱਗੇ ਵਧਣ ਵਿਚ ਰੋੜਾ ਟਿਕਾਉਂਦੀ ਹੈ ਅਤੇ ਮਨੁੱਖ ਦੇ ਵਿਰੋਧ ਵਿਚ ਹੁੰਦੀ ਹੈ।

ਇਸ ਲਈ ਜਿਹੜੀ ਚੀਜ਼ ਨੂੰ ਲੋਕ ਚੰਗੀ ਜਾਂ ਮਾੜੀ ਸਮਝਦੇ ਹਨ ਉਹ ਹਰ ਵੱਖਰੇ ਇਤਿਹਾਸਕ ਪੜਾਅ 'ਤੇ ਵੱਖਰੀ ਹੁੰਦੀ ਹੈ। ਹਾਲਾਤ ਬਦਲ ਜਾਂਦੇ ਹਨ, ਲੋਕਾਂ ਦੀਆਂ ਲੋੜਾਂ ਬਦਲ ਜਾਂਦੀਆਂ ਹਨ, ਇਸ ਨਾਲ ਹੀ ਉਨ੍ਹਾਂ ਦੀ ਨੈਤਿਕਤਾ ਵੀ ਬਦਲ ਜਾਂਦੀ ਹੈ। ਇਹੋ ਗੱਲ ਵੱਖਰੀਆਂ ਵੱਖਰੀਆਂ ਸਮਾਜਕ ਜਮਾਤਾਂ ਉੱਤੇ ਵੀ ਉਸੇ ਸਮੇਂ ਲਾਗੂ ਹੁੰਦੀ ਹੈ – ਉਨ੍ਹਾਂ ਦੇ ਜੀਵਨ ਦੇ ਹਾਲਾਤ ਵੱਖ ਵੱਖ ਹੁੰਦੇ ਹਨ, ਉਨ੍ਹਾਂ ਦੇ ਨਿਸ਼ਾਨੇ ਇਕ ਦੂਜੇ ਦੇ ਵਿਰੋਧ ਵਿਚ ਹੁੰਦੇ ਹਨ, ਇਸ ਲਈ ਉਹ ਵੱਖਰੀ ਵੱਖਰੀ ਨੈਤਿਕਤਾ ਦਾ ਵਿਕਾਸ ਕਰਦੇ ਹਨ।

### ਪੂੰਜੀਵਾਦ ਅਤੇ ਮਨੁੱਖੀ ਫਿਤਰਤ

ਹੋਰਨਾਂ ਸਾਰੀਆਂ ਚੀਜ਼ਾਂ ਵਾਂਗ ਹੀ, ਪੂੰਜੀਵਾਦ ਦਾ ਆਰਥਿਕ ਢਾਂਚਾ ਵੀ ਹਮੇਸ਼ਾ ਬਦਲਦਾ ਰਹਿੰਦਾ ਹੈ। ਅੱਜ ਦਾ ਪੂੰਜੀਵਾਦ ਕਾਰਲ ਮਾਰਕਸ ਦੇ ਸਮੇਂ ਦੇ ਪੂੰਜੀਵਾਦ ਤੋਂ ਬਹੁਤ ਵੱਖਰਾ ਹੈ। ਜਦੋਂ ਮਾਰਕਸ ਨੇ 1848 ਵਿਚ ਕਮਿਊਨਿਸਟ ਮੈਨੀਫਿਸਟੋ ਲਿਖਿਆ ਸੀ ਉਸ ਵੇਲ਼ੇ ਪੂੰਜੀਵਾਦ ਪੱਛਮੀ ਯੂਰਪ ਦੇ ਕੁਝ ਹਿੱਸਿਆਂ ਅਤੇ ਉੱਤਰੀ ਅਮਰੀਕਾ ਵਿਚ ਹੀ ਸਹੀ ਤਰ੍ਹਾਂ ਸਥਾਪਤ ਹੋਇਆ ਸੀ। ਹੁਣ ਇਹ ਸਾਰੀ ਦੁਨੀਆ 'ਤੇ ਛਾਇਆ ਹੋਇਆ ਹੈ। 1848 ਵਿਚ ਪੂੰਜੀਵਾਦੀ ਪੈਦਾਵਾਰ ਦੇ ਮੁੱਖ ਭਾਗ ਛੋਟੇ ਛੋਟੇ ਕਾਰਖਾਨੇ ਸਨ ਜੋ ਕੁਝ ਵਿਅਕਤੀਆਂ ਜਾਂ ਪਰਿਵਾਰਾਂ ਦੀ ਮਲਕੀਅਤ ਸਨ। ਅੱਜ ਪੂੰਜੀਵਾਦ 'ਤੇ ਆਈ ਬੀ ਐੱਮ ਅਤੇ ਜਨਰਲ ਮੋਟਰਜ਼ ਵਰਗੀਆਂ ਵੱਡੀਆਂ ਵੱਡੀਆਂ ਬਹੁਕੌਮੀ ਕਾਰਪੋਰੇਸ਼ਨਾਂ ਦਾ ਕਬਜ਼ਾ ਹੈ।

ਜਦੋਂ ਫਰੈੱਡਰਿਕ ਐਂਗਲਜ਼ ਨੇ 1844 ਵਿਚ 'The conditions of English working class' ਲਿਖੀ ਸੀ ਤਾਂ ਮੈਨਚੈਸਟਰ ਵਿਚ ਮਜ਼ਦੂਰ, ਸਣੇ ਬੱਚਿਆਂ ਦੇ, ਕੁਝ ਪੈੱਨੀਆਂ ਬਦਲੇ ਦਿਨ ਦੇ 12 ਤੋਂ 14 ਘੰਟੇ ਕੰਮ ਕਰਦੇ ਸਨ ਅਤੇ ਖੁੱਡਿਆਂ ਵਰਗੇ ਘਰਾਂ ਵਿਚ ਰਹਿੰਦੇ ਸਨ ਜੋ ਧਰਤੀ ਵਿਚ ਛੋਟੀਆਂ ਛੋਟੀਆਂ ਮੋਰੀਆਂ ਤੋਂ ਵੱਧ ਨਹੀਂ ਸਨ। ਅੱਜ ਮੈਨਚੈਸਟਰ ਦੇ ਕਾਮਿਆਂ ਦੀ ਸਥਿਤੀ ਪਹਿਲਾਂ ਨਾਲੋਂ ਬਹੁਤ ਬਿਹਤਰ ਹੋ ਗਈ ਹੈ ਪਰ ਪਹਿਲਾਂ ਵਰਗੀਆਂ ਹਾਲਤਾਂ ਜਾਂ ਉਨ੍ਹਾਂ ਤੋਂ ਵੀ ਭੈੜੀਆਂ ਅਜੇ ਵੀ ਕਲਕੱਤੇ, ਕਾਹਿਰਾ ਅਤੇ ਰੀਓ ਡੀ ਜਨੈਰੋ ਵਿਚ ਦੇਖੀਆਂ ਜਾ ਸਕਦੀਆਂ ਹਨ।

ਪਰ ਇਨ੍ਹਾਂ ਅਤੇ ਹੋਰ ਬਹੁਤ ਸਾਰੀਆਂ ਤਬਦੀਲੀਆਂ ਦੇ ਬਾਵਜੂਦ ਇਸ ਆਰਥਿਕ ਢਾਂਚੇ ਨੂੰ ਪੂੰਜੀਵਾਦ ਦਰਸਾਉਣ ਵਾਲੀਆਂ ਕੁਝ ਮੁੱਢਲੀਆਂ ਗੱਲਾਂ ਅਜੇ ਵੀ ਕਾਇਮ ਹਨ। ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਇਹ ਹਨ:

1. ਪੈਦਾਵਾਰ ਦੇ ਕੁੰਜੀਵਤ ਸਾਧਨ (ਜਿਵੇਂ ਕਾਰਖਾਨੇ, ਜ਼ਮੀਨ, ਮਸ਼ੀਨਰੀ ਅਤੇ ਆਵਾਜਾਈ) ਜਨਸੰਖਿਆ ਦੇ ਨਿੱਕੇ ਜਿਹੇ ਹਿੱਸੇ – ਪੂੰਜੀਪਤੀਆਂ – ਦੀ ਮਲਕੀਅਤ ਹਨ ਜਾਂ ਉਨ੍ਹਾਂ ਦੇ ਕਬਜ਼ੇ ਥੱਲੇ ਹਨ।

2. ਵੱਡੀ ਗਿਣਤੀ ਲੋਕਾਂ ਨੂੰ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਅਤੇ ਕਬਜ਼ੇ ਤੋਂ ਵਿਰਵੇ ਰੱਖਿਆ ਜਾਂਦਾ ਹੈ। ਨਤੀਜੇ ਵਜੋਂ ਉਨ੍ਹਾਂ ਨੂੰ ਆਪਣੀ ਰੋਜ਼ੀ ਕਮਾਉਣ ਲਈ ਆਪਣੀ ਕੰਮ ਕਰ ਸਕਣ ਦੀ ਯੋਗਤਾ, ਜਿਸ ਨੂੰ ਉਨ੍ਹਾਂ ਦੀ ਮੁਸ਼ੱਕਤ ਦੀ ਸ਼ਕਤੀ ਕਿਹਾ ਜਾਂਦਾ ਹੈ, ਇਨ੍ਹਾਂ ਪੂੰਜੀਪਤੀਆਂ ਕੋਲ਼ ਵੇਚਣੀ ਪੈਂਦੀ ਹੈ। ਇਸ ਤੋਂ ਵੀ ਵੱਧ, ਉਨ੍ਹਾਂ ਨੂੰ ਆਪਣੀ ਮੁਸ਼ੱਕਤ ਦੀ ਸ਼ਕਤੀ ਇਸ ਕੀਮਤ 'ਤੇ ਵੇਚਣੀ ਪੈਂਦੀ ਹੈ ਜਿਸ ਨਾਲ ਪੂੰਜੀਪਤੀ ਇਸ ਵਿਚੋਂ ਫਾਇਦਾ ਉਠਾ ਸਕੇ ਅਤੇ ਇਸ ਤੋਂ ਮੁਨਾਫਾ ਕਮਾ ਸਕੇ।

3. ਪੈਦਾਵਾਰੀ ਸਾਧਨ ਵੱਖਰੇ ਵੱਖਰੇ ਪੂੰਜੀਪਤੀਆਂ (ਵਿਅਕਤੀ, ਸਮੂਹ ਜਾਂ ਪੂੰਜੀਵਾਦੀ

ਸਟੇਟ) ਦਰਮਿਆਨ ਵੰਡੇ ਹੋਏ ਹੁੰਦੇ ਹਨ ਜਿਹੜੇ ਇਕ ਦੂਜੇ ਨਾਲ ਮੁਕਾਬਲੇ ਵਿਚ ਪੈਦਾਵਾਰ ਕਰਦੇ ਹਨ। ਇਸ ਮੁਕਾਬਲੇ ਦੀ ਮਿਣਤੀ ਪੈਦਾਵਾਰ ਤੋਂ ਹੁੰਦੇ ਮੁਨਾਫੇ ਨਾਲ ਕੀਤੀ ਜਾਂਦੀ ਹੈ। ਮੁਨਾਫੇ ਲਈ ਲਗਾਤਾਰ ਚੱਲਣ ਵਾਲ਼ਾ ਇਹ ਮੁਕਾਬਲਾ ਹਰ ਪੂੰਜੀਪਤੀ ਉੱਤੇ ਇਸ ਗੱਲ ਦਾ ਦਬਾਅ ਪੈਦਾ ਕਰਦਾ ਹੈ ਕਿ ਉਹ ਆਪਣੇ ਮਜ਼ਦੂਰਾਂ ਦਾ ਜਿੰਨਾ ਵੱਧ ਤੋਂ ਵੱਧ ਸੰਭਵ ਹੋਵੇ ਸੋਸ਼ਣ ਕਰਨ।

ਪੂੰਜੀਵਾਦ ਦੇ ਹਮਾਇਤੀਆਂ ਨੇ ਹਮੇਸ਼ਾ ਇਹ ਦਲੀਲ ਦਿੱਤੀ ਹੈ ਕਿ ਇਹ ਵਰਤਾਰਾ ਕਿਸੇ ਨਾ ਕਿਸੇ ਤਰ੍ਹਾਂ "ਮਨੁੱਖੀ ਫਿਤਰਤ" ਨਾਲ ਕੋਈ ਸੰਬੰਧ ਰੱਖਦਾ ਹੈ।

ਇਸ ਦਲੀਲ ਵਿਚ ਕਿਸੇ ਸਮੇਂ ਥੋੜ੍ਹੀ ਜਿਹੀ ਸਚਾਈ ਹੁੰਦੀ ਸੀ। ਜਦੋਂ ਪੂੰਜੀਵਾਦ ਪਹਿਲਾਂ ਇਕ ਢਾਂਚੇ (system) ਵਜੋਂ ਸਾਹਮਣੇ ਆ ਰਿਹਾ ਸੀ (ਲਗਪਗ 200 ਤੋਂ 500 ਸਾਲ ਪਹਿਲਾਂ) ਇਹ ਖਾਣੇ, ਕੱਪੜੇ ਅਤੇ ਰਹਿਣ ਲਈ ਥਾਂ ਵਰਗੀਆਂ ਮੁੱਢਲੀਆਂ ਮਨੁੱਖੀ ਲੋੜਾਂ ਦੀ ਪੂਰਤੀ ਲਈ ਇਸ ਤੋਂ ਪਹਿਲੇ ਢਾਂਚੇ ਜਗੀਰਦਾਰੀ ਨਾਲੋਂ ਵੱਧ ਯੋਗਤਾ ਰੱਖਦਾ ਸੀ। ਇਸ ਤੋਂ ਬਿਨਾਂ ਬਾਕੀ ਸਭ ਕੁਝ ਤਾਂ ਪੂਰੀ ਤਰ੍ਹਾਂ ਬਕਵਾਸ ਹੈ।

ਸਭ ਤੋਂ ਪਹਿਲਾਂ ਤਾਂ ਇਹ ਦਾਅਵਾ ਕਰਨਾ ਅਹਿਮਕਾਨਾ ਹੈ ਕਿ ਲੋਕਾਂ ਵਾਸਤੇ ਪੂੰਜੀਵਾਦੀ ਢੰਗ ਨਾਲ ਵਰਤਾਅ ਕਰਨਾ "ਕੁਦਰਤੀ" ਜਾਂ ਸੁਭਾਵਕ ਹੈ, ਜਦ ਕਿ ਮਨੁੱਖੀ ਵਿਕਾਸ ਲਈ ਦੋ ਮਿਲੀਅਨ ਸਾਲ ਲੱਗੇ ਹਨ ਮਨੁੱਖ ਨੂੰ ਪੂੰਜੀਵਾਦ ਤਕ ਪਹੁੰਚਣ ਵਿਚ। ਨਾ ਆਮ ਕਰਕੇ ਵਸਤਾਂ ਦਾ ਵਪਾਰ ਨਾ ਹੀ ਮੁਸ਼ੱਕਤ ਨੂੰ ਵੇਚਣ ਖਰੀਦਣ (ਪੂੰਜੀਵਾਦ ਦੇ ਕੇਂਦਰੀ ਤੱਤ) ਵਰਗਾ ਕੁਝ ਮਨੁੱਖ ਦੇ ਵਿਕਾਸ ਦੀਆਂ ਪਹਿਲੀਆਂ ਪੱਧਰਾਂ 'ਤੇ ਕੁਦਰਤੀ ਦੁਨੀਆ ਵਿਚ ਦੇਖਣ ਨੂੰ ਮਿਲਦਾ ਹੈ।

ਇਸ ਤੋਂ ਉਲਟ, ਇਤਿਹਾਸ ਦਰਸਾਉਂਦਾ ਹੈ ਕਿ ਲੋਕ ਆਪਣੀ ਮੁਸ਼ੱਕਤ ਸ਼ਕਤੀ ਉਦੋਂ ਹੀ ਵੇਚਣ ਲਈ ਮਜਬੂਰ ਹੁੰਦੇ ਹਨ ਅਤੇ ਕਿਸੇ ਹੋਰ ਲਈ ਕੰਮ ਕਰਦੇ ਹਨ ਜਦੋਂ ਉਨ੍ਹਾਂ ਤੋਂ ਨਿੱਜ ਲਈ ਕੰਮ ਕਰਨ ਦਾ ਹੱਕ ਜ਼ਬਰਦਸਤੀ ਖੋਹ ਲਿਆ ਗਿਆ ਹੋਵੇ।

ਉਸ ਜਮਾਤ ਦਾ ਪੈਦਾ ਹੋਣਾ ਜਿਹਦੇ ਕੋਲ਼ ਦੌਲਤ ਸੀ ਜੋ ਉਹ ਪੈਦਾਵਾਰੀ ਸਾਧਨਾਂ ਵਿਚ ਕਮਾਈ ਦੇ ਇਰਾਦੇ ਨਾਲ ਲਾ ਸਕਦੇ ਸਨ ਅਤੇ ਮਜ਼ਦੂਰਾਂ ਦੀ ਕੰਮ ਕਰਨ ਦੀ ਸ਼ਕਤੀ ਨੂੰ ਵੱਡੀ ਪੱਧਰ 'ਤੇ ਖਰੀਦ ਸਕਦੇ ਸਨ, ਤੇ ਉਸ ਦੌਲਤ ਦੀ ਪ੍ਰਾਪਤੀ ਲਈ ਇਕ ਨਿਰਦਈ ਅਮਲ ਦੀ ਜ਼ਰੂਰਤ ਸੀ ਜਿਸ ਨੂੰ ਮਾਰਕਸ ਨੇ "ਦੌਲਤ ਇਕੱਠੀ ਕਰਨ ਦਾ ਪ੍ਰਾਚੀਨ ਦੌਰ" (primitive capital accumulation) ਕਿਹਾ ਸੀ। ਇਸ ਵਿਚ ਸ਼ਾਮਲ ਸਨ ਕਈ ਮਿਲੀਅਨ ਅਫਰੀਕਣਾਂ ਨੂੰ ਗ਼ੁਲਾਮ ਬਣਾ ਕੇ ਅਮਰੀਕਾ ਲਿਆਉਣਾ, ਕੇਂਦਰੀ ਤੇ ਦੱਖਣੀ ਅਮਰੀਕਾ ਦੇ ਆਦਿਵਾਸੀਆਂ ਦੇ ਵੱਡੇ ਹਿੱਸੇ ਦੀ ਨਸਲਕੁਸ਼ੀ, ਭਾਰਤ ਅਤੇ ਏਸ਼ੀਆ ਦੇ ਹੋਰ ਹਿੱਸਿਆਂ ਦੀ ਲੁੱਟ ਤੇ ਉਨ੍ਹਾਂ ਨੂੰ ਗ਼ਰੀਬੀ ਵੱਲ ਧੱਕਣਾ ਅਤੇ ਇਹਦੇ ਵਰਗੇ ਹੋਰ ਅਨੇਕਾਂ ਨਿਰਦਈ ਕੰਮ।

ਇਸ ਤੋਂ ਵੀ ਵੱਧ ਇਹ ਗੱਲ ਹੈ ਕਿ ਇਸ ਪੂੰਜੀਵਾਦੀ ਜਮਾਤ ਨੂੰ ਆਪਣੀ ਸਰਦਾਰੀ ਕਾਇਮ ਕਰਨ ਲਈ ਜਗੀਰੂ ਸਾਮੰਤਸ਼ਾਹੀ (aristocracy) ਵਿਰੁੱਧ ਕਈ ਹਿੰਸਕ ਇਨਕਲਾਬ ਕਰਨੇ ਪਏ ਤੇ ਕਈ ਯੁੱਧ ਲੜਨੇ ਪਏ। ਇਸ ਵਿਚ ਇੰਗਲੈਂਡ ਅਤੇ ਫਰਾਂਸ ਵਿਚ ਰਾਜਿਆਂ ਦੇ ਸਿਰ ਕਤਲ ਕਰਨੇ ਵੀ ਸ਼ਾਮਲ ਸਨ। ਇਸ ਲਈ ਪੂੰਜੀਵਾਦ ਦੇ ਵਿਕਾਸ ਵਿਚ ਕੁਝ ਵੀ "ਕੁਦਰਤੀ" ਨਹੀਂ ਸੀ।

ਇਹ ਗੱਲ ਵੀ ਸੱਚ ਨਹੀਂ ਕਿ ਪੂੰਜੀਵਾਦੀ ਪੈਦਾਵਾਰ ਨੂੰ ਅੱਗੇ ਤੋਰਨ ਵਾਲ਼ੀ ਸ਼ਕਤੀ ਕਿਸੇ ਵਿਅਕਤੀ ਦਾ ਖੁਦ ਦਾ ਮੁਫਾਦ ਹੁੰਦੀ ਹੈ। ਪੂੰਜੀਵਾਦੀ ਪੈਦਾਵਾਰ ਨੂੰ ਅੱਗੇ ਤੋਰਨ ਵਾਲ਼ੀ ਸ਼ਕਤੀ ਮੁਨਾਫਾ ਹੁੰਦੀ ਹੈ, ਪਰ ਇਹ ਮੁਨਾਫਾ ਸਮਾਜ ਦੀ ਸਿਰਫ ਇਕ ਛੋਟੀ ਘੱਟ ਗਿਣਤੀ, ਜੋ ਪੂੰਜੀ ਦੀ ਮਾਲਕ ਹੁੰਦੀ ਹੈ, ਦੇ ਹੀ ਹਿੱਸੇ ਆਉਂਦਾ ਹੈ। ਸਮਾਜ ਦੇ ਵੱਡੀ ਗਿਣਤੀ ਵਿਅਕਤੀਆਂ ਲਈ ਪੂੰਜੀਵਾਦ ਦਾ ਆਧਾਰ ਖੁਦ ਦੇ ਮੁਫਾਦ ਤੋਂ ਵਾਂਝਿਆਂ ਹੋਣਾ ਹੁੰਦਾ ਹੈ। ਇਸੇ ਲਈ ਧਨਾਢ ਲੋਕ ਮਜ਼ਦੂਰਾਂ ਨੂੰ ਹਰ ਵੇਲੇ ਲਾਲਚੀ ਨਾ ਬਣਨ ਦੀ ਸਿੱਖਿਆ ਦਿੰਦੇ ਰਹਿੰਦੇ ਹਨ। ਇਸੇ ਕਰਕੇ ਕੰਮ

ਦੇਣ ਵਾਲ਼ੇ ਮਾਲਕਾਂ ਨੇ ਹਮੇਸ਼ਾ ਇਸ ਕਿਸਮ ਦੇ ਕਾਨੂੰਨ ਬਣਾਉਣ ਦੀ ਕੋਸ਼ਸ਼ ਕੀਤੀ ਹੈ ਜਿਨ੍ਹਾਂ ਨਾਲ ਮਜ਼ਦੂਰਾਂ ਦੀ ਯੂਨੀਅਨਾਂ ਰਾਹੀਂ ਆਪਣੇ ਹੱਕ ਮੰਗਣ ਦੀ ਯੋਗਤਾ ਨੂੰ ਘਟਾਇਆ ਜਾ ਸਕੇ।

ਪੂੰਜੀਵਾਦ ਮਨੁੱਖੀ ਫਿਤਰਤ ਦਾ ਪ੍ਰਗਟਾਵਾ ਹੋਣ ਦੀ ਥਾਂ ਸਗੋਂ ਇਹ ਮਨੁੱਖੀ ਫਿਤਰਤ ਦੇ ਸਭ ਤੋਂ ਮਹੱਤਵਪੂਰਨ ਤੇ ਵਿਲੱਖਣ ਪੱਖ – ਮਨੁੱਖੀ ਮੁਸ਼ੱਕਤ ਕਰਨ ਦੀ ਯੋਗਤਾ – ਨੂੰ ਕਾਬੂ ਕਰਕੇ ਉਸ ਦਾ ਬੁਰੀ ਤਰ੍ਹਾਂ ਸਤਿਆਨਾਸ ਕਰ ਦਿੰਦਾ ਹੈ।

ਮਨੁੱਖੀ ਮੁਸ਼ੱਕਤ ਨੂੰ ਖਰੀਦੀ ਜਾ ਸਕਣ ਵਾਲ਼ੀ ਅਤੇ ਸ਼ੋਸ਼ਣਯੋਗ ਵਸਤ ਬਣਾ ਕੇ ਪੂੰਜੀਵਾਦ ਇਸ ਨੂੰ ਮਜ਼ਦੂਰ ਲਈ ਪਰਾਈ ਵਸਤ ਬਣਾ ਦਿੰਦਾ ਹੈ। ਇਸ ਦੀ ਥਾਂ 'ਤੇ ਕਿ ਮੁਸ਼ੱਕਤ ਉਹ ਜ਼ਰੀਆ ਬਣੇ ਜਿਸ ਰਾਹੀਂ ਇਨਸਾਨ ਕੁਦਰਤੀ ਵਸਤਾਂ ਨੂੰ ਬਦਲ ਕੇ ਆਪਣੀਆਂ ਅਤੇ ਦੂਜਿਆਂ ਦੀਆਂ ਲੋੜਾਂ ਦੀ ਪੂਰਤੀ ਕਰ ਸਕੇ, ਕੰਮ ਮਜ਼ਦੂਰ ਲਈ ਜੀਂਦੇ ਰਹਿਣ ਵਾਸਤੇ ਲੋੜੀਂਦੇ ਪੈਸੇ ਕਮਾਉਣ ਦਾ ਹੀ ਇਕ ਜ਼ਰੀਆ ਬਣ ਕੇ ਰਹਿ ਜਾਂਦਾ ਹੈ।

ਮਜ਼ਦੂਰ ਆਪਣੀ ਕਿਰਤ ਦਾ ਸਾਰਾ ਕਬਜ਼ਾ ਗੁਆ ਲੈਂਦੇ ਹਨ ਅਤੇ ਨਤੀਜੇ ਵਜੋਂ ਇਹ ਇਕ ਬੇਅਰਥਾ, ਰੂਹ ਨੂੰ ਤਬਾਹ ਕਰਨ ਵਾਲ਼ਾ ਸਿਆਪਾ, ਜਿਸਮਾਨੀ ਅਤੇ ਮਨੋ ਵਿਗਿਆਨਕ ਤੌਰ 'ਤੇ ਮਜ਼ਦੂਰ ਲਈ ਨੁਕਸਾਨ ਵਾਲ਼ੀ ਸ਼ੈਅ ਬਣ ਜਾਂਦਾ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਲੋਕ 40 ਤੋਂ 50 ਸਾਲ ਕਿਸੇ ਅਜਿਹੀ ਨੌਕਰੀ 'ਤੇ ਲਾ ਦਿੰਦੇ ਹਨ ਜਿਸ ਨੂੰ ਉਹ ਨਫਰਤ ਕਰਦੇ ਹੋਣ ਜਾਂ ਮਸੀਂ ਸਹਿ ਸਕਦੇ ਹੋਣ, ਜੋ ਉਨ੍ਹਾਂ ਨੂੰ ਪੂਰੀ ਤਰ੍ਹਾਂ ਥਕਾ ਦਿੰਦੀ ਹੈ ਤੇ ਜੀਵਨ ਖਤਮ ਕਰ ਦਿੰਦੀ ਹੈ।

ਪੂੰਜੀਵਾਦ ਵੱਡੀ ਗਿਣਤੀ ਲੋਕਾਂ ਨੂੰ ਕੰਮ ਕਰ ਸਕਣ ਦੀ ਸੰਭਾਵਨਾ ਤੋਂ ਵੀ ਮਹਿਰੂਮ ਕਰ ਦਿੰਦਾ ਹੈ, ਜੇ ਉਨ੍ਹਾਂ ਦੀ ਮਜ਼ਦੂਰੀ ਤੋਂ ਮੁਨਾਫਾ ਨਾ ਕਮਾਇਆ ਜਾ ਸਕਦਾ ਹੋਵੇ ਤਾਂ ਉਨ੍ਹਾਂ ਨੂੰ ਕੰਮ ਤੋਂ ਲਾਂਭੇ ਕਰ ਦਿੰਦਾ ਹੈ। ਇਸ ਤਰ੍ਹਾਂ ਜੋ ਚੀਜ਼ ਇਨਸਾਨ ਦੀ ਫਿਤਰਤ ਦਾ ਧੁਰਾ ਹੈ ਜੋ "ਪ੍ਰਾਚੀਨ" ਸ਼ਿਕਾਰੀ ਤੇ ਖਾਣਾ ਇਕੱਠਾ ਕਰਨ ਵਾਲ਼ੇ ਲੋਕਾਂ ਦੇ ਸਮੇਂ ਦੌਰਾਨ ਹਰ ਵਿਅਕਤੀ ਲਈ ਮੌਜੂਦ ਹੁੰਦੀ ਸੀ – ਫਾਇਦੇ ਵਾਲ਼ੀ ਸਮਾਜਕ ਮਜ਼ਦੂਰੀ ਵਿਚ ਹਿੱਸਾ ਲੈਣ ਦੇ ਮੌਕੇ – ਹੁਣ ਲੱਖਾਂ ਲੋਕਾਂ ਨੂੰ ਇਨ੍ਹਾਂ ਤੋਂ ਵਾਂਝਿਆਂ ਰੱਖਿਆ ਜਾਂਦਾ ਹੈ।

ਮਜ਼ਦੂਰੀ ਦੀ ਅਲਹਿਦਗੀ ਸਿਰਫ ਕੰਮ ਦੀ ਥਾਂ 'ਤੇ ਹੀ ਅਸਰ ਨਹੀਂ ਕਰਦੀ, ਇਹ ਸਾਰੇ ਸਮਾਜਕ ਰਿਸ਼ਤਿਆਂ 'ਤੇ ਅਸਰ ਕਰਦੀ ਹੈ। ਕਾਮਿਆਂ ਦੇ ਆਪਸੀ ਰਿਸ਼ਤੇ, ਮਾਪਿਆਂ ਅਤੇ ਬੱਚਿਆਂ ਦਰਮਿਆਨ ਰਿਸ਼ਤੇ, ਮਰਦਾਂ ਅਤੇ ਔਰਤਾਂ ਦਰਮਿਆਨ ਰਿਸ਼ਤੇ, ਪਿਆਰ ਅਤੇ ਕਾਮੁਕ ਰਿਸ਼ਤੇ ਸਾਰੇ ਹੀ ਰਿਸ਼ਤੇ ਤੋੜੇ ਮਰੋੜੇ ਜਾਂਦੇ ਹਨ ਅਤੇ ਖਰਾਬ ਹੋ ਜਾਂਦੇ ਹਨ।

ਲੋਕ ਇਕ ਦੂਜੇ ਨਾਲ ਇਨਸਾਨਾਂ ਵਾਂਗ ਨਹੀਂ ਸਗੋਂ ਵਸਤਾਂ ਵਾਂਗ ਵਰਤਾਅ ਕਰਦੇ ਹਨ, ਜਿਨ੍ਹਾਂ ਨੂੰ ਵਰਤਿਆ ਜਾ ਸਕਦਾ ਹੋਵੇ ਅਤੇ ਮਰਜ਼ੀ ਨਾਲ ਮਰੋੜਿਆ ਤਰੋੜਿਆ ਜਾ ਸਕਦਾ ਹੋਵੇ। ਕਾਮ (sex) ਵੀ ਇਕ ਵਸਤ ਬਣ ਕੇ ਰਹਿ ਜਾਂਦਾ ਹੈ ਅਤੇ ਇਸ ਨੂੰ ਹੋਰ ਵਸਤਾਂ ਵੇਚਣ ਲਈ ਵਰਤਿਆ ਜਾਂਦਾ ਹੈ। ਬਹੁਤੀ ਵਾਰੀ ਜੀਵਨ ਵਿਚ ਬਹੁਤ ਥੱਲੇ ਲੱਗੇ ਅਤੇ ਅਲਹਿਦਗੀ ਦੇ ਸ਼ਿਕਾਰ ਵਿਅਕਤੀ ਆਪਣੀ ਕਮਜ਼ੋਰੀ ਅਤੇ ਕੰਮ 'ਤੇ ਜਾਂ ਸਮਾਜ ਵਿਚ ਬਾਹਰੀ ਦਬਾਅ ਨੂੰ ਭੁਲਾਉਣ ਲਈ ਜਾਂ ਬਰਾਬਰ ਹੋਣ ਲਈ ਆਪਣੇ ਤੋਂ ਕਮਜ਼ੋਰ ਵਿਅਕਤੀਆਂ ਨੂੰ ਧਮਕਾਉਂਦੇ ਹਨ, ਗਾਲ਼ੀ ਗਲੋਚ ਕਰਦੇ ਹਨ।

ਇਸ ਵਿਚ ਕੁਝ ਵੀ ਕੁਦਰਤੀ ਨਹੀਂ ਹੈ, ਨਾ ਹੀ ਇਹ ਮਨੁੱਖੀ ਫਿਤਰਤ ਦੀ ਪੈਦਾਵਾਰ ਹੈ। ਇਹ ਇਕ ਅਜਿਹੇ ਢਾਂਚੇ ਦੀ ਪੈਦਾਵਾਰ ਹੈ ਜੋ ਮਨੁੱਖੀ ਫਿਤਰਤ ਦੀ ਉਲੰਘਣਾ ਕਰਦਾ ਹੈ।

ਅਖੀਰ ਵਿਚ, ਪੂੰਜੀਵਾਦ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਵਿਚ ਵੀ ਬੁਰੀ ਤਰ੍ਹਾਂ ਅਸਫਲ ਹੈ – ਪਾਣੀ ਦੀ ਲੋੜ, ਖਾਣਾ, ਕੱਪੜੇ ਅਤੇ ਛੱਤ। ਖਾਣੇ ਦੀ ਪੈਦਾਵਾਰ ਹਰ ਸਾਲ ਵਧਦੀ ਜਨਸੰਖਿਆ ਤੋਂ ਵੀ ਵਾਧੂ ਹੁੰਦੀ ਹੈ ਅਤੇ ਹਰ ਸਾਲ "ਦੁੱਧ ਦੀਆਂ ਝੀਲਾਂ" ਅਤੇ "ਦਾਣਿਆਂ ਦੇ ਪਹਾੜ" ਬਣਾਏ ਜਾਂਦੇ ਹਨ। ਫੇਰ ਵੀ ਕਰੋੜਾਂ ਲੋਕ ਭੁੱਖੇ ਰਹਿੰਦੇ ਹਨ ਅਤੇ ਲੱਖਾਂ ਭੁੱਖਮਰੀ ਦਾ

ਸ਼ਿਕਾਰ ਹੁੰਦੇ ਹਨ। ਅਣਗਿਣਤ ਲੱਖਾਂ ਲੋਕ ਬੀਮਾਰੀਆਂ ਤੋਂ ਦੁੱਖ ਪਾਉਂਦੇ ਹਨ ਅਤੇ ਮਰ ਜਾਂਦੇ ਹਨ, ਬੀਮਾਰੀਆਂ ਜਿਨ੍ਹਾਂ ਦਾ ਸੁਖਾਲਿਆਂ ਹੀ ਇਲਾਜ ਕੀਤਾ ਜਾ ਸਕਦਾ ਹੈ। ਅਮਰੀਕਾ ਵਰਗੇ ਅਮੀਰ ਮੁਲਕਾਂ ਵਿਚ ਹਰ ਕਿਸਮ ਦੇ ਆਲੀਸ਼ਾਨ ਤੇ ਆਰਾਮਦਾਇਕ ਹੋਟਲ ਬਣਾਉਣ ਵਾਸਤੇ ਸੋਮੇ ਹਨ ਪਰ ਦੂਜੇ ਪਾਸੇ ਲੋਕ ਹੋਰਨਾਂ ਦੇ ਦਰਾਂ ਵਿਚ ਸੁੱਤੇ ਪਏ ਹੁੰਦੇ ਹਨ ਕਿਉਂਕਿ ਉਨ੍ਹਾਂ ਕੋਲ਼ ਸੌਣ ਵਾਸਤੇ ਮੰਜਾ ਨਹੀਂ ਹੁੰਦਾ।

ਇਹ ਨਾ ਤਾਂ ਕੁਦਰਤੀ ਹੈ ਤੇ ਨਾ ਹੀ ਕੁਦਰਤ ਦੁਆਰਾ ਲਾਗੂ ਕੀਤਾ ਜਾਂਦਾ ਹੈ। ਕਾਲਾਹਾਰੀ ਦੇ ਮਾਰੂਥਲ ਵਿਚ ਵਸਣ ਵਾਲ਼ੇ ਅਖੌਤੀ “ਪ੍ਰਾਚੀਨ” (primitive) ਜਾਂਗਲ਼ੀ ਖ਼ੁਸ਼ਕ ਧਰਤੀ ’ਤੇ ਰਹਿੰਦੇ ਹੋਏ ਵੀ ਸ਼ਿਕਾਰ ਅਤੇ ਖਾਣ ਵਾਲੀਆਂ ਵਸਤਾਂ ਇਕੱਤਰ ਕਰਕੇ ਖ਼ੁਦ ਲਈ ਬਿਹਤਰ ਖਾਣੇ ਦਾ ਪ੍ਰਬੰਧ ਕਰ ਲੈਂਦੇ ਹਨ, ਉਨ੍ਹਾਂ ਦੇ ਮੁਕਾਬਲੇ ਅੱਜੋਕੇ ਮਹਾਨ ਸ਼ਹਿਰਾਂ ਦੇ ਅੰਦਰ ਬਾਹਰ ਬਹੁਤ ਲੋਕ ਸਿਸਟਮ ਵੱਲੋਂ ਪੈਦਾ ਕੀਤੇ ਗਏ ਕਾਲ਼ਾਂ ਤੇ ਭੁੱਖਮਰੀਆਂ ਦੇ ਸ਼ਿਕਾਰ ਹੋ ਕੇ ਦਮ ਤੋੜ ਜਾਂਦੇ ਹਨ ਜਾਂ ਮਸੀਂ ਜੀਣ ਜੋਗਾ ਕੁਝ ਹਾਸਲ ਕਰ ਸਕਦੇ ਹਨ। ਬਰਫੀਲੇ ਉੱਤਰੀ ਇਲਾਕਿਆਂ ਵਿਚ ਰਹਿਣ ਵਾਲ਼ੇ ਇਨੁਇਟ ਲੋਕ ਬਰਫ ਦੀਆਂ ਇੱਟਾਂ ਘੜ ਕੇ ਖ਼ੁਦ ਲਈ ਬਿਹਤਰ ਨਿੱਘਾ ਘਰ ਸਿਰਜ ਲੈਂਦੇ ਹਨ, ਉਨ੍ਹਾਂ ਦੇ ਮੁਕਾਬਲੇ ਅਮਰੀਕਾ ਦੇ ਵੱਡੇ ਸ਼ਹਿਰਾਂ ਵਿਚ ਬੇਘਰੇ ਲੋਕ ਖ਼ੁਦ ਨੂੰ ਗੱਤਿਆਂ ਵਿਚ ਲਪੇਟ ਕੇ ਸੌਂਦੇ ਹਨ।

ਇਹ ਬਰਬਰਤਾ ਉਤਪੰਨ ਹੁੰਦੀ ਹੈ ਕਿਉਂਕਿ ਪੂੰਜੀਵਾਦ ਢਾਂਚੇ ਵਿਚ ਜੀਵਨ ਲਈ ਲੋੜੀਂਦੀਆਂ ਵਸਤਾਂ ਤਕ ਪਹੁੰਚ ਲਈ ਤੁਹਾਡੇ ਕੋਲ਼ ਖਰੀਦ ਸਕਣ ਦੀ ਸ਼ਕਤੀ ਹੋਣੀ ਚਾਹੀਦੀ ਹੈ ਜਦ ਕਿ ਉਸੇ ਵੇਲ਼ੇ ਇਹ ਖ਼ੁਦ ਹੀ ਯਕੀਨੀ ਬਣਾਉਂਦਾ ਹੈ ਕਿ ਵੱਡੀ ਗਿਣਤੀ ਲੋਕਾਂ ਕੋਲ਼ ਇਹ ਖਰੀਦ ਸਕਣ ਦੀ ਸ਼ਕਤੀ ਨਾ ਹੋਵੇ।

ਆਪਣੀ ਮੁਨਾਫੇ ਦੀ ਅੰਨ੍ਹੀ ਦੌੜ ਵਿਚ ਪੂੰਜੀਵਾਦ ਹਵਾ ਅਤੇ ਪਾਣੀ ਨੂੰ ਵੀ ਦੂਸ਼ਤ ਕਰ ਰਿਹਾ ਹੈ ਅਤੇ ਉਸ ਕੁਦਰਤੀ ਵਾਤਾਵਰਣ ਨੂੰ ਤਬਾਹ ਕਰਨ ਦਾ ਵੀ ਡਰ ਪੈਦਾ ਕਰ ਰਿਹਾ ਹੈ ਜਿਸ ਕਾਰਨ ਮਨੁੱਖੀ ਹੋਂਦ ਸੰਭਵ ਹੋਈ ਅਤੇ ਚੱਲ ਰਹੀ ਹੈ।

### ਸਮਾਜਵਾਦ ਅਤੇ ਮਨੁੱਖੀ ਫਿਤਰਤ

ਜੇ ਮਨੁੱਖੀ ਫਿਤਰਤ ਦੇ ਨਜ਼ਰੀਏ ਤੋਂ ਪੂੰਜੀਵਾਦ ਸਿੱਧੇ ਤੌਰ ’ਤੇ ਕਸੂਰਵਾਰ ਹੈ ਤਾਂ ਸਮਾਜਵਾਦ ਬਾਰੇ ਕੀ ਰਾਏ ਹੈ?

ਜੇ ਅਸੀਂ ਘੱਟੋ ਘੱਟ ਮੁੱਢਲੀ ਮਨੁੱਖੀ ਫਿਤਰਤ ਦੀ ਹੋਂਦ ਨੂੰ ਮੰਨ ਲਈਏ, ਕੀ ਇਹ ਸੰਭਵ ਨਹੀਂ ਹੈ ਕਿ ਇਸ ਮਨੁੱਖੀ ਫਿਤਰਤ ਦੇ ਧੁਰ ਅੰਦਰ ਕਿਤੇ ਛੁਪੀ ਕੋਈ ਖੂਬੀ ਜਾਂ ਲੱਛਣ ਅਜਿਹੇ ਸਮਾਜ ਦੀ ਪ੍ਰਾਪਤੀ ਵਿਚ ਰੋੜਾ ਬਣ ਜਾਵੇ ਜਿੱਥੇ ਜਮਾਤਾਂ ਨਹੀਂ ਹੋਣਗੀਆਂ ਅਤੇ ਸਮਾਜ ਵਿਚ ਪੂਰੀ ਬਰਾਬਰੀ ਹੋਵੇਗੀ ਅਤੇ ਪੂਰਨ ਆਜ਼ਾਦੀ ਹੋਵੇਗੀ? ਕੀ ਇਸ ਕਿਸਮ ਦੀ ਕੋਈ ਤਾਕਤ ਲਈ ਮੁੱਢਲੀ ਖਾਹਿਸ਼ ਜਾਂ ਦੂਜਿਆਂ ’ਤੇ ਸਰਦਾਰੀ ਦੀ ਲੋੜ ਹੋਵੇਗੀ, ਜਿਸ ਨਾਲ ਸਮਾਜ ਹਮੇਸ਼ਾ ਰਾਜ ਕਰਨ ਵਾਲਿਆਂ ਅਤੇ ਕਮਜ਼ੋਰਾਂ ਵਿਚ ਵੰਡਿਆ ਰਹੇਗਾ? ਕੀ ਇਹ ਸੰਭਵ ਹੈ ਕਿ ਵਿਅਕਤੀਆਂ ਦਰਮਿਆਨ ਪਾਈ ਜਾਂਦੀ ਕੁਦਰਤੀ ਜਿਸਮਾਨੀ ਨਾਬਰਾਬਰੀ ਸਮਾਜਕ ਬਰਾਬਰੀ ਅੱਗੇ ਨਾ ਹਟਾਈ ਜਾ ਸਕਣ ਵਾਲ਼ੀ ਕੰਧ ਬਣ ਜਾਵੇ?

ਅਸੀਂ ਇਨ੍ਹਾਂ ਅਤੇ ਇਨ੍ਹਾਂ ਵਰਗੇ ਹੋਰ ਸਵਾਲਾਂ ਦਾ ਜਵਾਬ ਇਕ ਸਾਧਾਰਨ ਤੱਥ ਨਾਲ ਦੇ ਸਕਦੇ ਹਾਂ। ਇਹ ਹੈ ਕਿ ਹਜ਼ਾਰਾਂ ਸਾਲਾਂ ਤੋਂ ਹੀ ਨਹੀਂ ਸ਼ਾਇਦ ਲੱਖਾਂ ਸਾਲਾਂ ਤੋਂ ਮਨੁੱਖ ਅਜਿਹੇ ਸਮਾਜਾਂ ਵਿਚ ਰਹੇ ਹਨ ਜਿੱਥੇ ਨਿੱਜੀ ਮਲਕੀਅਤ ਨਹੀਂ ਸੀ, ਜਮਾਤੀ ਵੰਡ ਨਹੀਂ ਸੀ, ਨਾ ਕੋਈ ਰਾਜ ਕਰਨ ਵਾਲ਼ਾ ਸੀ ਤੇ ਨਾ ਹੀ ਸਰਕਾਰ ਜਾਂ ਸਟੇਟ ਸੀ।

ਪੁਰਾਤਤਵ (archeological) ਲੱਭਤਾਂ ਇਹ ਦਰਸਾਉਂਦੀਆਂ ਹਨ ਕਿ ਮਨੁੱਖ ਦੇ ਹੱਥਾਂ ਨਾਲ

ਬਣਾਏ ਸੰਦ - ਪੱਥਰ ਦੇ ਖੁਰਚਣ ਵਾਲ਼ੇ ਸੰਦ - ਦੇ ਬਣਾਉਣ ਦਾ ਸਮਾਂ ਢਾਈ ਮਿਲੀਅਨ ਸਾਲ ਪਹਿਲਾਂ ਦੱਸਿਆ ਜਾਂਦਾ ਹੈ। ਉਦੋਂ ਤੋਂ ਲੈ ਕੇ ਦਸ ਹਜ਼ਾਰ ਸਾਲ ਪਹਿਲਾਂ ਖੇਤੀਬਾੜੀ ਦੇ ਵਿਕਾਸ ਤਕ ਲੋਕ ਪਹਿਲਾਂ ਆਸੇ ਪਾਸੇ ਤੋਂ ਚੀਜ਼ਾਂ ਲੱਭ ਕੇ ਖਾਣ ਵਾਲ਼ੇ ਹੀ ਸਨ ਅਤੇ ਜਾਂ ਫੇਰ ਜਥੇਬੰਦ ਸ਼ਿਕਾਰੀ ਅਤੇ ਖਾਣ ਵਾਲੀਆਂ ਵਸਤਾਂ ਇਕੱਤਰ ਕਰਨ ਵਾਲ਼ੇ ਜਿਹੜੇ ਬਹੁਤੀ ਵਾਰੀ ਛੋਟੇ ਛੋਟੇ ਟੱਪਰੀਵਾਸ ਗਰੁੱਪਾਂ ਵਿਚ ਵਿਚਰਦੇ ਸਨ।

ਇਸ ਸਮੇਂ ਦੌਰਾਨ ਫਸਲਾਂ ਦੀ ਕੋਈ ਯੋਜਨਾ ਨਹੀਂ ਸੀ ਬਣਾਈ ਜਾਂਦੀ, ਨਾ ਹੀ ਕੋਈ ਬਰਤਣ ਆਦਿ ਸਨ ਤੇ ਨਾ ਹੀ ਆਉਣ-ਜਾਣ ਦਾ ਕੋਈ ਜ਼ਰੀਆ। ਉਸ ਵੇਲ਼ੇ ਭਾਈਚਾਰੇ ਲਈ ਜਾਂ ਵਿਅਕਤੀ ਲਈ ਇਹ ਸੰਭਵ ਨਹੀਂ ਸੀ ਕਿ ਨਿੱਤ ਦੀਆਂ ਜੀਵਨ ਲਈ ਲੋੜੀਂਦੀਆਂ ਵਸਤਾਂ ਤੋਂ ਕਿਸੇ ਕਿਸਮ ਦਾ ਕੁਝ ਵਾਧੂ (surplus) ਪੈਦਾ ਕਰ ਸਕੇ।

ਇਸ ਕਿਸਮ ਦੀਆਂ ਵਾਧੂ ਵਸਤਾਂ (surplus) ਤੋਂ ਬਗ਼ੈਰ ਸਮਾਜ ਦੀ ਜਮਾਤਾਂ ਵਿਚ ਵੰਡ ਹੋਣੀ ਸੰਭਵ ਨਹੀਂ ਸੀ, ਜਿੱਥੇ ਥੱਲੇ ਵਾਲ਼ੇ ਮੁਸ਼ੱਕਤ ਕਰਨ ਵਾਲ਼ੇ ਲੋਕਾਂ ਦੀ ਕਮਾਈ ’ਤੇ ਉੱਪਰ ਬੈਠੇ ਲੋਕ ਮੁਫਤ ਵਿਚ ਖਾਂਦੇ ਹੋਣ। ਨਾ ਹੀ ਕੋਈ ਸਾਰਾ ਸਮਾਂ (full time) ਰਾਜ ਵਾਲ਼ੀ ਤਾਕਤ ਹੋ ਸਕਦੀ ਸੀ ਜਿਹਦੇ ਕੋਲ਼ ਉਨ੍ਹਾਂ ਦੇ ਇਸ਼ਾਰਿਆਂ ’ਤੇ ਚੱਲਣ ਵਾਲ਼ੇ ਵਿਸ਼ੇਸ਼ ਹਥਿਆਰਾਂ ਵਾਲ਼ੇ ਮਨੁੱਖ ਹੋਣ, ਉਨ੍ਹਾਂ ਦੀ ਤਾਕਤ ਦੀ ਹਿਫਾਜ਼ਤ ਕਰਨ ਵਾਸਤੇ। ਹਰ ਕੋਈ ਜੀਵਨ ਲਈ ਲੋੜੀਂਦੀਆਂ ਵਸਤਾਂ ਪੈਦਾ ਕਰਨ ਵਿਚ ਰੁੱਝਿਆ ਹੋਇਆ ਸੀ। ਇਸ ਲਈ ਮਨੁੱਖਾਂ ਦੇ ਇਸ ਧਰਤੀ ਦੇ ਵਾਸ ਦੇ 99% ਸਮੇਂ ਦੌਰਾਨ ਉਹ ਜਮਾਤ-ਰਹਿਤ ਭਾਈਚਾਰਿਆਂ ਵਿਚ ਰਹਿੰਦਾ ਰਿਹਾ ਹੈ।

ਜਮਾਤ-ਰਹਿਤ ਸਮਾਜਾਂ ਦੇ ਹੋਣ ਬਾਰੇ ਸਿਰਫ ਪੁਰਾਤਤਵ ਲੱਭਤਾਂ ਤੋਂ ਮਿਲਦੇ ਸੰਕੇਤਾਂ ਬਾਰੇ ਜਾਨਣ ਜਾਂ ਤਰਕ ਨਾਲ ਕੀਤੇ ਫੈਸਲੇ ਦੀ ਹੀ ਗੱਲ ਨਹੀਂ। ਕੁਝ ਦੇਰ ਪਹਿਲਾਂ ਤਕ ਕਾਫੀ ਗਿਣਤੀ ਵਿਚ ਸ਼ਿਕਾਰ ਕਰਨ ਵਾਲ਼ੇ ਤੇ ਵਸਤਾਂ ਇਕੱਤਰ ਕਰਨ ਵਾਲ਼ੇ ਲੋਕ ਅਜੇ ਜਿਉਂਦੇ ਸਨ ਜਿਨ੍ਹਾਂ ਨੂੰ ਆਧੁਨਿਕ ਮਾਨਵ-ਵਿਗਿਆਨੀਆਂ (anthropologists) ਵੱਲੋਂ ਦੇਖਿਆ ਗਿਆ ਅਤੇ ਉਨ੍ਹਾਂ ਬਾਰੇ ਜਾਣਿਆਂ ਗਿਆ। ਇਸ ਦੀ ਇਕ ਚੰਗੀ ਉਦਾਹਰਣ ਅਫਰੀਕਾ ਦੇ ਕਾਲਾਹਾਰੀ ਕੁੰਗ ਸੈਨ ਲੋਕ ਹਨ ਜਿਨ੍ਹਾਂ ਬਾਰੇ ਬਹੁਤ ਸਾਰੇ ਮਾਨਵ-ਵਿਗਿਆਨੀਆਂ ਨੇ ਅਧਿਅਨ ਕੀਤਾ ਹੈ, ਖਾਸ ਕਰ ਅਮਰੀਕਾ ਦੇ ਰਿਚਰਡ ਲੀਅ ਨੇ।

ਕੁੰਗ ਲੋਕ ਕਾਲਾਹਾਰੀ ਰੇਗਸਤਾਨ ਵਿਚ ਘੱਟੋ ਘੱਟ ਦਸ ਹਜ਼ਾਰ ਸਾਲ ਤੋਂ ਰਹਿ ਰਹੇ ਹਨ। ਉਹ 30 ਕੁ ਵਿਅਕਤੀਆਂ ਵਾਲ਼ੇ ਛੋਟੇ ਛੋਟੇ ਗਰੁੱਪਾਂ ਵਿਚ ਰਹਿੰਦੇ ਹਨ ਅਤੇ ਹਰ ਦੋ ਹਫਤਿਆਂ ਬਾਅਦ ਉਹ ਆਪਣਾ ਰਹਿਣ ਵਾਲ਼ਾ ਥਾਂ ਬਦਲਦੇ ਰਹਿੰਦੇ ਹਨ। ਉਹ ਭੌਤਿਕ ਵਸਤਾਂ ਦੇ ਰੂਪ ਵਿਚ ਬਹੁਤ ਘੱਟ ਇਕੱਠਾ ਕਰਦੇ ਹਨ, ਓਨਾ ਹੀ ਇਕੱਠਾ ਕਰਦੇ ਹਨ ਜਿੰਨਾ ਕੁ ਨਾਲ ਲੈ ਕੇ ਜਾ ਸਕਦੇ ਹੋਣ, ਉਸ ਤੋਂ ਵਾਧੂ ਨਹੀਂ। ਪਰ ਉਨ੍ਹਾਂ ਕੋਲ਼ ਬਹੁਤ ਅਮੀਰ ਜ਼ਬਾਨੀ ਸਭਿਆਚਾਰ ਸਾਂਭਿਆ ਹੁੰਦਾ ਹੈ। ਆਲ਼ੇ ਦੁਆਲ਼ੇ ਬਾਰੇ ਵਿਸਥਾਰ ਵਿਚ ਗਿਆਨ ਉਨ੍ਹਾਂ ਨੂੰ ਇਸ ਕਾਬਲ ਬਣਾਉਂਦਾ ਹੈ ਕਿ ਉਹ ਦਿਨ ਪ੍ਰਤੀ ਦਿਨ ਆਪਣਾ ਰਹਿਣ ਦਾ ਇਕ ਪੱਧਰ ਕਾਇਮ ਰੱਖ ਸਕਦੇ ਹਨ। ਜਿਹੜਾ ਖਾਣਾ ਸ਼ਿਕਾਰ ਨਾਲ ਤੇ ਵਸਤਾਂ ਇਕੱਠੀਆਂ ਕਰਨ ਨਾਲ ਹਾਸਿਲ ਹੁੰਦਾ ਹੈ ਉਹ ਭਾਈਚਾਰੇ ਵਿਚ ਸਾਂਝਾ ਕੀਤਾ ਜਾਂਦਾ ਹੈ। ਲੀਅ ਇਸ ਬਾਰੇ ਲਿਖਦਾ ਹੈ:

*“ਕੁੰਗ ਸਮਾਜ ਦੇ ਲੋਕਾਂ ਵਿਚ ਪਰਿਵਾਰ ਵਿਚ ਅਤੇ ਦੂਜੇ ਪਰਿਵਾਰਾਂ ਨਾਲ ਵਸਤਾਂ ਸਾਂਝੀਆਂ ਕਰਨ ਦੇ ਰੁਝਾਨ ਦਾ ਉਨ੍ਹਾਂ ਦੇ ਵਰਤਾਅ ਅਤੇ ਕਦਰਾਂ-ਕੀਮਤਾਂ ’ਤੇ ਡੂੰਘਾ ਅਸਰ ਹੈ, ਉਸੇ ਤਰ੍ਹਾਂ ਜਿਸ ਤਰ੍ਹਾਂ ਪੂੰਜੀਵਾਦੀ ਸਮਾਜ ਦੀ ਨੈਤਿਕਤਾ ਵਿਚ ਮੁਨਾਫਾ ਤੇ ਤਰਕਸ਼ੀਲਤਾ ਕੇਂਦਰੀ ਗੱਲਾਂ ਹਨ। ਇਸੇ ਤਰ੍ਹਾਂ ਹੀ ਵਸਤਾਂ ਨੂੰ ਆਪਸ ਵਿਚ ਵੰਡਣਾ ਸ਼ਿਕਾਰ ਤੇ ਵਸਤਾਂ ਇਕੱਤਰ ਕਰਨ ਵਾਲ਼ੇ ਸਮਾਜ ਦੀ ਨੈਤਿਕਤਾ ਵਿਚ ਕੇਂਦਰੀ ਗੱਲਾਂ ਹਨ।*

*ਕੁੰਗ ਬਹੁਤ ਜ਼ਿਆਦਾ ਸਮਾਨਤਾ (egalitarian) ਦੇ ਖਿਆਲ ਵਾਲ਼ੇ ਲੋਕ ਹਨ। ਉਨ੍ਹਾਂ*

*ਦਰਮਿਆਨ ਨਾ ਸਿਰਫ ਅਮੀਰਾਂ ਤੇ ਗ਼ਰੀਬਾਂ ਦਾ ਪਾੜਾ ਹੀ ਗ਼ਾਇਬ ਨਹੀਂ, ਉਨ੍ਹਾਂ ਦੇ ਕੋਈ ਸਰਦਾਰ ਜਾਂ ਆਗੂ ਵੀ ਨਹੀਂ ਹੁੰਦੇ। ਲੀਅ ਨੇ ਇਕ ਵਾਰ ਉਨ੍ਹਾਂ ਨੂੰ ਪੁੱਛਿਆ ਕਿ ਕੀ ਕੁੰਗ ਕਬੀਲੇ ਦੇ ਕੋਈ ਸਰਦਾਰ, ਹੈੱਡਮੈੱਨ ਵੀ ਹਨ। ਉਨ੍ਹਾਂ ਦਾ ਜਵਾਬ ਸੀ ਕਿ "ਬਿਲਕੁਲ ਸਾਡੇ ਹੈੱਡਮੈੱਨ ਹੁੰਦੇ ਹਨ। ਅਸਲ ਵਿਚ ਅਸੀਂ ਸਾਰੇ ਹੀ ਹੈੱਡਮੈੱਨ ਹਾਂ; ਸਾਡੇ ਵਿਚੋਂ ਹਰ ਕੋਈ ਖੁਦ ਉੱਪਰ ਹੈੱਡਮੈਨ ਹੈ।"*

ਰਿਚਰਡ ਲੀਅ ਨੇ ਕੁੰਗ ਕਬੀਲੇ ਲੋਕਾਂ ਨਾਲ ਕੀਤੀ ਖੋਜ ਦੇ ਕਾਰਜ ਅਤੇ ਹੋਰ ਸ਼ਿਕਾਰ ਕਰਨ ਤੇ ਇਕੱਤਰ ਕਰਨ ਵਾਲ਼ੇ ਕਬੀਲਿਆਂ ਬਾਰੇ ਇਕੱਠੇ ਕੀਤੇ ਗਿਆਨ ਨੂੰ ਸੰਖੇਪ ਵਿਚ ਦੱਸਦਿਆਂ ਲਿਖਿਆ:

*ਭਾਈਚਾਰਕ ਤੌਰ 'ਤੇ ਖਾਣੇ ਨੂੰ ਸਾਂਝਾ ਕਰਨ ਦਾ ਇਹ ਤੱਥ ਜੋ ਪਿਛਲੇ ਕੁਝ ਸਾਲਾਂ ਦੌਰਾਨ ਸਿੱਧੇ ਤੌਰ 'ਤੇ ਕੁੰਗ ਅਤੇ ਦਰਜਨਾਂ ਹੋਰ ਭੋਜਨ ਇਕੱਤਰ ਕਰਨ ਵਾਲ਼ੇ ਸਮੂਹਾਂ ਵਿਚ ਦੇਖਿਆ ਗਿਆ ਹੈ, ਇਹ ਅਜਿਹੀ ਲੱਭਤ ਹੈ ਜਿਸ ਨੂੰ ਹੌਲਿਆਂ ਜਾਂ ਸਰਸਰੀ ਨਜ਼ਰੇ ਨਹੀਂ ਦੇਖਿਆ ਜਾਣਾ ਚਾਹੀਦਾ। ਇਹ ਇਨ੍ਹਾਂ ਭੋਜਨ ਇਕੱਤਰ ਕਰਨ ਵਾਲ਼ੇ ਸਮੂਹਾਂ ਵਿਚਲੀ ਸਰਵਵਿਆਪਕਤਾ (universality) ਹੈ ਜੋ ਮਾਰਕਸ ਤੇ ਐਂਗਲਜ਼ ਦੇ ਸਿਧਾਂਤ ਦੀ ਪੁਰਜ਼ੋਰ ਪ੍ਰੋੜਤਾ ਕਰਦੀ ਹੈ ਕਿ ਰਾਜ (state) ਦੇ ਉਤਪੰਨ ਹੋਣ ਅਤੇ ਸਮਾਜ ਦੇ ਜਮਾਤਾਂ ਵਿਚ ਵੰਡੇ ਜਾਣ ਤੋਂ ਪਹਿਲਾਂ ਪ੍ਰਾਚੀਨ ਕਮਿਊਨਿਜ਼ਮ ਦੀ ਇਕ ਅਵਸਥਾ ਪ੍ਰਚੱਲਤ ਸੀ। ...*

ਇਕ ਸੱਚੀ ਮੁੱਚੀ ਭਾਈਚਾਰੇ ਵਾਲ਼ੀ ਜ਼ਿੰਦਗੀ ਨੂੰ ਅਕਸਰ ਸੁਪਨਦਰਸ਼ੀ (utopian) ਕਹਿ ਕੇ ਰੱਦ ਕਰ ਦਿੱਤਾ ਜਾਂਦਾ ਹੈ, ਜਿਸ ਨੂੰ ਇਕ ਸਿਧਾਂਤ ਵਜੋਂ ਤਾਂ ਮਾਨਤਾ ਦੇ ਦਿੱਤੀ ਜਾਂਦੀ ਹੈ ਪਰ ਅਮਲ ਵਿਚ ਇਸ ਨੂੰ ਪਹੁੰਚ ਤੋਂ ਪਰੇ ਦੀ ਗੱਲ ਸਮਝਿਆ ਜਾਂਦਾ ਹੈ। ਪਰ ਭੋਜਨ ਇਕੱਤਰ ਕਰਨ ਵਾਲ਼ੇ ਸਮੂਹਾਂ ਦੇ ਸਬੂਤ ਸਾਨੂੰ ਵੱਖਰਾ ਸੁਨੇਹਾ ਦਿੰਦੇ ਹਨ। ਸਾਂਝ ਨਾਲ ਜੀਵਨ ਜੀਣ ਦੀ ਗੱਲ ਸੰਭਵ ਹੀ ਨਹੀਂ ਸਗੋਂ ਇਹ ਅਸਲੀਅਤ ਵਿਚ ਦੁਨੀਆ ਦੇ ਬਹੁਤ ਸਾਰੇ ਹਿੱਸਿਆਂ ਵਿਚ ਲੰਮੇ ਸਮੇਂ ਤਕ ਕਾਇਮ ਰਹੀ ਹੈ।

ਇਹ ਸਬੂਤ ਪੇਸ਼ ਕਰਨ ਦਾ ਮਕਸਦ ਇਹ ਸੁਝਾਅ ਦੇਣਾ ਨਹੀਂ ਕਿ ਜੋ ਅਸੀਂ ਭੋਜਨ ਇਕੱਤਰ ਕਰਨ ਵਾਲ਼ੇ ਸਮੂਹਾਂ ਵਿਚ ਦੇਖਦੇ ਹਾਂ ਉਹ "ਕੁਦਰਤੀ ਅਵਸਥਾ" ਹੈ ਜਾਂ ਮਨੁੱਖੀ ਫਿਤਰਤ "ਮੁੱਖ ਤੌਰ" 'ਤੇ ਸਮਾਜਵਾਦੀ ਹੈ। ਇਸ ਦਾ ਅਰਥ ਸਮਾਜਵਾਦ ਵਿਰੋਧੀ ਦਲੀਲ ਨੂੰ ਉਲਟਾ ਕਰਕੇ ਪੇਸ਼ ਕਰਨਾ ਹੋਵੇਗਾ ਜਦ ਕਿ ਇਸ ਤਰ੍ਹਾਂ ਏਥੇ ਵੀ ਉਹੀ ਮੁੱਢਲੀ ਗ਼ਲਤੀ ਦੁਹਰਾਈ ਜਾ ਰਹੀ ਹੋਵੇਗੀ।

ਅਸਲ ਵਿਚ, ਸ਼ਿਕਾਰ ਅਤੇ ਵਸਤਾਂ ਇਕੱਤਰ ਕਰਕੇ (hunter-gatherer) ਜੀਣ ਦਾ ਤਰੀਕਾ ਇਕ ਲੰਮੇ ਸਭਿਆਚਾਰਕ ਵਿਕਾਸ ਦੀ ਪੈਦਾਵਾਰ ਸੀ ਅਤੇ ਇਸ ਦੇ ਬਹੁਤ ਸਾਰੇ ਮੁੱਢਲੇ ਅਸੂਲ, ਸਣੇ ਚੀਜ਼ਾਂ ਨੂੰ ਵੰਡ ਕੇ ਵਰਤਣਾ, ਸਮਾਜਕ ਤੌਰ 'ਤੇ ਸਿੱਖੀ ਜਾਣ ਵਾਲ਼ੀ ਅਤੇ ਸਮਾਜਕ ਤੌਰ 'ਤੇ ਲਾਗੂ ਕੀਤੇ ਜਾਣ ਵਾਲ਼ੀ ਗੱਲ ਸੀ। ਜਿਸ ਤਰ੍ਹਾਂ ਲੀਅ ਨੇ ਭਰੋਸੇ ਨਾਲ ਕਿਹਾ ਹੈ, *"ਹਰ ਮਨੁੱਖੀ ਬੱਚੇ ਵਿਚ ਪੈਦਾਇਸ਼ ਵੇਲੇ ਦੂਜਿਆਂ ਨਾਲ ਵੰਡ ਕੇ ਰਹਿਣ ਦੀ ਵੀ ਸਮਰੱਥਾ ਹੁੰਦੀ ਹੈ ਤੇ ਖ਼ੁਦਗ਼ਰਜ਼ ਬਣਨ ਦੀ ਵੀ"*। ਪਰ, ਮਾਨਵ ਵਿਗਿਆਨ ਦਾ ਇਹ ਸਬੂਤ ਇਹ ਗੱਲ ਸਾਬਤ ਕਰਦਾ ਹੈ ਕਿ ਮਨੁੱਖੀ ਫਿਤਰਤ ਤੇ ਸਮਾਜਵਾਦ ਇਕ ਦੂਜੇ ਨਾਲ ਬੇਮੇਲ ਨਹੀਂ ਹਨ। ਅੱਜੋਕਾ ਸਮਾਜਵਾਦ ਸਿਰਫ ਮਨੁੱਖੀ ਫਿਤਰਤ ਨਾਲ ਮੇਲ ਖਾਣ ਦੀ ਗੱਲ ਤੋਂ ਕਿਤੇ ਵੱਧ ਦੀ ਆਸ ਦਵਾਉਂਦਾ ਹੈ। ਅੱਜ ਸਮਾਜਵਾਦ ਦਾ ਅਰਥ ਇਹ ਨਹੀਂ ਕਿ ਸਭ ਕੁਝ ਮੁੜ ਕੇ ਪ੍ਰਾਚੀਨ ਕਮਿਊਨਿਜ਼ਮ ਦੀਆਂ ਹਾਲਤਾਂ ਵਾਲ਼ਾ ਹੋ ਜਾਵੇ ਸਗੋਂ ਇਹ ਤਾਂ ਕਈ ਸਾਲਾਂ ਦੀ ਜਮਾਤਾਂ ਵਿਚ ਵੰਡੇ ਰਹੇ ਸਮਾਜ ਵੱਲੋਂ ਖੋਜੀਆਂ ਅੱਜੋਕੀਆਂ ਤਕਨੀਕਾਂ ਕਾਢਾਂ ਦੇ ਆਧਾਰ 'ਤੇ ਪਹਿਲਾਂ ਨਾਲੋਂ ਕਿਤੇ ਅੱਗੇ ਦੀ ਗੱਲ ਹੋਵੇਗੀ।

ਪ੍ਰਾਚੀਨ ਕਮਿਊਨਿਜ਼ਮ ਦਾ ਆਧਾਰ ਕਿਸੇ ਕਿਸਮ ਦੀ ਵੀ ਜਮ੍ਹਾਂ ਹੋਈ ਵਾਧੂ ਸਮੱਗਰੀ

(surplus) ਦੀ ਗ਼ੈਰਮੌਜੂਦਗੀ ਸੀ; ਆਧੁਨਿਕ ਸਮਾਜਵਾਦ ਦਾ ਆਧਾਰ ਇਹ ਤੱਥ ਹੈ ਕਿ ਪੈਦਾਵਾਰ ਕਰਨ ਵਾਲੀਆਂ ਸ਼ਕਤੀਆਂ ਹੁਣ ਇਸ ਹੱਦ ਤਕ ਵਿਕਾਸ ਕਰ ਚੁੱਕੀਆਂ ਹਨ ਕਿ ਹੁਣ ਲੋੜ ਜਿੰਨਾ ਸਰਪਲੱਸ ਮੌਜੂਦ ਹੈ ਜਿਹਦੇ ਨਾਲ ਹਰ ਕਿਸੇ ਦੇ ਜੀਵਨ ਦੀਆਂ ਲੋੜਾਂ ਬਿਨਾਂ ਕਿਸੇ ਦਾ ਜੀਵਨ ਕੰਮ ਕਰਦਿਆਂ ਬਿਤਾਉਣ ਦੇ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।

ਇਸ ਵੇਲ਼ੇ ਸਮਾਜਵਾਦ ਦਾ ਅਰਥ ਹੈ ਇਸ ਬੇਸ਼ੁਮਾਰ ਧਨ ਦੌਲਤ, ਪੈਦਾਵਾਰ ਦੀ ਯੋਗਤਾ, ਵਿਗਿਆਨ ਅਤੇ ਤਕਨੀਕ, ਜੋ ਇਸ ਵੇਲੇ ਬਹੁਕੌਮੀ ਕਾਰਪੋਰੇਸ਼ਨਾਂ, ਅਤਿ ਦੇ ਅਮੀਰ ਪੂੰਜੀਵਾਦੀ ਲੋਕਾਂ ਅਤੇ ਉਨ੍ਹਾਂ ਦੀਆਂ ਸਰਕਾਰਾਂ ਦੇ ਕਬਜ਼ੇ ਥੱਲੇ ਹੈ, ਨੂੰ ਆਜ਼ਾਦ ਕਰਵਾ ਕੇ ਕੌਮਾਂਤਰੀ ਪੱਧਰ ’ਤੇ ਸਾਂਝੇ ਲੋਕਤੰਤਰੀ ਕਬਜ਼ੇ ਥੱਲੇ ਲਿਆਉਣਾ।

ਇਸ ਨਾਲ ਧਰਤੀ ਦੇ ਹਰ ਵਸਨੀਕ ਲਈ ਲੋੜੀਂਦਾ ਖਾਣਾ, ਕੱਪੜਾ ਅਤੇ ਸਿਰ ਢਕਣ ਲਈ ਛੱਤ ਹਾਸਲ ਹੋਵੇਗੀ, ਜਿਸ ਨਾਲ ਭੁੱਖਮਰੀ ਅਤੇ ਗ਼ਰੀਬੀ ਦਾ ਖਾਤਮਾ ਹੋਵੇਗਾ। ਇਹ ਅਮਲ ਮਨੁੱਖਤਾ ਨੂੰ ਜੋੜੇਗਾ, ਸ਼ੋਸ਼ਣ ਦਾ ਖਾਤਮਾ ਹੋਵੇਗਾ, ਕੌਮਾਂ ਦਾ ਆਪਸੀ ਵਿਰੋਧ ਖਤਮ ਹੋਵੇਗਾ, ਲੜਾਈ, ਨਸਲਵਾਦ ਅਤੇ ਕਾਮੁਕ ਦਬਾਅ ਖਤਮ ਹੋਵੇਗਾ ਕਿਉਂਕਿ ਇਨ੍ਹਾਂ ਸਭ ਨੂੰ ਕਾਇਮ ਰੱਖਣ ਵਾਲ਼ੇ ਹਾਲਾਤ ਨਹੀਂ ਰਹਿਣਗੇ।

ਇਸ ਨਾਲ ਮਜ਼ਦੂਰੀ ਅਤੇ ਮਜ਼ਦੂਰੀ ਨਾਲ ਪੈਦਾ ਹੋਈਆਂ ਵਸਤਾਂ ਦੇ ਲੋਕ ਸਾਂਝੇ ਤੌਰ ’ਤੇ ਮਾਲਕ ਹੋਣਗੇ। ਇਸ ਨਾਲ ਮੁੱਢਲੀ ਅਲਹਿਦਗੀ ਅਤੇ ਮਨੁੱਖੀ ਫਿਤਰਤ ਦੀ ਕਰੂਪਤਾ ਖਤਮ ਹੋਵੇਗੀ, ਜੋ ਹਜ਼ਾਰਾਂ ਸਾਲਾਂ ਤੋਂ ਗ਼ੁਲਾਮੀ ਅਤੇ ਜਗੀਰਦਾਰੀ ਦੇ ਦੌਰ ਵਿਚ ਕਾਇਮ ਰਹੀ ਹੈ ਅਤੇ ਪੂੰਜੀਵਾਦ ਵਿਚ ਤਨਖਾਹ ਲਈ ਮਜ਼ਦੂਰੀ ਸਮੇਂ ਸਿਖਰ ’ਤੇ ਪਹੁੰਚੀ ਹੈ।

ਇਹ ਵਿਅਕਤੀਗਤ ਅਤੇ ਸਮਾਜਕ ਰਿਸ਼ਤਿਆਂ ਨੂੰ ਬਦਲ ਦੇਵੇਗੀ ਅਤੇ ਉਦਾਰਵਾਦੀ ਬਣਾ ਦੇਵੇਗੀ; ਇਹ ਮਨੁੱਖੀ ਲੋੜਾਂ ਦੀ ਪੂਰਤੀ ਨੂੰ ਨਿਸ਼ਾਨਾ ਮਿਥਣ ਵਾਲੇ ਮਾਹੌਲ਼ ਦੀ ਸਿਰਜਣਾ ਕਰੇਗੀ ਅਤੇ ਇਹ ਮਨੁੱਖੀ ਵਿਕਾਸ ਲਈ ਜ਼ਮੀਨ ਤਿਆਰ ਕਰੇਗੀ; ਇਹ ਇਸ ਗੱਲ ਨੂੰ ਸੰਭਵ ਬਣਾਵੇਗੀ ਕਿ ਕੁਦਰਤ ਨਾਲ ਸੰਬੰਧਤ ਮਨੁੱਖੀ ਕਾਰਜਾਂ ਨੂੰ ਤਰਕਸ਼ੀਲਤਾ ਨਾਲ ਵਿਉਂਤਿਆ ਜਾਵੇ ਤਾਂਕਿ ਉਨ੍ਹਾਂ ਦੇ ਵਾਤਾਵਰਨ ’ਤੇ ਪੈ ਰਹੇ ਮਾਰੂ ਅਸਰਾਂ ਨੂੰ ਖਤਮ ਕੀਤਾ ਜਾ ਸਕੇ।

ਮਨੁੱਖ ਜਾਤੀ ਦਾ ਇਕ ਮੁੱਢਲਾ ਗੁਣ ਹੈ ਕਲਾਤਮਕ ਸਿਰਜਣ ਸ਼ਕਤੀ। ਮਨੁੱਖੀ ਹੱਥਾਂ ਨਾਲ ਵਾਹੀਆਂ ਤਸਵੀਰਾਂ ਵਾਲ਼ੀ ਸਭ ਤੋਂ ਪੁਰਾਣੀ ਵਸਤੂ ਤਿੰਨ ਲੱਖ ਸਾਲ ਪੁਰਾਣੀ ਹੈ। ਹਰ ਮਨੁੱਖੀ ਸਮਾਜ ਦਾ ਆਪਣਾ ਸੰਗੀਤ ਤੇ ਨਾਚ ਹੈ।

ਪੂੰਜੀਵਾਦ ਵਿਚ, ਜਿਵੇਂ ਕਿ ਜਮਾਤੀ ਵੰਡ ਵਾਲ਼ੇ ਸਾਰੇ ਸਮਾਜਾਂ ਵਿਚ ਹੁੰਦਾ ਹੈ, ਕਲਾਤਮਕ ਸਰਗਰਮੀ ਕੁਝ ਸਹੂਲਤ ਵਾਲ਼ੇ ਲੋਕਾਂ ਲਈ ਹੀ ਰਾਖਵੀਂ ਹੁੰਦੀ ਹੈ। ਬਹੁ ਗਿਣਤੀ ਦੀ ਸਿਰਜਣਾਤਮਕਤਾ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ ਅਤੇ ਦਬਾਅ ਦਿੱਤਾ ਜਾਂਦਾ ਹੈ। ਸਮਾਜਵਾਦ ਲੋਕਾਂ ਵਿਚ ਵਿਹਲੇ ਸਮੇਂ ਨੂੰ ਵਧਾ ਕੇ ਅਤੇ ਵਿਦਿਆ ਨਾਲ ਇਸ ਸਿਰਜਣਾਤਮਕਤਾ ਨੂੰ ਸਭ ਕਿਸੇ ਲਈ ਆਜ਼ਾਦ ਕਰ ਦੇਵੇਗਾ, ਜਿਸ ਨਾਲ ਕਲਾਤਮਕ ਪੈਦਾਵਾਰ ਮੁੜ ਸੰਜੀਵ ਕੀਤੀ ਜਾ ਸਕੇ। ਇਸ ਨਾਲ ਮਹਾਨ ਸਭਿਆਚਾਰਕ ਫੁਲਵਾੜੀ ਪੈਦਾ ਹੋਵੇਗੀ।

ਸੋ ਇਸ ਤਰ੍ਹਾਂ ਸਮਾਜਵਾਦ ਸਾਰੇ ਇਨਸਾਨਾਂ ਦੀਆਂ ਸਾਂਝੀਆਂ ਅਤੇ ਮੁੱਢਲੀਆਂ ਲੋੜਾਂ ਦੀ ਹੀ ਪੂਰਤੀ ਨਹੀਂ ਕਰੇਗਾ, ਇਸ ਨਾਲ ਇਕ ਸਰਬ ਵਿਆਪੀ ਵਿਕਾਸ ਵੀ ਹੋਵੇਗਾ, ਤੇ ਮਨੁੱਖੀ ਫਿਤਰਤ ਨੂੰ ਹੋਰ ਅਮੀਰ ਬਣਾਵੇਗਾ ਅਤੇ ਵਧਾਵੇਗਾ। ਇਹ ਸਿਰਫ ਸੰਭਵ ਹੀ ਨਹੀਂ – ਇਹ ਬਹੁਤ ਲੋੜੀਂਦਾ ਹੈ ਅਤੇ ਇਹਦੀ ਸੰਭਾਵਨਾ ਜਦੋਜਹਿਦ ਕਰਨ ਦੀ ਮੰਗ ਵੀ ਕਰਦੀ ਹੈ। 000

ਅਨੁਵਾਦ: **ਸਾਧੂ ਬਿਨਿੰਗ**

***(sadhu.binning@gmail.com)***

# ਐੱਚ.ਜੀ. ਵੈੱਲਜ਼ ਦਾ ਵਿਸ਼ਵ ਦਾ ਸੰਖੇਪ ਸਭਿਆਚਾਰਕ ਤੇ ਰਾਜਨੀਤਕ ਇਤਿਹਾਸ: ਬਲਜਿੰਦਰ ਨਸਰਾਲੀ

ਮਨੁੱਖ ਦੀ ਮੌਜੂਦਾ ਜੀਵਨ ਸ਼ੈਲੀ ਨਾਲ ਮਿਲਦਾ ਜੁਲਦਾ ਜੀਵਨ ਸਿਰਫ਼ ਦਸ-ਬਾਰਾਂ ਹਜ਼ਾਰ ਸਾਲ ਪੁਰਾਣਾ ਹੈ। ਇਸ ਦੀ ਸ਼ੁਰੂਆਤ ਖੇਤੀਬਾੜੀ ਯੁਗ ਦੇ ਆਰੰਭ ਹੋਣ ਨਾਲ ਹੁੰਦੀ ਹੈ। ਇਸ ਜੀਵਨ ਦੇ ਚੰਗੇ ਖਾਸੇ ਸਬੂਤ ਸਾਨੂੰ ਔਜ਼ਾਰਾਂ, ਪੁਰਾਤਨ ਗ੍ਰੰਥਾਂ ਤੇ ਇਮਾਰਤਾਂ ਦੇ ਰੂਪ ਵਿਚ ਮਿਲ ਜਾਂਦੇ ਹਨ। ਉਸ ਤੋਂ ਪੁਰਾਣੇ ਲੱਖਾਂ ਸਾਲਾਂ ਦੇ ਜੀਵਨ ਸੰਬੰਧੀ ਬਹੁਤ ਘੱਟ ਪ੍ਰਮਾਣ ਗੁਫ਼ਾਵਾਂ, ਧਰਤੀ ਵਿਚ ਦੱਬੀਆਂ ਚੱਟਾਨਾਂ ਤੇ ਹੱਡੀਆਂ ਦੇ ਰੂਪ ਵਿਚ ਮਿਲਦੇ ਹਨ।

ਐੱਚ.ਜੀ. ਵੈੱਲਜ਼ ਅੰਗਰੇਜ਼ੀ ਦਾ ਪ੍ਰਸਿੱਧ ਨਾਵਕਲਾਰ ਹੈ। ਉਸ ਦੀ ਪੁਸਤਕ A Short History of the World ਪੂਰੇ ਸੰਸਾਰ ਵਿਚ ਮਸ਼ਹੂਰ ਹੋਈ। ਧਰਤੀ ਉੱਪਰ ਜੀਵਨ ਦੀ ਸ਼ੁਰੂਆਤ ਹੋਣ ਤੋਂ ਪਹਿਲਾਂ ਦਾ ਇਕਾਂਤ, ਬਰਫ਼ੀਲੇ ਯੁਗਾਂ ਦੀ ਯਾਤਰਾ ਕਰਦਾ ਮਨੁੱਖ, ਰਾਜਿਆਂ ਦਾ ਉਦੈ ਹੋਣਾ, ਸਾਮਰਾਜਾਂ ਦਾ ਵਿਸਤਾਰ, ਵੰਸ਼ ਦਰ ਵੰਸ਼ ਰਾਜ ਦਾ ਚੱਲਣਾ ਤੇ ਪਤਨ ਹੋਣਾ, ਫ਼ਿਲਾਸਫ਼ੀ ਤੇ ਵਿਗਿਆਨ ਦਾ ਉਭਰਨਾ, ਯੁੱਧ ਅਤੇ ਸੁਤੰਤਰਤਾ ਲਈ ਮਨੁੱਖ ਦਾ ਸੰਘਰਸ਼ ਵੈੱਲਜ਼ ਦੀ ਕਿਤਾਬ ਦੀ ਗਾਥਾ ਹੈ।

ਜੀਵਨ ਦੀ ਸ਼ੁਰੂਆਤ ਸਮੁੰਦਰ ਵਿਚ ਹੋਈ। ਧਰਤੀ ਦਾ ਮਿੱਟੀ ਵਾਲਾ ਹਿੱਸਾ ਪਹਿਲਾਂ ਪਹਿਲ ਪੂਰੀ ਤਰ੍ਹਾਂ ਜੀਵਨ ਤੋਂ ਰਹਿਤ ਸੀ। ਹੌਲੀ ਹੌਲੀ ਧਰਤੀ ਉੱਪਰ ਬਨਸਪਤੀ ਪੈਦਾ ਹੋਈ ਤਾਂ ਕੁੱਝ ਜਾਨਵਰ ਪਾਣੀ ਵਿਚੋਂ ਬਾਹਰ ਨਿਕਲਣ ਲੱਗੇ। ਫਿਰ ਵੀ ਇਨ੍ਹਾਂ ਨੂੰ ਆਂਡੇ ਦੇਣ ਤੇ ਬੱਚੇ ਪੈਦਾ ਕਰਨ ਲਈ ਪਾਣੀ ਦੇ ਨੇੜੇ ਹੀ ਰਹਿਣਾ ਪੈਂਦਾ ਸੀ। ਮੁੱਢਲੇ ਸਮਿਆਂ ਵਿਚ ਧਰਤੀ ਉੱਪਰ ਬਹੁਤ ਜ਼ਿਆਦਾ ਉਥਲ ਪੁਥਲ ਹੋ ਰਹੀ ਸੀ। ਧਰਤੀ ਉੱਪਰ ਬਹੁਤ ਵੱਡੇ ਵੱਡੇ ਦਰਖ਼ਤ ਪੈਦਾ ਹੋਏ ਪਰ ਉਥਲ ਪੁਥਲ ਕਾਰਨ ਮਿੱਟੀ ਥੱਲੇ ਦੱਬੇ ਗਏ। ਬਾਅਦ ਵਿਚ ਇਹੀ ਦਰੱਖ਼ਤ ਕੋਇਲੇ ਦੇ ਭੰਡਾਰ ਬਣ ਗਏ।

ਜਦੋਂ ਧਰਤੀ ਗਰਮ ਸੀ ਉਦੋਂ ਅਜਿਹੇ ਜੀਵਾਂ ਦੀ ਉਤਪਤੀ ਹੋਈ ਜਿਹੜੇ ਗਰਮੀ ਵਿਚ ਹੀ ਜਿਉਂ ਸਕਦੇ ਸਨ। ਜਦੋਂ ਵਾਤਾਵਰਨ ਠੰਢਾ ਹੋ ਗਿਆ ਤਾਂ ਬਹੁਤ ਸਾਰੇ ਜੀਵ ਖ਼ਤਮ ਹੋ ਗਏ। ਸੱਪ, ਕੱਛੂ ਤੇ ਕਿਰਲੀ ਗਰਮ ਯੁੱਗ ਦੇ ਜੀਵ ਹਨ। ਇਨ੍ਹਾਂ ਨੂੰ ਸਰਦੀ ਤੰਗ ਕਰਦੀ ਹੈ।

ਅੱਜ ਤੋਂ ਚਾਲੀ ਹਜ਼ਾਰ ਸਾਲ ਪਹਿਲਾਂ ਦਾ ਮਨੁੱਖ ਕੁੱਝ ਗੱਲਾਂ ਵਿਚ ਅੱਜੋਕੇ ਮਨੁੱਖ ਵਰਗਾ ਸੀ। ਇਹ ਅਫਰੀਕਾ ਵਿਚ ਪੈਦਾ ਹੋਇਆ। ਇਹ ਹਾਰ ਬਣਾਉਣ ਲਈ ਚੀਜ਼ਾਂ ਵਿਚ ਗਲ਼ੀਆਂ ਕੱਢਦਾ ਸੀ। ਇਹ ਆਪਣੇ ਆਪ ਨੂੰ ਰੰਗਾਂ ਨਾਲ ਸ਼ਿੰਗਾਰਦਾ ਸੀ। ਇਹ ਹੱਡੀਆਂ ਅਤੇ ਪੱਥਰਾਂ ਦੀਆਂ ਮੂਰਤੀਆਂ ਬਣਾਉਂਦਾ ਸੀ। ਇਹ ਗੁਫ਼ਾਵਾਂ ਦੀਆਂ ਦੀਵਾਰਾਂ ਉੱਤੇ ਭੱਦੇ ਪਰ ਭਾਵਪੂਰਤ ਚਿੱਤਰ ਬਣਾਉਂਦਾ ਸੀ।

ਫਰਾਂਸ ਦੀ ਨੀਂਦਰਥਲ ਘਾਟੀ ਵਿਚ ਪ੍ਰਾਪਤ ਹੋਈਆਂ ਹੱਡੀਆਂ ਤੇ ਪਿੰਜਰਾਂ ਤੋਂ ਮਨੁੱਖ ਦੀ ਲੋਪ ਹੋ ਚੁੱਕੀ ਜਾਤੀ ਬਾਰੇ ਪਤਾ ਲੱਗਿਆ ਹੈ। ਇਸ ਨੂੰ ਨੀਂਦਰਥਲ ਮਨੁੱਖ ਕਿਹਾ ਗਿਆ ਹੈ। ਇਹ ਮਨੁੱਖ ਸ਼ਿਕਾਰ ਅਤੇ ਬਨਸਪਤੀ ਤੋਂ ਆਪਣਾ ਭੋਜਨ ਪ੍ਰਾਪਤਾ ਕਰਦਾ ਸੀ।

ਹਜ਼ਾਰਾਂ ਸਾਲ ਨੀਂਦਰਥਲ ਲੋਕ ਯੂਰੋਪੀ ਖੇਤਰ ਦੇ ਸਰਵਉੱਚ ਪ੍ਰਾਣੀ ਦੇ ਤੌਰ 'ਤੇ ਰਹਿੰਦੇ ਰਹੇ। ਅੱਜ ਤੋਂ 35 ਹਜ਼ਾਰ ਸਾਲ ਪਹਿਲਾਂ ਦੱਖਣੀ ਅਫਰੀਕਾ ਵਿਚੋਂ ਹੋਮੋਸੇਪੀਅਨ ਨਸਲ ਦੇ ਲੋਕ ਯੂਰਪ ਵੱਲ ਆਏ। ਇਹ ਵਧੇਰੇ ਗਿਆਨਵਾਨ ਤੇ ਬੁੱਧੀਮਾਨ ਲੋਕ ਸਨ। ਇਹ ਆਪਸ ਵਿਚ ਬਹੁਤ ਸਾਰੀਆਂ ਸੂਚਨਾਵਾਂ ਦਾ ਆਦਾਨ ਪ੍ਰਦਾਨ ਕਰਨ ਦੇ ਸਮਰੱਥ ਸਨ। ਇਨ੍ਹਾਂ ਨੇ ਨੀਂਦਰਥਲਾਂ ਨੂੰ ਮਾਰਿਆ ਤੇ ਉਨ੍ਹਾਂ ਦੀਆਂ ਗੁਫ਼ਾਵਾਂ 'ਤੇ ਕਬਜ਼ਾ ਕਰ ਲਿਆ।

ਆਦਿ ਮਾਨਵ ਕਾਫ਼ੀ ਹੱਦ ਤਕ ਉਸ ਤਰ੍ਹਾਂ ਸੋਚਦਾ ਸੀ ਜਿਸ ਤਰ੍ਹਾਂ ਅੱਜੋਕੇ ਸਮੇਂ ਵਿਚ ਬੱਚਾ ਸੋਚਦਾ ਹੈ। ਉਹ ਪ੍ਰਤੀਕਾਤਮਕ ਤਸਵੀਰਾਂ ਦੀ ਲੜੀ ਵਿਚ ਸੋਚਦਾ ਸੀ। ਉਹ ਬਿੰਬਾਂ ਨੂੰ ਗ੍ਰਹਿਣ ਕਰਦਾ ਸੀ, ਬਿੰਬ ਉਸ ਦੇ ਦਿਮਾਗ਼ ਵਿਚ ਆ ਜਾਂਦੇ ਸਨ ਤੇ ਉਹ ਉਨ੍ਹਾਂ ਬਿੰਬਾਂ ਦੁਆਰਾ ਪੈਦਾ ਕੀਤੇ ਆਵੇਗ ਅਨੁਸਾਰ ਕੰਮ ਕਰਦਾ ਸੀ। ਅੱਜ ਇਕ ਬੱਚਾ ਤੇ ਅਨਪੜ੍ਹ ਬੰਦਾ ਇਸ ਤਰ੍ਹਾਂ ਕਰਦਾ ਹੈ। ਚਿੰਤਨ ਮਨੁੱਖ ਦੇ ਹੋਰ ਕਾਰਜਾਂ ਵਿਚੋਂ ਸਭ ਤੋਂ ਪਿੱਛੋਂ ਪੈਦਾ ਹੋਣ ਵਾਲੀ ਵਿਧਾ ਤੇ ਕਾਰਜ ਹੈ। ਇਸ ਨੇ ਮਨੁੱਖ ਦੇ ਇਤਿਹਾਸ ਦੇ ਪਿਛਲੇ 3000 ਸਾਲਾਂ ਤੋਂ ਪਹਿਲਾਂ ਕੋਈ ਮਹੱਤਵਪੂਰਨ ਭੂਮਿਕਾ ਨਹੀਂ ਨਿਭਾਈ। ਅੱਜ ਵੀ ਜੋ ਲੋਕ ਆਪਣੇ ਵਿਚਾਰਾਂ ਨੂੰ ਕਾਬੂ ਕਰ ਕੇ ਕਿਸੇ ਤਰਤੀਬ ਵਿਚ ਬੰਨ੍ਹਦੇ ਹਨ, ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਸੰਸਾਰ ਦੇ ਬਹੁਤੇ ਲੋਕ ਅਜੇ ਵੀ ਕਲਪਨਾਵਾਂ ਤੇ ਆਵੇਗਾਂ ਵਿਚ ਜਿਉਂਦੇ ਹਨ।

ਆਦਿਮ ਧਰਮ ਵਿਚ ਦੇਵਤਿਆਂ ਦੇ ਪੈਦਾ ਹੋਣ ਦੇ ਪਿੱਛੇ ਉਸ ਸਮੇਂ ਦੇ ਕਬੀਲਾਈ ਜੀਵਨ ਦਾ ਯੋਗਦਾਨ ਹੈ। ਸ਼ਕਤੀਸ਼ਾਲੀ ਤੇ ਮਦਦਗਾਰ ਸੁਭਾਅ ਵਾਲੇ ਬੰਦਿਆਂ ਤੇ ਔਰਤਾਂ ਪ੍ਰਤੀ ਸਨਮਾਨ ਹੁੰਦਾ ਸੀ। ਅਜਿਹੇ ਬੰਦੇ ਮਰਨ ਤੋਂ ਬਾਅਦ ਕਬੀਲੇ ਦੇ ਜੀਆਂ ਦੇ ਸੁਪਨਿਆਂ ਵਿਚ ਆਉਂਦੇ ਸਨ। ਅਜਿਹੇ ਇਨਸਾਨਾਂ ਪ੍ਰਤੀ ਸਨਮਾਨ ਹੋਰ ਵੀ ਵਧ ਜਾਂਦਾ ਸੀ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉਹ ਮਰੇ ਨਹੀਂ ਸਨ ਬਲਕਿ ਵਿਲੱਖਣ ਰੂਪ ਵਿਚ ਦੂਰ ਚਲੇ ਗਏ ਸਨ ਤੇ ਹੋਰ ਵੀ ਸ਼ਕਤੀਸ਼ਾਲੀ ਹੋ ਗਏ ਸਨ।

ਬੱਚੇ ਦੇ ਸੁਪਨੇ, ਕਲਪਨਾਵਾਂ ਅਤੇ ਭੈਅ ਆਧੁਨਿਕ ਪੜ੍ਹੇ ਲਿਖੇ ਬੰਦੇ ਦੀ ਤੁਲਨਾ ਵਿਚ ਵਧੇਰੇ ਸਜੀਵ ਅਤੇ ਸੱਚੇ ਹੁੰਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਆਦਿ ਕਾਲ ਮਾਨਵ ਜਾਤੀ ਦਾ ਬਚਪਨ ਦਾ ਕਾਲ ਸੀ। ਉਹ ਪਸ਼ੂਆਂ ਦੇ ਵੀ ਵਧੇਰੇ ਨੇੜੇ ਸੀ। ਉਹ ਸੋਚ ਸਕਦਾ ਸੀ ਕਿ ਪਸ਼ੂਆਂ ਵਿਚ ਵੀ ਪ੍ਰੇਰਨਾਵਾਂ ਅਤੇ ਪ੍ਰਤੀਕਿਰਿਆਵਾਂ ਠੀਕ ਮਨੁੱਖ ਵਾਂਗ ਹੀ ਸਨ। ਉਹ ਸਹਿਯੋਗੀ ਪਸ਼ੂਆਂ, ਦੁਸ਼ਮਣ ਪਸ਼ੂਆਂ ਤੇ ਦੇਵਤੇ ਪਸ਼ੂਆਂ ਦੀ ਕਲਪਨਾ ਕਰ ਸਕਦਾ ਸੀ।

ਆਦਿ ਮਾਨਵ ਹੈਰਾਨੀਜਨਕ ਰੂਪ ਵਿਚ ਘੜੀਆਂ ਗਈਆਂ ਚੱਟਾਨਾਂ, ਜੰਗਲਾਂ, ਵਚਿੱਤਰ ਦਰੱਖ਼ਤਾਂ ਨੂੰ ਦੇਖਦੇ ਹੋਏ ਭੌਂਚੱਕਾ ਰਹਿ ਜਾਂਦਾ ਸੀ। ਮਨੁੱਖ ਦੇ ਭੈਅ ਨੂੰ ਕੁਝ ਸਲਾਹਾਂ ਨਾਲ ਦੂਰ ਕਰਨ ਵਾਲੇ ਸਿਆਣੇ ਬੰਦੇ ਤੇ ਬਿਮਾਰੀਆਂ ਦੇ ਦੇਸੀ ਓਹੜ-ਪੁਹੜ ਦੱਸਣ ਵਾਲੇ ਪਹਿਲੇ ਬੰਦੇ ਹੀ ਪਹਿਲੇ ਧਰਮ ਗੁਰੂ ਬਣੇ। ਉਹ ਉਪਦੇਸ਼ ਦਿੰਦੇ ਸਨ, ਸੁਪਨਿਆਂ ਦੀ ਵਿਆਖਿਆ ਕਰਦੇ ਸਨ, ਚਿਤਾਵਨੀਆਂ ਦਿੰਦੇ ਸਨ ਤੇ ਬਿਪਤਾਵਾਂ ਨੂੰ ਦੂਰ ਕਰਨ ਵਾਲੇ ਜਟਿਲ ਜਾਦੂ ਟੂਣੇ ਕਰਵਾਉਂਦੇ ਸਨ।

ਅੱਜ ਤੋਂ ਲਗਪਗ 12000 ਸਾਲ ਪਹਿਲਾਂ ਵਿਸ਼ਵ ਦੀ ਭੂਗੋਲਿਕ ਸਥਿਤੀ ਅੱਜ ਵਰਗੀ ਹੀ ਸੀ। ਉਸ ਸਮੇਂ ਮਨੁੱਖ ਦੀਆਂ ਪ੍ਰਮੁੱਖ ਨਸਲਾਂ ਪਛਾਣ ਵਿਚ ਆਉਣ ਲੱਗੀਆਂ ਸਨ। ਨੀਗਰੋ ਜਾਤੀ ਦੇ ਕਾਲੇ ਲੋਕ ਅਫਰੀਕਾ ਦੇ ਜੰਗਲਾਂ ਵਿਚ ਰਹਿੰਦੇ ਸਨ। ਕਾਕੇਸ਼ੀਆਈ ਗੋਰੇ ਲੋਕ ਉੱਤਰੀ ਅਫਰੀਕਾ, ਯੂਰਪ, ਪੱਛਮੀ ਏਸ਼ੀਆ ਤੇ ਭਾਰਤ ਤਕ ਫੈਲੇ ਹੋਏ ਸਨ। ਮੰਗੋਲ ਪੂਰਬੀ ਏਸ਼ੀਆ ਵਿਚ ਰਹਿ ਰਹੇ ਸਨ। ਲੋਕ ਬ੍ਰਿਟਿਸ਼ ਜਾਂ ਯੂਰੋਪੀਅਨ ਜਾਤੀਆਂ ਦੀ ਗੱਲ ਕਰਦੇ ਹਨ ਜਦ ਕਿ ਸੱਚ ਤਾਂ ਇਹ ਹੈ ਕਿ ਹਰ ਜਾਤੀ ਵਿਭਿੰਨ ਜਾਤੀਆਂ ਦੇ ਅਸਤ ਵਿਅਸਤ ਮਿਸ਼ਰਨ ਤੋਂ ਬਣੀ ਹੋਈ ਹੈ।

ਮਨੁੱਖ ਨੇ ਲੱਕੜ ਤੇ ਪੱਥਰ ਦੇ ਔਜ਼ਾਰਾਂ/ਹਥਿਆਰਾਂ ਤੋਂ ਬਿਨਾਂ ਮਿੱਟੀ ਦੇ ਬਰਤਨ, ਟਾਹਣੀਆਂ ਤੋਂ ਟੋਕਰੀਆਂ ਤੇ ਪੌਦਿਆਂ ਦੇ ਰੇਸ਼ੇ ਤੋਂ ਕੱਪੜੇ ਬਣਾਉਣ ਦੀ ਕਾਢ ਕੱਢੀ। ਇਹ ਖੇਤੀਬਾੜੀ ਦੀ ਸ਼ੁਰੂਆਤ ਦੇ ਨਾਲ ਨਾਲ ਸ਼ੁਰੂ ਹੋਇਆ। ਮਨੁੱਖ ਨੂੰ ਖਾਣ ਵਾਲੇ ਪੌਦਿਆਂ ਨੂੰ ਬੀਜਣਾ ਤੇ ਖਾਧੇ ਜਾ ਸਕਣ ਵਾਲੇ ਪਸ਼ੂਆਂ ਤੇ ਜਾਨਵਰਾਂ ਨੂੰ ਪਾਲਣ ਦੀ ਜਾਚ ਆ ਗਈ ਸੀ। ਇਸ ਤਰ੍ਹਾਂ ਉਹ ਆਪਣੀ ਸ਼ਿਕਾਰ ਤੇ ਭੋਜਨ ਲੱਭਣ ਦੇ ਕੰਮ ਉੱਪਰ ਨਿਰਭਰਤਾ ਘਟਾ ਰਿਹਾ ਸੀ। ਉਹ ਭੋਜਨ ਨੂੰ ਹਰ ਸਮੇਂ ਹਾਜ਼ਰ ਚਾਹੁੰਦਾ ਸੀ।

ਮੁੱਢਲੇ ਮਾਨਵ ਨੇ ਪਰਵਾਸ ਕਰਦੇ ਸਮੇਂ ਰਸਤੇ ਤੈਅ ਕਰਨ ਲਈ ਤਾਰਿਆਂ ਨੂੰ ਦੇਖਣਾ ਸ਼ੁਰੂ ਕੀਤਾ। ਬਾਅਦ ਵਿਚ ਖੇਤੀਬਾੜੀ ਵਾਸਤੇ ਮੌਸਮ ਨੂੰ ਸਮਝਣ ਲਈ ਵੀ ਤਾਰਿਆਂ ਨੂੰ ਪਰਖਿਆ

ਜਾਣ ਲੱਗਾ। ਇਸ ਤਰ੍ਹਾਂ ਤਾਰਿਆਂ ਦੀ ਪੂਜਾ ਤੇ ਅਧਿਐਨ ਸ਼ੁਰੂ ਹੋਇਆ।

ਖੇਤੀ ਬਾੜੀ ਦੀ ਸ਼ੁਰੂਆਤ ਉਤਰੀ ਅਫਰੀਕਾ, ਮੈਸੋਪਟਾਮੀਆ ਤੇ ਅਰਬ ਵਿਚ ਹੋਈ। ਅਰਬ ਹੁਣ ਭਾਵੇਂ ਰੇਗਿਸਤਾਨ ਬਣ ਚੁੱਕਾ ਹੈ ਪਰ ਉਦੋਂ ਬਹੁਤ ਉਪਜਾਊ ਸੀ। ਹੌਲ਼ੀ ਹੌਲ਼ੀ ਖੇਤੀਬਾੜੀ ਯੂਰਪ ਤੇ ਭਾਰਤ ਵੱਲ ਫੈਲਦੀ ਚਲੀ ਗਈ।

ਮਿਸਰ ਪਹਿਲਾ ਦੇਸ਼ ਹੈ ਜਿੱਥੇ ਦੁਨੀਆ ਦੇ ਪਹਿਲੇ ਪਿੰਡ, ਸ਼ਹਿਰ, ਮੰਦਰ, ਵਿਕਸਿਤ ਸਿੰਜਾਈ ਪ੍ਰਬੰਧ ਅਤੇ ਪੜ੍ਹਾਈ ਲਿਖਾਈ ਸ਼ੁਰੂ ਹੋਈ। ਫਰਾਤ ਅਤੇ ਦਜ਼ਲਾ ਨਦੀਆਂ ਦੇ ਵਿਚਕਾਰ ਸੁਮੇਰੀਅਨ ਲੋਕਾਂ ਨੇ ਪਹਿਲੇ ਨਗਰਾਂ ਦਾ ਨਿਰਮਾਣ ਕੀਤਾ। ਉਨ੍ਹਾਂ ਨੇ ਕਾਂਸੀ ਦਾ ਪ੍ਰਯੋਗ ਕਰਨਾ ਸਿੱਖ ਲਿਆ ਸੀ। ਉਹ ਧੁੱਪ ਵਿਚ ਸੁਕਾਈਆਂ ਇੱਟਾਂ ਦੀ ਵਰਤੋਂ ਮੀਨਾਰਾਂ ਵਰਗੇ ਮੰਦਰ ਬਣਾਉਣ ਲਈ ਕਰਦੇ ਸਨ। ਇਸ ਇਲਾਕੇ ਦੀ ਮਿੱਟੀ ਬਹੁਤ ਵਧੀਆ ਹੈ ਜਿਸ ਕਰ ਕੇ ਮਿੱਟੀ ਦੀਆਂ ਲਿਖਤ-ਸਿੱਲਾਂ ਸਹੀ ਸਲਾਮਤ ਬਚੀਆਂ ਰਹੀਆਂ ਤੇ ਆਧੁਨਿਕ ਸਮੇਂ ਵਿਚ ਪੜ੍ਹੀਆਂ ਜਾ ਸਕੀਆਂ। ਇਹ ਲੋਕ ਭੇਡਾਂ, ਬੱਕਰੀਆਂ ਤੇ ਗਧੇ ਪਾਲ਼ਦੇ ਸਨ।

ਮਨੁੱਖੀ ਸਮਾਜ ਦੇ ਵਿਕਾਸ ਵਿਚ ਲਿਖਣ ਕਲਾ ਦੀ ਕਾਢ ਮਹੱਤਵਪੂਰਨ ਘਟਨਾ ਸੀ। ਇਸ ਨੇ ਵਿਭਿੰਨ ਮਾਨਵੀ ਸਮੂਹਾਂ ਵਿਚਕਾਰ ਸਮਝੌਤਿਆਂ, ਆਦੇਸ਼ਾਂ ਤੇ ਕਾਨੂੰਨਾਂ ਨੂੰ ਦਸਤਾਵੇਜ਼ੀ ਰੂਪ ਦੇਣਾ ਸੰਭਵ ਬਣਾਇਆ। ਇਸ ਨੇ ਨਗਰ ਰਾਜਿਆਂ ਤੋਂ ਵੱਡੇ ਰਾਜਿਆਂ ਦਾ ਰਾਜ ਸੰਭਵ ਬਣਾਇਆ। ਲਿਖਤੀ ਆਦੇਸ਼ ਰਾਜੇ ਦੀ ਆਵਾਜ਼ ਤੋਂ ਬਿਨਾਂ ਦੂਰ ਤਕ ਭੇਜੇ ਜਾ ਸਕਦੇ ਸਨ।

ਮੁੱਢਲੇ ਰਾਜਿਆਂ ਨੇ ਨੌਜਵਾਨਾਂ ਨੂੰ ਸੈਨਿਕ ਬਣਾ ਕੇ ਗੁਆਂਢੀ ਨਗਰਾਂ ਦੇ ਲੋਕਾਂ ਨੂੰ ਲੁੱਟਣ ਲਈ ਭੇਜਣਾ ਸ਼ੁਰੂ ਕੀਤਾ। ਇਹ ਲੁੱਟ ਦੇ ਯੁਗ ਦੀ ਸ਼ੁਰੂਆਤ ਸੀ। ਲੁੱਟ ਦੇ ਪੈਸਿਆਂ ਨਾਲ ਵੱਡੀਆਂ ਇਮਾਰਤਾਂ ਦਾ ਨਿਰਮਾਣ ਕਰਵਾਉਣਾ ਸ਼ੁਰੂ ਕੀਤਾ। ਉਨ੍ਹਾਂ ਦਿਨਾਂ ਵਿਚ ਹੀ ਮਿਸਰ ਦੇ ਮਸ਼ਹੂਰ ਪਿਰਾਮਿਡ ਬਣਾਏ ਗਏ। ਇਹ ਇਕ ਤਰ੍ਹਾਂ ਦੀਆਂ ਵੱਡੀਆਂ ਸਮਾਧਾਂ ਹਨ।

ਹੌਲ਼ੀ ਹੌਲ਼ੀ ਪੂਰੀ ਦੁਨੀਆ ਵਿਚ ਘੁੰਮਤਰੂ (forager) ਜੀਵਨ ਸ਼ੈਲੀ ਦਾ ਤਿਆਗ ਹੋਣ ਲੱਗਾ। ਜਿੱਥੇ ਵੀ ਜ਼ਮੀਨ ਉਪਜਾਊ ਸੀ ਤੇ ਪਾਣੀ ਉਪਲਬਧ ਸੀ, ਖੇਤੀ ਹੋਣ ਲੱਗੀ। ਭਾਰਤ ਤੇ ਚੀਨ ਵਿਚ ਵੀ ਸਭਿਆਤਾਵਾਂ ਸਥਾਪਤ ਹੋਣ ਲੱਗੀਆਂ। ਯੂਰਪ ਵਿਚ ਜਿਨ੍ਹਾਂ ਝੀਲਾਂ ਵਿਚ ਮੱਛੀਆਂ ਭਰਪੂਰ ਮਾਤਰਾ ਵਿਚ ਮਿਲਦੀਆਂ ਸਨ, ਉਨ੍ਹਾਂ ਝੀਲਾਂ ਵਿਚ ਲੋਕ ਖੰਭੇ ਗੱਡ ਕੇ ਘਰ ਬਣਾਉਣ ਲੱਗੇ ਸਨ। ਉਹ ਮੱਛੀ ਅਤੇ ਸ਼ਿਕਾਰ 'ਤੇ ਨਿਰਭਰ ਸਨ।

ਪੱਕੇ ਤੌਰ 'ਤੇ ਵਸਣ ਲਈ ਮਨੁੱਖ ਨੂੰ ਉਪਜਾਊ ਜ਼ਮੀਨ, ਪਾਣੀ, ਧੁੱਪ ਦੀ ਜ਼ਰੂਰਤ ਸੀ। ਜਿੱਥੇ ਇਨ੍ਹਾਂ ਚੀਜ਼ਾਂ ਦੀ ਘਾਟ ਸੀ, ਮਨੁੱਖ ਉੱਥੇ ਸ਼ਿਕਾਰ ਕਰਦਾ ਤੇ ਭ੍ਰਮਣ ਕਰਦਾ ਜਾਂਦਾ ਸੀ ਪਰ ਪੱਕੇ ਤੌਰ 'ਤੇ ਨਹੀਂ ਵਸਦਾ ਸੀ। ਜੰਗਲੀ ਜਾਨਵਰਾਂ ਨੂੰ ਧਨ ਵਜੋਂ ਸਮਝਣ ਲਈ ਉਸ ਦੀ ਸੋਝੀ ਵਿਕਸਿਤ ਹੋਈ। ਉਸ ਨੇ ਜਾਨਵਰਾਂ ਨੂੰ ਪਾਲਤੂ ਬਣਾਉਣ ਲਈ ਖਤਰਨਾਕ ਜੰਗਲੀ ਜਾਨਵਰਾਂ ਨਾਲ ਲੜਾਈ ਲੜੀ। ਉਸ ਨੇ ਪਸ਼ੂਆਂ ਦੀ ਸੁਰੱਖਿਆ ਲਈ ਮਜ਼ਬੂਤ ਬਾੜਿਆਂ ਦਾ ਨਿਰਮਾਣ ਕੀਤਾ। ਇਸ ਦੇ ਸਮਾਨ-ਅੰਤਰ ਸਰਦੀਆਂ ਦੀਆਂ ਚਰਾਗਾਹਾਂ ਤੋਂ ਗਰਮੀਆਂ ਦੀਆਂ ਚਰਾਗਾਹਾਂ ਤਕ ਅਦਲਾ ਬਦਲੀ ਕਰਨ ਵਾਲੇ ਚਰਵਾਹੇ ਵੀ ਹੋਂਦ ਵਿਚ ਆਏ। ਕਿਸਾਨਾਂ ਦੇ ਮੁਕਾਬਲੇ ਘੁੰਮੱਕੜ ਚਰਵਾਹੇ ਸਰੀਰਕ ਤੌਰ 'ਤੇ ਵਧੇਰੇ ਮਜ਼ਬੂਤ ਸਨ। ਧਰਤੀ ਦੇ ਵਿਸ਼ਾਲ ਖੇਤਰਾਂ ਦਾ ਭ੍ਰਮਣ ਕਰਨ ਵਾਲੇ ਇਹ ਲੋਕ ਵਧੇਰੇ ਗਿਆਨ ਰੱਖਦੇ ਸਨ। ਉਹ ਪਿੰਡਾਂ ਕੋਲੋਂ ਲੰਘਦੇ ਸਨ, ਇਸ ਲਈ ਪੇਂਡੂ ਜੀਵਨ ਤੋਂ ਵਾਕਿਫ਼ ਸਨ। ਉਹ ਅਣਜਾਣ ਚਿਹਰਿਆਂ ਨੂੰ ਦੇਖਣ ਦੇ ਅਭਿਆਸੀ ਸਨ। ਕਿਸਾਨਾਂ ਅਤੇ ਚਰਵਾਹਿਆਂ ਵਿਚ ਥੋੜ੍ਹੇ ਬਹੁਤ ਵਪਾਰਕ ਸੰਬੰਧ ਸਨ। ਚਰਵਾਹੇ ਪਿੰਡਾਂ ਨੇੜੇ ਡੇਰੇ ਲਗਾਉਂਦੇ ਸਨ। ਉਹ ਕੀਮਤੀ ਪੱਥਰ, ਧਾਤਾਂ ਤੇ ਚਮੜੇ ਦੀਆਂ ਵਸਤੂਆਂ ਪਿੰਡਾਂ ਵਾਲਿਆਂ ਨੂੰ ਦਿੰਦੇ ਸਨ। ਬਦਲੇ ਵਿਚ ਬਰਤਨ, ਕੱਚ, ਕੱਪੜੇ ਤੇ ਹੋਰ ਵਸਤੂਆਂ ਪ੍ਰਾਪਤ ਕਰਦੇ ਸਨ।

4400 ਸਾਲ ਪਹਿਲਾਂ ਦੇ ਇਸ ਸਮੇਂ ਤਕ ਛੋਟੇ ਛੋਟੇ ਰਾਜੇ ਪੈਦਾ ਹੋ ਚੁੱਕੇ ਸਨ। ਇਸ ਸਮੇਂ

ਸਰਗੌਨ ਨਾਮ ਦਾ ਵੱਡਾ ਰਾਜਾ ਪੈਦਾ ਹੋਇਆ। ਓਹ ਆਕਾਡੀ ਲੋਕਾਂ ਦਾ ਪ੍ਰਤੀਨਿਧ ਸੀ। ਉਸ ਦੇ ਰਾਜ ਨੂੰ ਪਹਿਲਾ ਸਾਮਰਾਜ ਮੰਨਿਆ ਜਾਂਦਾ ਹੈ ਕਿਉਂਕਿ ਉਸ ਨੇ ਆਪਣੇ ਲੋਕਾਂ 'ਤੇ ਹੀ ਨਹੀਂ ਬਲਕਿ ਖਾੜੀ ਤੋਂ ਲੈ ਕੇ ਸੰਪੂਰਨ ਭੂ-ਮੱਧਸਾਗਰ ਤਕ ਦੇ ਇਲਾਕੇ 'ਤੇ ਰਾਜ ਕੀਤਾ। ਉਸ ਦਾ ਰਾਜ ਬਾਅਦ ਵਿਚ ਬੇਬੀਲੋਨੀਅਨ ਸਾਮਰਾਜ ਵਜੋਂ ਮਸ਼ਹੂਰ ਹੋਇਆ।

ਉਸ ਸਮੇਂ ਦੇ ਲੋਕਾਂ ਲਈ ਲੋਹਾ ਦੁਰਲੱਭ ਧਾਤੂ ਸੀ। ਲੋਹਾ ਕਦੇ ਕਦਾਈਂ ਅਸਮਾਨ ਤੋਂ ਡਿੱਗਦਾ ਸੀ। ਇਹ ਵਿਸ਼ਵਾਸ ਇਸ ਲਈ ਬਣਿਆ ਸੀ ਕਿਉਂਕਿ ਸਭ ਤੋਂ ਪਹਿਲਾਂ ਲੋਹਾ ਅਸਮਾਨ ਤੋਂ ਗਿਰਨ ਵਾਲੇ ਉਲਕਾ ਪਿੰਡਾਂ ਦੇ ਪੱਥਰਾਂ ਵਿਚੋਂ ਕੱਢਿਆ ਗਿਆ ਸੀ। ਬਾਅਦ ਵਿਚ ਇਸ ਨੂੰ ਧਰਤੀ ਵਿਚੋਂ ਵੀ ਲੱਭ ਲਿਆ ਗਿਆ। ਮੈਸੋਪਟਾਮੀਆ ਅਤੇ ਮਿਸਰ, ਦੋਵਾਂ ਸਥਾਨਾਂ ਤੋਂ ਹੋਣ ਵਾਲਾ ਵਪਾਰਕ ਲੇਖਾ ਜੋਖਾ, ਕਹਾਣੀਆਂ, ਕਵਿਤਾਵਾਂ ਤੇ ਨਿੱਜੀ ਚਿੱਠੀ ਪੱਤਰ, ਢੇਰ ਦਸਤਾਵੇਜ਼ ਹੁਣ ਉਪਲਭਧ ਹਨ। ਬੇਬੀਲੋਨ ਅਤੇ ਮਿਸਰ ਦੇ ਥੀਵਜ ਵਰਗੇ ਸ਼ਹਿਰਾਂ ਦੇ ਤਾਕਤਵਰ ਲੋਕਾਂ ਦਾ ਜੀਵਨ ਅੱਜੋਕੇ ਸ਼ਹਿਰਾਂ ਦੇ ਖਾਂਦੇ ਪੀਂਦੇ ਲੋਕਾਂ ਦੇ ਜੀਵਨ ਵਰਗਾ ਹੀ ਸੀ। ਇਹ 3600 ਸਾਲ ਪਹਿਲਾਂ ਦਾ ਸਮਾਂ ਸੀ। ਇਹ ਲੋਕ ਸੋਹਣੇ ਤਰੀਕੇ ਨਾਲ ਸਜਾਏ ਘਰਾਂ ਵਿਚ ਰਹਿੰਦੇ ਸਨ। ਕੱਪੜੇ ਤੇ ਗਹਿਣੇ ਪਹਿਨਦੇ ਸਨ। ਮਹਾਂ ਭੋਜਾਂ ਦਾ ਇੰਤਜ਼ਾਮ ਕਰਦੇ ਸਨ ਤੇ ਤਿਉਹਾਰ ਮਨਾਉਂਦੇ ਸਨ। ਸੰਗੀਤ ਤੇ ਨਾਚ ਕਲਾਵਾਂ ਪ੍ਰਚਲਤ ਸਨ। ਸਿਖਲਾਈ ਯਾਫਤਾ ਨੌਕਰ, ਡਾਕਟਰ ਤੇ ਦੰਦਾਂ ਦੇ ਮਾਹਰ ਇਨ੍ਹਾਂ ਦੀ ਦੇਖਭਾਲ਼ ਕਰਦੇ ਸਨ। ਇਹ ਲੋਕ ਲੰਮੇ ਸਫ਼ਰ ਨਹੀਂ ਕਰਦੇ ਸਨ ਪਰ ਨੀਲ ਤੇ ਫਰਾਤ ਨਦੀਆਂ ਵਿਚ ਕਿਸ਼ਤੀਆਂ ਦੀ ਸਵਾਰੀ ਕਰ ਕੇ ਮਨੋਰੰਜਨ ਕਰਦੇ ਸਨ। ਗਧਿਆਂ ਰਾਹੀਂ ਸਮਾਨ ਢੋਇਆ ਜਾਂਦਾ ਸੀ। ਘੋੜਿਆਂ ਦੀ ਵਰਤੋਂ ਸ਼ੁਰੂ ਹੋ ਗਈ ਸੀ। ਉਠ ਮੈਸੋਪਟਾਮੀਆਂ ਵਿਚ ਆਮ ਸੀ ਪਰ ਮਿਸਰ ਵਿਚ ਲੋਕ ਇਸ ਤੋਂ ਸੱਖਣੇ ਸਨ।

ਉਰੁਕ ਸ਼ਹਿਰ ਨੂੰ ਦੁਨੀਆ ਦਾ ਸਭ ਤੋਂ ਪੁਰਾਣਾ ਸ਼ਹਿਰ ਮੰਨਿਆ ਜਾਂਦਾ ਹੈ। ਇਸ ਦੀ ਸਥਾਪਨਾ ਅੱਜ ਤੋਂ 6500 ਸਾਲ ਪਹਿਲਾਂ ਹੋਈ। ਇਹ ਕੰਧਾਂ ਨਾਲ ਘਿਰਿਆ ਹੋਇਆ ਸ਼ਹਿਰ ਸੀ ਤਾਂ ਕਿ ਹਮਲਾਵਰਾਂ ਤੋਂ ਸੁਰੱਖਿਅਤ ਰਹੇ। ਇਹ ਸ਼ਹਿਰ 5900 ਸਾਲ ਪਹਿਲਾਂ ਤੱਕ ਰਿਹਾ।

ਵਪਾਰ ਸਿੱਕਿਆਂ ਦੀ ਥਾਂ ਵਸਤੂ ਵਟਾਂਦਰੇ (barter) ਨਾਲ ਹੁੰਦਾ ਸੀ। ਆਰਥਿਕ ਪੱਖੋਂ ਬੇਬੀਲੋਨ ਮਿਸਰ ਤੋਂ ਅੱਗੇ ਸੀ। ਉੱਚ ਪੱਧਰੀ ਲੈਣ ਦੇਣ ਲਈ ਸੋਨੇ ਅਤੇ ਚਾਂਦੀ ਦੀ ਵਰਤੋਂ ਹੋਣ ਲੱਗੀ ਸੀ। ਕਰੰਸੀ ਪੈਦਾ ਹੋਣ ਤੋਂ ਪਹਿਲਾਂ ਬੈਂਕਾਂ ਤੇ ਬੈਂਕਰ ਬਣ ਚੁੱਕੇ ਸਨ ਜਿਹੜੇ ਕੀਮਤੀ ਧਾਤਾਂ ਦੀਆਂ ਸਿੱਲਾਂ ਆਪਣੇ ਕੋਲ ਨਾਮ ਲਿਖ ਕੇ ਜਮ੍ਹਾਂ ਕਰਦੇ ਸਨ।

ਮਨੁੱਖ ਦੀ ਬਲੀ ਦੇਣ ਦੀ ਪਰੰਪਰਾ ਖ਼ਤਮ ਹੋ ਗਈ ਸੀ। ਉਸ ਦੀ ਥਾਂ ਪਸ਼ੂਆਂ ਦੀ ਬਲੀ ਦਿੱਤੀ ਜਾਣ ਲੱਗੀ। ਰਾਜਾ ਜਾਂ ਮੁਖੀ ਦੀ ਮੌਤ ਹੋ ਜਾਣ ਸਮੇਂ ਉਸ ਦੀਆਂ ਪਤਨੀਆਂ, ਦਾਸੀਆਂ, ਅਤੇ ਦਾਸਾਂ ਨੂੰ ਸਤੀ ਕਰਨ ਦਾ ਰੁਝਾਨ ਚੱਲਦਾ ਰਿਹਾ। ਮਿਸਰ ਵਿਚ ਇਹ ਰਿਵਾਜ ਵੀ ਰਿਹਾ ਕਿ ਮਰਨ ਵਾਲੇ ਦੇ ਘਰ ਦਾ ਮਾਡਲ, ਨੌਕਰਾਂ ਤੇ ਪਸ਼ੂਆਂ ਦੇ ਛੋਟੇ ਬੁੱਤ ਬਣਾ ਕੇ ਮਰਨ ਵਾਲੇ ਦੇ ਨਾਲ ਦਫ਼ਨਾਏ ਜਾਂਦੇ ਸਨ।

ਚਾਰ ਹਜ਼ਾਰ ਸਾਲ ਪਹਿਲਾਂ ਆਰੀਆ ਲੋਕਾਂ ਦੇ ਦੱਖਣੀ ਪੂਰਬੀ ਯੂਰਪ ਦੇ ਖੇਤਰਾਂ ਵਿਚ ਫਿਰਦੇ ਹੋਣ ਦੇ ਪ੍ਰਮਾਣ ਮਿਲਦੇ ਹਨ। ਭਵਿੱਖ ਵਿਚ ਇਨ੍ਹਾਂ ਲੋਕਾਂ ਨੇ ਇਤਿਹਾਸ ਵਿਚ ਮਹੱਤਪੂਰਨ ਭੂਮਿਕਾ ਅਦਾ ਕਰਨੀ ਸੀ। ਇਹ ਲੋਕ ਪਸ਼ੂ ਪਾਲਦੇ ਸਨ। ਇਹ ਜੰਗਲ ਸਾਫ਼ ਕਰਨ ਦੇ ਮਾਹਰ ਸਨ। ਇਹ ਤੰਬੂ ਲਗਾ ਕੇ ਟਿਕਾਣਾ ਕਰਦੇ ਸਨ। ਇਹ ਆਪਣੇ ਮ੍ਰਿਤਕਾਂ ਨੂੰ ਜਲਾਉਂਦੇ ਸਨ। ਇਹ ਆਪਣੇ ਸਤਿਕਾਰਯੋਗ ਮ੍ਰਿਤਕਾਂ ਦੀ ਰਾਖ ਨੂੰ ਘੜੇ ਵਿਚ ਰੱਖ ਕੇ ਉਸ ਉੱਪਰ ਮਿੱਟੀ ਦਾ ਗੋਲਾਕਾਰ ਢੇਰ ਬਣਾਉਂਦੇ ਸਨ। ਇਹ ਸਮਾਧੀਆਂ ਜਾਂ ਸਤੂਪ ਅਖਵਾਉਂਦੇ ਸਨ।

ਆਰੀਆ ਲੋਕ ਗੱਲਾਂ ਬਹੁਤ ਕਰਦੇ ਸਨ। ਉਹ ਆਪਣੀ ਘੁੰਮੱਕੜੀ ਨੂੰ ਮਹਾਂ ਭੋਜਾਂ ਦੁਆਰਾ ਜੀਵੰਤਤਾ ਪ੍ਰਦਾਨ ਕਰਦੇ ਸਨ। ਪਹਿਲਾਂ ਪਹਿਲ ਇਨ੍ਹਾਂ ਨੂੰ ਲੇਖਣ ਕਲਾ ਦਾ ਗਿਆਨ ਨਹੀਂ ਸੀ।

ਇਹ ਆਪਣੇ ਮਹਾਂਕਾਵਿ ਤੇ ਵੇਦਾਂ ਨੂੰ ਮੂੰਹ ਜ਼ੁਬਾਨੀ ਯਾਦ ਰੱਖਦੇ ਸਨ। ਮੁਖੀਏ ਦਾ ਘਰ ਇਨ੍ਹਾਂ ਦੀਆਂ ਬਸਤੀਆਂ ਦਾ ਕੇਂਦਰ ਹੁੰਦਾ ਸੀ। ਇਨ੍ਹਾਂ ਦੀਆਂ ਗਊਸ਼ਾਲਾਵਾਂ ਤੇ ਅਸਤਬਲ ਹੁੰਦੇ ਸਨ। ਭਾਰਤ ਵਿਚ ਹੁਣ ਵੀ ਇਸ ਤਰ੍ਹਾਂ ਹੁੰਦਾ ਹੈ।

ਯਹੂਦੀ ਲੋਕ ਜੂਡੀਆ ਵਿਚ ਵਸੇ ਹੋਏ ਸਨ ਤੇ ਜੇਰੂਸਲਮ ਉਨ੍ਹਾਂ ਦੀ ਰਾਜਧਾਨੀ ਸੀ। ਉਨ੍ਹਾਂ ਦਾ ਇਹ ਦੇਸ਼ ਮਿਸਰ, ਸੀਰੀਆ, ਅਸੀਰੀਆ ਤੇ ਬੇਬੀਲੋਨ ਦੇ ਵਿਚਕਾਰ ਸੀ। ਯਹੂਦੀਆਂ ਨੂੰ ਇਤਿਹਾਸ ਵਿਚ ਮਹੱਤਵ ਇਸ ਕਰ ਕੇ ਮਿਲਿਆ ਕਿਉਂਕਿ ਉਨ੍ਹਾਂ ਨੇ ਰੱਬ ਦਾ ਅਜਿਹਾ ਸੰਕਲਪ ਦਿੱਤਾ ਜਿਹੜਾ ਇਕ ਸੀ ਤੇ ਅਦਿਖ ਸੀ। ਉਹ ਮੰਦਰਾਂ, ਪੁਜਾਰੀਆਂ ਤੇ ਧਰਤੀ ਤੋਂ ਬਹੁਤ ਦੂਰ ਸੀ।

ਇਸ ਐਲਾਨ ਤੋਂ ਬਾਅਦ ਪੈਗ਼ੰਬਰਾਂ ਦਾ ਯੁਗ ਸ਼ੁਰੂ ਹੁੰਦਾ ਹੈ ਜਿਹੜੇ ਆਪਣੇ ਆਪ ਨੂੰ ਉਸ ਅਦ੍ਰਿਸ਼ ਪਰਮਾਤਮਾ ਦੇ ਦੂਤ ਵਜੋਂ ਪੇਸ਼ ਕਰਦੇ ਸਨ। ਪੈਗ਼ੰਬਰ ਇਜਕੀਲ ਪੁਜਾਰੀ ਜਾਤੀ ਵਿਚੋਂ ਸੀ। ਪੈਗੰਬਰ ਇਮੋਜ ਗਡਰੀਆ ਜਾਤੀ ਨਾਲ ਸੰਬੰਧ ਰੱਖਦਾ ਸੀ। ਪੈਗ਼ੰਬਰਾਂ ਨੇ ਸਮਾਜ ਸੁਧਾਰ ਕਰਨੇ ਆਰੰਭੇ। ਉਨ੍ਹਾਂ ਨੇ ਗੁਲਾਮੀ ਤੇ ਅਮੀਰੀ ਦਾ ਵਿਰੋਧ ਕੀਤਾ। ਇਨ੍ਹਾਂ ਨੇ ਰਾਜਾ ਤੇ ਪੁਜਾਰੀ ਜਾਤੀ ਦੀ ਆਲੋਚਨਾ ਕੀਤੀ।

ਜਦੋਂ ਬੇਬੀਲੋਨ ਦੀ ਸਭਿਅਤਾ ਦਾ ਸੂਰਜ ਅਸਤ ਹੋ ਰਿਹਾ ਸੀ, ਉਸੇ ਸਮੇਂ ਭਵਿੱਖ ਦੀ ਮਹਾਨ ਸ਼ਕਤੀ ਯੂਨਾਨੀ ਸਭਿਅਤਾ ਦਾ ਸੂਰਜ ਉਦੈ ਹੋ ਰਿਹਾ ਸੀ। ਯੂਨਾਨੀ ਕਬੀਲੇ ਆਰੀਆ ਲੋਕਾਂ ਦੀ ਇਕ ਸ਼ਾਖਾ ਸਨ। ਯੂਨਾਨੀ ਲੋਕਾਂ ਨੇ ਇਜੀਅਨ ਨਗਰ ਤਬਾਹ ਕਰ ਕੇ ਆਪਣੇ ਸੂਰਮੇ ਨੇਤਾਵਾਂ ਦੇ ਟਿਕਾਣਿਆਂ ਦੇ ਆਲ਼ੇ ਦੁਆਲ਼ੇ ਆਪਣੇ ਟਿਕਾਣੇ ਬਣਾਏ। ਉਨ੍ਹਾਂ ਨੇ ਜਿਨ੍ਹਾਂ ਨਗਰਾਂ ਨੂੰ ਤਬਾਹ ਕੀਤਾ, ਉਨ੍ਹਾਂ ਤੋਂ ਸਿੱਖਿਆ ਵੀ ਬਹੁਤ ਕੁੱਝ। ਉਨ੍ਹਾਂ ਨਗਰ ਵਸਾਉਣੇ, ਨਗਰਾਂ ਦੁਆਲ਼ੇ ਕੰਧਾਂ ਕਰਨੀਆਂ ਤੇ ਮੰਦਰ ਬਣਾਉਣੇ ਸਿੱਖੇ। 2700 ਸਾਲ ਪਹਿਲਾਂ ਯੂਨਾਨ ਵਿਚ ਏਥਨਜ਼, ਸਪਾਰਟਾ, ਥੀਵਜ ਤੇ ਮਿਲੇਟਸ ਵਰਗੇ ਨਗਰਾਂ ਦੀ ਨੀਂਹ ਰੱਖੀ ਗਈ।

ਹੋਰਨਾਂ ਆਰੀਆ ਵਾਂਗ ਹੀ ਯੂਨਾਨੀ ਆਰੀਆ ਕੋਲ਼ ਆਪਣੇ ਕਵੀ ਤੇ ਗਾਇਕ ਸਨ। ਇਨ੍ਹਾਂ ਨੇ ਦੋ ਮਹਾਨ ਮਹਾਂਕਾਵਿ 'ਇਲੀਅਡ' ਅਤੇ 'ਉਡੀਸੀ' ਆਪਣੇ ਲੋਕਾਂ ਨੂੰ ਦਿੱਤੇ। ਇਸੇ ਖੇਤਰ ਵਿਚ ਹਰ ਚਾਰ ਸਾਲਾਂ ਬਾਅਦ ਉਲੰਪਿਕ ਖੇਡਾਂ ਹੋਣੀਆਂ ਸ਼ੁਰੂ ਹੋਈਆਂ। ਯੂਨਾਨੀ ਲੋਕਾਂ ਨੂੰ ਇਨ੍ਹਾਂ ਮਹਾਂਕਾਵਿਕ ਰਚਨਾਵਾਂ ਅਤੇ ਉਲੰਪਿਕ ਖੇਡਾਂ ਨੇ ਆਪਸ ਵਿਚ ਜੋੜਿਆ। ਇਨ੍ਹਾਂ ਲੋਕਾਂ ਨੇ ਆਪਸੀ ਯੁੱਧਾਂ ਨੂੰ ਘੱਟ ਕਰ ਕੇ ਖੇਡਾਂ ਵਿਚ ਗ਼ੁੱਸੇ ਦਾ ਨਿਕਾਸ ਕਰਨਾ ਸਿੱਖਿਆ ਤੇ ਸਦੀਆਂ ਬਾਅਦ ਦੁਨੀਆ ਨੂੰ ਇਹ ਗੱਲ ਸਿਖਾਈ।

ਸੱਤਵੀਂ ਅੱਠਵੀਂ ਸਦੀ ਈ.ਪੂ. ਦੌਰਾਨ ਯੂਨਾਨੀ ਨਗਰਾਂ ਨੇ ਵਪਾਰ ਵਿਚ ਬਹੁਤ ਤਰੱਕੀ ਕੀਤੀ। ਉਨ੍ਹਾਂ ਕੋਲ ਨੇਤਾ ਅਤੇ ਕੁਲੀਨ ਵਰਗ ਤਾਂ ਸੀ ਪਰੰਤੂ ਅਰਧ ਦੈਵੀ ਸਮਰਾਟ ਨਹੀਂ ਸਨ। ਇਕ ਕਿਸਮ ਦਾ ਲੋਕਤੰਤਰ ਇਨ੍ਹਾਂ ਦੇ ਸਮਾਜ ਵਿਚ ਜਨਮ ਲੈ ਰਿਹਾ ਸੀ। ਸਾਰੇ ਲੋਕਾਂ ਨੂੰ ਤਾਂ ਭਾਵੇਂ ਨਹੀਂ, ਫਿਰ ਵੀ ਮੋਹਤਬਰ ਲੋਕਾਂ ਨੂੰ ਰਾਜਨੀਤਕ ਮਾਮਲਿਆਂ ਵਿਚ ਭਾਗ ਲੈਣ ਦਾ ਅਧਿਕਾਰ ਸੀ। ਯੂਨਾਨੀ ਰਾਜਨੀਤੀ ਵਿਚ ਪਹਿਲੇ ਰਾਜਾਂ ਦੇ ਮੁਕਾਬਲੇ ਵਿਅਕਤੀ ਨੂੰ ਬਹੁਤ ਆਜ਼ਾਦੀ ਪ੍ਰਾਪਤ ਸੀ। ਇਤਿਹਾਸ ਵਿਚ ਉਹ ਪਹਿਲੇ ਲੋਕਤੰਤਰਵਾਦੀ ਲੋਕ ਸਨ।

ਸੰਸਾਰ ਦੇ ਪਹਿਲੇ ਦਾਰਸ਼ਨਿਕ ਦਾ ਨਾਮ ਥੇਲਜ ਸੀ ਤੇ ਉਹ ਯੂਨਾਨੀਆਂ ਦੇ ਅਧੀਨ ਬਸਤੀ ਏਸ਼ੀਆ ਮਾਈਨਰ ਵਿਚ ਮਿਲੇਟਸ ਦਾ ਰਹਿਣ ਵਾਲਾ ਸੀ। ਉਸ ਨੇ ਮਿਸਰ ਦੇ ਪਿਰਾਮਿਡਾਂ ਦੀ ਉਚਾਈ ਮਿਣੀ ਸੀ। ਯੂਨਾਨ ਦੇ ਮੁੱਢਲੇ ਦਾਰਸ਼ਨਿਕਾਂ ਨੇ ਜੀਵਨ ਦੇ ਮੂਲ਼ ਸਵਾਲਾਂ ਨੂੰ ਉਠਾਇਆ ਤੇ ਉਨ੍ਹਾਂ ਦੇ ਜੁਆਬ ਦੇਣ ਦਾ ਯਤਨ ਕੀਤਾ। ਅੱਜ ਤੋਂ ਠੀਕ 2450 ਸਾਲ ਪਹਿਲਾਂ ਤੇ ਉਸ ਤੋਂ ਬਾਅਦ ਦੇ ਸਮੇਂ ਵਿਚ ਯੂਨਾਨ ਦੁਨੀਆ ਦਾ ਸਭਿਆਚਾਰਕ ਕੇਂਦਰ ਬਣਿਆ ਰਿਹਾ। ਸੁਕਰਾਤ 2491 ਸਾਲ ਪਹਿਲਾਂ ਪੈਦਾ ਹੋਇਆ ਤੇ 2420 ਤਕ ਰਿਹਾ। ਪਲੈਟੋ ਤੇ ਅਰਸਤੂ ਨੇ ਇਸ ਪਰੰਪਰਾ ਨੂੰ ਜਾਰੀ ਰੱਖਿਆ।

ਫਿਲਿਪ ਨੇ ਆਪਣੇ ਪੁੱਤਰ ਸਿਕੰਦਰ ਨੂੰ ਬਹੁਤ ਔਖੇ ਸਮੇਂ ਵਿਚ ਵੀ ਦੁਨੀਆ ਦੇ ਸਭ ਤੋਂ ਵੱਡੇ ਫਿਲਾਸਫ਼ਰ ਅਰਸਤੂ ਤੋਂ ਸਿੱਖਿਆ ਦਿਵਾਈ ਸੀ। ਉਸ ਨੇ ਆਪਣੀ ਸਿੱਖਿਆ ਤੇ ਸੈਨਿਕ ਸਿਖਲਾਈ ਨਾਲ ਵੀ ਸਿਕੰਦਰ ਨੂੰ ਤਿਆਰ ਕੀਤਾ ਸੀ। ਇਸ ਤਰ੍ਹਾਂ ਵੀਹ ਸਾਲ ਦੀ ਉਮਰ ਵਿਚ ਆਪਣੇ ਪਿਤਾ ਦਾ ਰਾਜ ਭਾਗ ਸੰਭਾਲਦੇ ਸਮੇਂ ਉਹ ਪੂਰੀ ਤਰ੍ਹਾਂ ਤਿਆਰ ਯੋਧਾ ਸੀ। ਉਹ ਪਰਸ਼ੀਅਨ ਸੈਨਾ ਦੇ ਪੁਰਾਣੇ ਹਮਲੇ ਦਾ ਬਦਲਾ ਲੈਣ ਲਈ ਪਰਸ਼ੀਆ ’ਤੇ ਚੜ੍ਹਾਈ ਕਰਨ ਨਿਕਲ ਪਿਆ। ਪਰਸ਼ੀਆ ’ਤੇ ਕਬਜ਼ਾ ਕਰ ਕੇ ਉਸ ਨੇ ਏਸ਼ੀਆ ਮਾਈਨਰ ਦੇ ਕਈ ਨਗਰਾਂ ਨੂੰ ਆਪਣੇ ਅਧੀਨ ਕੀਤਾ। ਉਸ ਨੇ ਮਿਸਰ ਵਿਚ ਅਲੈਗਜੰਡਰੀਆ ਨਾਮੀ ਵਿਸ਼ਾਲ ਨਗਰ ਦਾ ਨਿਰਮਾਣ ਕਰਵਾਇਆ। ਭਾਰਤ ਵਿਚ ਪੋਰਸ ਨਾਲ ਯੁੱਧ ਤੋਂ ਬਾਅਦ ਉਹ ਵਾਪਸ ਪਰਤਿਆ। ਉਸ ਨੇ ਪਾਣੀ ਵਾਲੇ ਜਹਾਜ਼ ਤਿਆਰ ਕਰਵਾਏ ਤੇ ਸਿੰਧ ਦਰਿਆ ਦੇ ਰਸਤੇ ਸਮੁੰਦਰ ਵਿਚ ਦਾਖਲ ਹੋਇਆ। ਉਸ ਨੇ ਪਰਸ਼ੀਆ ਵਾਪਸ ਆ ਕੇ ਪਰਸ਼ੀਅਨ ਸਮਰਾਟ ਦੇ ਬਸਤਰ ਧਾਰਨ ਕੀਤੇ। ਇਸ ਗੱਲ ਨੇ ਉਸ ਦੇ ਯੂਨਾਨੀ ਅਧਿਕਾਰੀਆਂ ਵਿਚ ਬਹੁਤ ਜਲਣ ਪੈਦਾ ਕੀਤੀ। ਸਿਕੰਦਰ ਬਹੁਤ ਪ੍ਰੇਸ਼ਾਨ ਹੋਇਆ। ਉਸ ਨੇ ਯੂਨਾਨੀ ਅਧਿਕਾਰੀਆਂ ਦੇ ਪਰਸ਼ੀਅਨ ਤੇ ਬੇਬੀਲੋਨੀਅਨ ਔਰਤਾਂ ਨਾਲ ਵਿਆਹ ਕਰਵਾਏ ਤਾਂ ਕਿ ਆਪਸੀ ਨਫ਼ਰਤ ਘਟਾਈ ਜਾ ਸਕੇ।

ਇਤਿਹਾਸ ਦੇ ਇਸ ਦੌਰ ਵਿਚ ਸੰਸਾਰ ਦੀ ਇਤਿਹਾਸ ਦੀ ਪਹਿਲੀ ਲਿਖਤੀ ਕਿਤਾਬ ‘ਹੇਰੋਦੋਤਸ ਦਾ ਇਤਿਹਾਸ’ ਹੇਰੋਦੋਤਸ ਨਾਮ ਦੇ ਲੇਖਕ ਨੇ ਲਿਖੀ। ਯੂਨਾਨ ਦੇ ਭਾੜੇ ਦੇ 10,000 ਸੈਨਿਕਾਂ ਬਾਰੇ ‘10,000 ਦੀ ਵਾਪਸੀ’ ਨਾਮੀ ਯੁੱਧ ਗਾਥਾ ਲਿਖੀ ਗਈ। ਸਿਕੰਦਰ ਦੀਆਂ ਮੁਹਿੰਮਾਂ ਨੇ ਯੂਨਾਨੀ ਸਭਿਆਚਾਰ ਨੂੰ ਦੂਰ ਦੂਰ ਤਕ ਫੈਲਾ ਦਿੱਤਾ। ਇਹ ਪ੍ਰਭਾਵ ਮੱਧ ਏਸ਼ੀਆ ਤੋਂ ਲੈ ਕੇ ਉਤਰ ਪੱਛਮੀ ਭਾਰਤ ਤਕ ਚਲਾ ਗਿਆ। ਏਥਨਜ਼ ਦੇ ਸਕੂਲ ਸਿਕੰਦਰ ਤੋਂ ਬਾਅਦ ਇਕ ਹਜ਼ਾਰ ਸਾਲ ਤੱਕ ਚੱਲਦੇ ਰਹੇ। ਅਰਸਤੂ ਦੀ ਬੌਧਿਕਤਾ ਨੂੰ ਅੱਗੇ ਵਧਾਉਣ ਲਈ ਸਿਕੰਦਰ ਨੇ ਬਹੁਤ ਖਰਚ ਕੀਤਾ ਸੀ। ਸਿਕੰਦਰ ਦੇ ਮਿੱਤਰ ਬਾਅਦ ਵਿਚ ਅਲੈਗਜੰਡਰੀਆ ਦੇ ਰਾਜਾ ਬਣੇ ਮੈਸੀਡੋਨੀਅਨ ਸੈਨਾ ਨਾਇਕ ਸਲੇਮੀ ਨੇ ਖੋਜ ਕਾਰਜ ਅੱਗੇ ਵਧਾਏ। ਕੁਝ ਸਮੇਂ ਬਾਅਦ ਅੱਜ ਦੇ ਮਿਸਰ (Egypt) ਦਾ ਸਮੁੰਦਰ ਦੇ ਕਿਨਾਰੇ ਵਸਿਆ ਇਹ ਸ਼ਹਿਰ ਟਾਲਮੀ (Ptolemy) ਦੇ ਅਧੀਨ ਆ ਗਿਆ। ਉਹ ਪਹਿਲਾ ਬੰਦਾ ਸੀ ਜਿਸ ਨੇ ਵਿਗਿਆਨਕ ਖੋਜਾਂ ਲਈ ਸਥਾਈ ਕੋਸ਼ ਦੀ ਸਥਾਪਨਾ ਕੀਤੀ। ਸਿਕੰਦਰ ਦੀ ਮੌਤ ਤੋਂ ਬਾਅਦ ਟਾਲਮੀ ਉਸ ਦੀ ਮ੍ਰਿਤਕ ਦੇਹ ਨੂੰ ਅਲੈਗਜੰਡਰੀਆ ਲੈ ਆਇਆ ਸੀ। ਮਿਸਰ ਉੱਪਰ ਆਪਣੀ ਜਿੱਤ ਤੋਂ ਬਾਅਦ ਸਿਕੰਦਰ ਨੇ ਹੀ ਆਪਣੇ ਨਾਮ ’ਤੇ ਇਸ ਸ਼ਹਿਰ ਦੀ ਸਥਾਪਨਾ ਕੀਤੀ ਸੀ।

ਅਰਸਤੂ ਦੇ ਵਿਦਿਆਰਥੀ ਟਾਲਮੀ ਦੁਆਰਾ ਸ਼ੁਰੂ ਕੀਤਾ ਖੋਜ ਕਾਰਜ ਤਿੰਨ ਪੀੜ੍ਹੀਆਂ ਤਕ ਚੱਲਦਾ ਰਿਹਾ। ਇਸ ਨੇ ਦੂਰੋਂ ਨੇੜਿਉਂ ਵਿਗਿਆਨੀਆਂ ਨੂੰ ਆਕਰਸ਼ਤ ਕੀਤਾ। ਧਰਤੀ ਦਾ ਮਾਪ ਸਿਰਫ਼ 50 ਮੀਲ ਦੀ ਗ਼ਲਤੀ ਨਾਲ ਪਹਿਲੀ ਵਾਰ ਏਥੇ ਹੀ ਹੋਇਆ। ਤਾਰਿਆਂ ਦੀ ਤਸਵੀਰ ਤੇ ਸੂਚੀ ਪਹਿਲੀ ਵਾਰ ਏਥੇ ਹੀ ਬਣੀ। ਹੀਰੋ ਨਾਲ ਦੇ ਵਿਗਿਆਨੀ ਨੇ ਭਾਫ ਨਾਲ ਚੱਲਣ ਵਾਲਾ ਪਹਿਲਾ ਇੰਜਣ ਏਥੇ ਹੀ ਬਣਾਇਆ। ਪ੍ਰਸਿੱਧ ਵਿਗਿਆਨੀ ਆਰਕਮੀਡੀਜ਼ ਇਟਲੀ ਦੇ ਸ਼ਹਿਰ ਸਿਰਾਕਊਜ (Syracuse) ਤੋਂ ਚੱਲ ਕੇ ਪੜ੍ਹਨ ਲਈ ਅਲੈਗਜੰਡਰੀਆ ਆਇਆ ਸੀ। ਇਸ ਸ਼ਹਿਰ ਵਿਚ ਟਾਲਮੀ ਪਹਿਲੇ ਅਤੇ ਦੂਜੇ ਦੇ ਜੀਵਨ ਕਾਲ ਵਿਚ ਗਿਆਨ ਦੀ ਅਜਿਹੀ ਜਵਾਲਾ ਜਗਦੀ ਰਹੀ ਜਿਹੜੀ ਸੰਸਾਰ ਨੇ 16 ਸਦੀਆਂ ਤਕ ਦੁਬਾਰਾ ਨਹੀਂ ਦੇਖੀ। ਟਾਲਮੀ ਖਾਨਦਾਨ ਦੇ ਅੰਤ ਨਾਲ ਇਹ ਸ਼ਹਿਰ ਮਿਸਰ ਦੇ ਧਾਰਮਿਕ ਪੁਜਾਰੀਆਂ ਦੇ ਪ੍ਰਭਾਵ ਹੇਠ ਆ ਗਿਆ।

ਟਾਲਮੀ ਪਹਿਲੇ ਨੇ ਵੱਡੀ ਸ਼ਾਨਦਾਰ ਲਾਇਬਰੇਰੀ ਬਣਾਈ। ਉਹ ਏਥੇ ਕਿਤਾਬਾਂ ਦੀਆਂ ਨਕਲਾਂ ਤਿਆਰ ਕਰਵਾਉਂਦਾ ਸੀ। ਵੱਡੀ ਗਿਣਤੀ ਵਿਚ ਕਾਤਿਬ ਲੋਕ ਨੌਕਰੀ ਕਰਦੇ ਸਨ ਤੇ ਤਿਆਰ ਕਿਤਾਬਾਂ ਵੇਚਦੇ ਸਨ। ਜਿਸ ਕਿਸਮ ਦੀਆਂ ਬੌਧਿਕ ਸਰਗਰਮੀਆਂ ਵੀਹਵੀਂ ਸਦੀ ਵਿਚ

ਹੋਈਆਂ, ਉਨ੍ਹਾਂ ਦੀ ਸ਼ੁਰੂਆਤ ਅਲੈਗਜ਼ੰਡਰੀਆ ਸ਼ਹਿਰ ਵਿਚ ਉਦੋਂ ਹੋਈ ਸੀ। ਉਸ ਸ਼ਹਿਰ ਵਿਚ ਕੱਚ ਅਤੇ ਧਾਤ ਦਾ ਕੰਮ ਵੀ ਵੱਡੇ ਪੱਧਰ ’ਤੇ ਹੋ ਰਿਹਾ ਸੀ। ਵਿਗਿਆਨੀਆਂ ਅਤੇ ਕਾਰੀਗਰਾਂ ਦਾ ਆਪਸੀ ਸੰਬੰਧ ਨਹੀਂ ਬਣ ਸਕਿਆ ਜਿਸ ਕਾਰਨ ਖੋਜ ਕਾਰਜ ਦੁਨਿਆਵੀ ਰੂਪ ਨਹੀਂ ਲੈ ਸਕੇ। ਭਾਫ਼ ਦੇ ਇੰਜਣ ਨੂੰ ਨਾ ਪਾਣੀ ਵਾਲਾ ਪੰਪ ਚਲਾਉਣ ਲਈ ਵਰਤਿਆ ਗਿਆ ਤੇ ਨਾ ਹੀ ਕਿਸ਼ਤੀ ਜਾਂ ਗੱਡੀ ਉਤੇ ਲਗਾ ਕੇ ਜਾਗਰਨ ਕਾਲ (Renaissance) ਵਿਚ ਇਹ ਵਸਤੂਆਂ ਦੁਬਾਰਾ ਬਣੀਆਂ ਤੇ ਵਿਹਾਰਕ ਰੂਪ ਵਿਚ ਵਰਤੋਂ ਵਿਚ ਆਉਣ ਲੱਗੀਆਂ।

ਛੇਵੀਂ ਸਦੀ ਈਸਾ ਪੂਰਵ (2600 ਸਾਲ ਪਹਿਲਾਂ) ਨੂੰ ਮਾਨਵ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਮਨੁੱਖ ਵੀਹ ਹਜ਼ਾਰ ਸਾਲ ਦੇ ਬਚਪਨੇ ਤੋਂ ਬਾਅਦ ਇਸ ਸਦੀ ਵਿਚ ਜਾਗਦਾ ਪ੍ਰਤੀਤ ਹੁੰਦਾ ਹੈ। ਇਸ ਸਦੀ ਵਿਚ ਜਿੱਥੇ ਯੂਨਾਨ ਵਿਚ ਸੁਕਰਾਤ, ਪਲੈਟੋ ਤੇ ਅਰਸਤੂ ਵਰਗੇ ਦਾਰਸ਼ਨਿਕਾਂ ਨੇ ਸੰਸਾਰ ਚਿੰਤਨ ਦੀ ਨੀਂਹ ਰੱਖੀ, ਉੱਥੇ ਭਾਰਤ ਵਿਚ ਗੌਤਮ ਬੁੱਧ ਦਾਰਸ਼ਨਿਕ ਪ੍ਰਵਚਨ ਕਰ ਰਹੇ ਸਨ। ਬੇਬੀਲੋਨ ਵਿਚ ਇਸਾਈਆ ਚਿੰਤਨ ਵਿਚ ਮਗਨ ਸਨ, ਉਥੇ ਉਸੇ ਸਮੇਂ ਚੀਨ ਵਿਚ ਕਨਫਿਊਸ਼ੀਅਸ ਆਪਣੀਆਂ ਸਿੱਖਿਆਵਾਂ ਦੇ ਰਿਹਾ ਸੀ। ਲੋਕ ਰਾਜਾਸ਼ਾਹੀ, ਪੁਰੋਹਤਸ਼ਾਹੀ ਤੇ ਬਲੀ ਪ੍ਰਥਾ ਨੂੰ ਸ਼ੱਕ ਦੀ ਨਜ਼ਰ ਨਾਲ ਦੇਖ ਰਹੇ ਸਨ। ਮਾਨਵਤਾ ਨੇ ਆਪਣੇ ਚਿੰਤਕ ਪੈਦਾ ਕਰ ਲਏ ਸਨ।

ਭਾਰਤ ਵਿਚ ਆਉਣ ਵਾਲੇ ਆਰੀਆ ਦੀ ਭਾਸ਼ਾ ਸੰਸਕ੍ਰਿਤ ਸੀ। ਭਾਰਤ ਵਿਚ ਆਰੀਆ ਲੋਕਾਂ ਦਾ ਸਾਹਮਣਾ ਕਾਲੇ ਦਰਾਵਿੜ ਲੋਕਾਂ ਨਾਲ ਹੋਇਆ ਜਿਹੜੇ ਆਰੀਆ ਨਾਲੋਂ ਵਧੇਰੇ ਸਭਿਅਕ ਸਨ ਪਰੰਤੂ ਇਨ੍ਹਾਂ ਲੋਕਾਂ ਵਿਚ ਸਿੰਧੂ ਤੇ ਗੰਗਾ ਦੇ ਮੈਦਾਨਾਂ ਵਿਚ ਆਪਣਾ ਕਬਜ਼ਾ ਬਣਾਏ ਰੱਖਣ ਦੀ ਮਜ਼ਬੂਤ ਇੱਛਾ ਸ਼ਕਤੀ ਨਹੀਂ ਸੀ। ਆਰੀਆ ਲੋਕ ਇਨ੍ਹਾਂ ਵਿਚ ਉਸ ਤਰ੍ਹਾਂ ਨਹੀਂ ਘੁਲ ਮਿਲ ਸਕੇ ਜਿਉਂ ਉਹ ਯੂਨਾਨੀ ਤੇ ਪਰਸ਼ੀਅਨ ਲੋਕਾਂ ਵਿਚ ਘੁਲ ਮਿਲ ਗਏ ਸਨ। ਸਿਕੰਦਰ ਤੇ ਪੋਰਸ ਦਾ ਯੁੱਧ ਸਿੰਧੂ ਨਦੀ ਦੇ ਕੰਢੇ ’ਤੇ ਹੋਇਆ ਸੀ। ਯੂਨਾਨੀ ਇਤਿਹਾਸਕਾਰ ਲਿਖਦੇ ਹਨ ਕਿ ਕੋਈ ਚੰਦਰ ਗੁਪਤ ਮੋਰੀਆ ਨਾਮ ਦਾ ਬੰਦਾ ਸਿਕੰਦਰ ਦੇ ਸ਼ਿਵਰ ਵਿਚ ਉਸ ਨੂੰ ਮਿਲਣ ਆਇਆ ਸੀ ਤੇ ਉਸ ਨੇ ਸਿਕੰਦਰ ਨੂੰ ਗੰਗਾ ਦੇ ਮੈਦਾਨ ’ਤੇ ਹਮਲਾ ਕਰ ਕੇ ਪੂਰੇ ਭਾਰਤ ਨੂੰ ਆਪਣੇ ਅਧੀਨ ਕਰਨ ਦਾ ਮਸ਼ਵਰਾ ਦਿੱਤਾ। ਸਿਕੰਦਰ ਨੇ ਤਾਂ ਉਸ ਦੀ ਗੱਲ ਨਹੀਂ ਮੰਨੀ ਪਰ ਚੰਦਰ ਗੁਪਤ ਯੂਨਾਨੀਆਂ ਦੀ ਮਦਦ ਤੋਂ ਬਿਨਾਂ ਹੀ ਇਹ ਸੁਪਨਾ ਪੂਰਾ ਕਰਨ ਵਿਚ ਸਫ਼ਲ ਹੋ ਗਿਆ। ਉਸ ਨੇ ਪੰਜਾਬ ਵਿਚ ਸੈਲੂਕਸ ਪਹਿਲੇ ’ਤੇ ਹਮਲਾ ਕਰ ਕੇ ਯੂਨਾਨੀਆਂ ਦੀ ਸੱਤਾ ਦੀਆਂ ਅੰਤਮ ਨਿਸ਼ਾਨੀਆਂ ਨੂੰ ਖ਼ਤਮ ਕਰ ਕੇ ਭਜਾ ਦਿੱਤਾ। ਅਸ਼ੋਕ ਦੀ ਮਹਾਨਤਾ ਦੀ ਉਦਾਹਰਨ ਉਸ ਸਮੇਂ ਤਕ ਕਿਤੇ ਨਹੀਂ ਮਿਲਦੀ। ਉਸ ਦੀ ਮੌਤ ਤੋਂ ਬਾਅਦ ਬ੍ਰਾਹਮਣਵਾਦ ਨੇ ਬੁੱਧ ਧਰਮ ਦੀ ਆਲੋਚਨਾ ਕਰਦਿਆਂ ਇਸ ਨੂੰ ਖ਼ਤਮ ਕਰਨਾ ਸ਼ੁਰੂ ਕਰ ਦਿੱਤਾ। ਹੌਲ਼ੀ ਹੌਲ਼ੀ ਮੂਰਤੀ ਪੂਜਕ ਧਰਮ ਤੇ ਜਾਤੀ ਪ੍ਰਥਾ ਫਿਰ ਤਾਕਤਵਰ ਹੋ ਗਈ। ਬੁੱਧ ਧਰਮ ਹੌਲ਼ੀ ਹੌਲ਼ੀ ਚੀਨ, ਜਾਪਾਨ ਤੇ ਬਰ੍ਹਮਾ ਵਰਗੇ ਦੇਸ਼ਾਂ ਵਿਚ ਫੈਲ ਗਿਆ ਅਤੇ ਹੁਣ ਤਕ ਇਹ ਉੱਥੇ ਪ੍ਰਭਾਵਸ਼ਾਲੀ ਹੈ।

ਹੂਣ ਲੋਕਾਂ ਦਾ ਮੂਲ ਸਥਾਨ ਮੰਗੋਲੀਆ (ਕੇਂਦਰੀ ਏਸ਼ੀਆ) ਸੀ। ਚੀਨ ਵਿਚ ਹੂਣ ਲੋਕ ਵੱਡੀ ਗਿਣਤੀ ਵਿਚ ਜਾਂਦੇ ਰਹੇ। ਚੀਨ ਦਾ ਮੰਗੋਲੀਕਰਨ ਉਸ ਤਰ੍ਹਾਂ ਹੋਇਆ ਜਿਵੇਂ ਭਾਰਤ ਦਾ ਆਰੀਆਕਰਨ ਹੋਇਆ।

ਰੋਮਨ ਸਾਮਰਾਜ ਵਿਚ ਕਿਸਾਨਾਂ ਨੂੰ ਬਾਹਰ ਕੱਢ ਕੇ ਗ਼ੁਲਾਮਾਂ ਤੋਂ ਕੰਮ ਕਰਾਇਆ ਜਾਣ ਲੱਗਾ। ਕਿਸਾਨਾਂ ਨੇ ਆਪਣੇ ਅਧਿਕਾਰ ਵਾਪਸ ਲੈਣ ਅਤੇ ਕਰਜ਼ਾ ਮੁਆਫ਼ ਕਰਵਾਉਣ ਲਈ ਸੰਘਰਸ਼ ਕੀਤੇ। ਪ੍ਰਸਿੱਧ ਇਤਿਹਾਸ ਨਾਇਕ ਸਪਾਰਟਕਸ ਨੇ 73 ਈਸਾ ਪੂਰਬ ਵਿਚ ਗੁਲਾਮਾਂ ਦੇ ਵਿਦਰੋਹ ਦੀ ਅਗਵਾਈ ਕੀਤੀ। ਸਪਾਰਟਕਸ ਗ਼ੁਲਾਮ ਸਿੱਖਿਅਤ ਯੋਧਾ (gladiator) ਸੀ ਅਤੇ ਗ਼ੁਲਾਮਾਂ ਨੂੰ ਆਜ਼ਾਦ ਕਰਨਾ ਚਾਹੁੰਦਾ ਸੀ। ਸਪਾਰਟਕਸ ਅਤੇ ਉਸ ਦੇ ਸਾਥੀ ਗਲੈਡੀਏਟਰਾਂ ਨੇ ਗ਼ੁਲਾਮਾਂ ਨੂੰ

ਲੜਨ ਦੇ ਗੁਰ ਸਿਖਾਏ। ਗ਼ੁਲਾਮਾਂ ਦੀ ਇਹ ਫੌਜ ਸ਼ਾਂਤ ਵਿਸੂਵੀਅਸ ਜਵਾਲਾਮੁਖੀ ਵਿਚ ਰਹੀ। ਦੋ ਸਾਲਾਂ ਬਾਅਦ ਇਹ ਵਿਦਰੋਹ ਕੁਚਲ ਦਿੱਤਾ ਗਿਆ। ਗ੍ਰਿਫ਼ਤਾਰ ਕੀਤੇ 6000 ਸਪਾਰਟਕਸਵਾਦੀਆਂ ਨੂੰ ਰੋਮ ਤੋਂ ਦੱਖਣ ਵੱਲ ਜਾਣ ਵਾਲੇ ਅਲਪਾਈਨ-ਵੇਅ ਦੇ ਕਿਨਾਰੇ ਕਿਨਾਰੇ ਸੂਲੀਆਂ ਗੱਡ ਕੇ ਉੱਪਰ ਚੜ੍ਹਾ ਦਿੱਤਾ ਗਿਆ। ਸਪਾਰਟਕਸ ਵੀ ਇਨ੍ਹਾਂ ਵਿਚ ਸ਼ਾਮਲ ਸੀ।

ਅੱਜੋਕੇ ਜਰਮਨੀ ਅਤੇ ਰੂਸ ਦੇ ਬਹੁਤੇ ਭਾਗਾਂ ਵਿਚ ਜੰਗਲ ਸੀ। ਰੋਮਨ ਸਾਮਰਾਜ ਨੇ ਇੰਗਲੈਂਡ, ਫਰਾਂਸ, ਸਪੇਨ, ਰੁਮਾਨੀਆ ਆਦਿ ਦੇਸ਼ਾਂ ਨੂੰ ਸਭਿਅਕ ਬਣਾਉਂਦਿਆਂ ਇਨ੍ਹਾਂ ਦਾ ਲੈਟਿਨੀਕਰਨ ਕੀਤਾ। ਇੱਥੋਂ ਤਕ ਕਿ ਅਫਰੀਕਾ ਦੇ ਉਤਰ ਪੱਛਮੀ ਹਿੱਸੇ ਵੀ ਇਸ ਨੇ ਆਪਣੇ ਰੰਗ ਵਿਚ ਰੰਗ ਦਿਤੇ।

ਮੰਗੋਲੀਆ ਦੇ ਹੂਣ ਲੋਕ ਭਾਰਤ ਦੇ ਪੰਜਾਬ ਵਿਚ ਅਤੇ ਉਸ ਤੋਂ ਅਗਲੇ ਮੈਦਾਨਾਂ ਤਕ ਜਾ ਕੇ ਵੀ ਹਮਲੇ ਕਰਦੇ ਰਹੇ। ਅਸ਼ੋਕ ਦੀ ਮੌਤ ਤੋਂ ਬਾਅਦ ਭਾਰਤ ਅੰਧਕਾਰ ਵਿਚ ਜਿਉਂ ਰਿਹਾ ਸੀ। ਤੁਰਕਿਸਤਾਨ ਦੇ ਹੂਣ ਗਰਮੀਆਂ ਵਿਚ ਪਸ਼ੂ ਚਾਰਦੇ ਰਹਿੰਦੇ ਤੇ ਸਰਦੀਆਂ ਵਿਚ ਭਾਰਤ ਨੂੰ ਲੁੱਟਣ ਲਈ ਆ ਧਮਕਦੇ।

ਜਿਸ ਸਮੇਂ ਰੋਮਨ ਸਮਰਾਟ ਆਗਸਟਸ ਸੀਜ਼ਰ ਰੋਮ ਵਿਚ ਰਾਜ ਕਰ ਰਿਹਾ ਸੀ, ਉਸ ਸਮੇਂ ਜੂਡੀਆ ਵਿਚ ਇਸਾਈ ਧਰਮ ਦੇ ਬਾਨੀ ਜੀਸਸ ਦਾ ਜਨਮ ਹੋਇਆ। ਜੀਸਸ ਦੀਆਂ ਸਿਖਿਆਵਾਂ ਯਹੂਦੀ ਧਰਮ ਦੇ ਵਿਸ਼ਵਾਸਾਂ ਨੂੰ ਤੋੜਦੀਆਂ ਸਨ। ਜੀਸਸ ਨੇ ਉਨ੍ਹਾਂ ਨੂੰ ਦੱਸਿਆ ਕਿ ਈਸ਼ਵਰ ਦੇ ਰਾਜ ਵਿਚ ਚੁਣੇ ਹੋਏ ਲੋਕ ਨਹੀਂ ਹੁੰਦੇ ਬਲਕਿ ਉਹ ਸਭ ਦਾ ਪਿਤਾ ਹੈ। ਸ਼ੁਰੂ ਵਿਚ ਇਸਾਈ ਧਰਮ ਦਾ ਸਖ਼ਤ ਵਿਰੋਧ ਹੋਇਆ। ਜੀਸਸ ਨੂੰ ਸੂਲੀ ’ਤੇ ਵੀ ਚੜ੍ਹਨਾ ਪਿਆ ਪਰ ਜਲਦੀ ਹੀ ਇਹ ਧਰਮ ਫੈਲਦਾ ਫੈਲਦਾ ਰੋਮਨ ਸਾਮਰਾਜ ਦਾ ਰਾਜ ਧਰਮ ਬਣ ਗਿਆ।

ਪੰਜਵੀਂ ਸਦੀ ਦੇ ਅੰਤ ਤਕ ਰੋਮਨ ਸਾਮਰਾਜ ਦਾ ਪਤਨ ਹੋ ਗਿਆ। ਸਮਰਾਟ ਦੀ ਗ਼ੈਰ-ਹਾਜ਼ਰੀ ਵਿਚ ਇਸਾਈ ਧਰਮ ਗੁਰੂ ਪੋਪ ਨੇ ਸਮਰਾਟ ਵਾਲੀਆਂ ਤਾਕਤਾਂ ਦਾ ਪ੍ਰਗਟਾਵਾ ਕਰਨਾ ਸ਼ੁਰੂ ਕਰ ਦਿੱਤਾ।

ਅਰਬ ਸੰਸਾਰ ਨੂੰ ਪ੍ਰਭਾਵਤ ਕਰਨ ਵਾਲਾ ਬੰਦਾ ਹਜ਼ਰਤ ਮੁਹੰਮਦ ਮੱਕਾ ਨਗਰ ਦੇ ਇਕ ਅਮੀਰ ਵਪਾਰੀ ਦੀ ਵਿਧਵਾ ਦੇ ਨੌਜਵਾਨ ਪਤੀ ਦੇ ਰੂਪ ਵਿਚ ਇਤਿਹਾਸ ਵਿਚ ਪ੍ਰਗਟ ਹੋਇਆ। ਉਸ ਨੇ 40 ਸਾਲ ਦੀ ਉਮਰ ਤਕ ਕੋਈ ਵੀ ਇਹੋ ਜਿਹਾ ਕੰਮ ਨਹੀਂ ਕੀਤਾ ਜਿਸ ਵਾਸਤੇ ਲੋਕ ਉਸ ਨੂੰ ਜਾਣਦੇ। ਉਸ ਸਮੇਂ ਮੱਕਾ ਮੂਰਤੀਪੂਜਕ ਨਗਰ ਸੀ। ਉਸ ਨਗਰ ਵਿਚ ਕਾਅਬਾ ਨਾਮ ਦੇ ਕਾਲੇ ਪੱਥਰ ਦੀ ਪੂਜਾ ਕੀਤੀ ਜਾਂਦੀ ਸੀ। ਇਹ ਪੂਰੇ ਅਰਬ ਵਿਚ ਮਸ਼ਹੂਰ ਤੀਰਥ ਸਥਾਨ ਸੀ। ਉਸ ਸਮੇਂ ਦੱਖਣੀ ਅਰਬ ਵਿਚ ਬਹੁਤ ਸਾਰੇ ਯਹੂਦੀ ਵੀ ਵਸੇ ਹੋਏ ਸਨ। ਸੀਰੀਆ ਵਿਚ ਇਸਾਈ ਚਰਚ ਵੀ ਸਨ। ਹਜ਼ਰਤ ਮੁਹੰਮਦ ਨੇ 40 ਸਾਲ ਦੀ ਉਮਰ ਵਿਚ 1200 ਸਾਲ ਪਹਿਲਾਂ ਵਾਲੇ ਯਹੂਦੀ ਪੈਗ਼ੰਬਰਾਂ ਵਾਲੇ ਗੁਣ ਵਿਕਸਿਤ ਕਰਨੇ ਸ਼ੁਰੂ ਕੀਤੇ। ਉਸ ਉੱਪਰ ਯਹੂਦੀ ਅਤੇ ਇਸਾਈ ਵਿਚਾਰਾਂ ਦਾ ਪ੍ਰਭਾਵ ਸੀ। ਉਸ ਨੇ ਐਲਾਨ ਕੀਤਾ ਕਿ ਅਬਰਾਹਮ ਤੇ ਜੀਸਸ ਉਨ੍ਹਾਂ ਤੋਂ ਪਹਿਲੇ ਪੈਗ਼ੰਬਰ ਸਨ, ਉਹ ਪਰਮਾਤਮਾ ਦੇ ਭੇਜੇ ਹੋਏ ਆਖਰੀ ਪੈਗ਼ੰਬਰ ਹਨ।

ਜੇ ਹਜ਼ਰਤ ਮੁਹੰਮਦ ਨੇ ਇਸਲਾਮ ਦਾ ਆਰੰਭ ਕੀਤਾ ਤਾਂ ਅਬੂ ਬਕਰ ਨੇ ਇਸ ਨੂੰ ਫੈਲਾਉਣ ਦਾ ਕੰਮ ਕੀਤਾ। ਹਜ਼ਰਤ ਮੁਹੰਮਦ ਦੀ ਮੌਤ ਤੋਂ ਬਾਅਦ ਅਬੂ ਬਕਰ ਉਨ੍ਹਾਂ ਦੇ ਖਲੀਫ਼ਾ ਅਰਥਾਤ ਉੱਤਰਾਧਿਕਾਰੀ ਬਣ ਗਏ। ਉਸ ਨੇ ਤਿੰਨ ਚਾਰ ਹਜ਼ਾਰ ਅਰਬਾਂ ਦੀ ਸੈਨਾ ਨਾਲ ਅੱਲ੍ਹਾ ਦਾ ਝੰਡਾ ਬੁਲੰਦ ਕਰਨਾ ਸ਼ੁਰੂ ਕਰ ਦਿੱਤਾ। ਇਕ ਪਾਸੇ ਚੀਨ ਦੀ ਹੱਦ ਤਕ ਦੂਜੇ ਪਾਸੇ ਮਿਸਰ ਤਕ ਇਸਲਾਮ ਫੈਲਾ ਦਿੱਤਾ ਗਿਆ। ਅਲੈਗਜੰਡਰੀਆ ਦੇ ਪੁਸਤਕ ਨਿਰਮਾਣ ਉਦਯੋਗ ਦੇ ਬਚੇ ਖੁਚੇ ਕਾਰੋਬਾਰ ਨੂੰ ਤਬਾਹ ਕਰ ਦਿੱਤਾ ਗਿਆ। ਇਹ ਸਪੇਨ ਤਕ ਪਹੁੰਚ ਗਏ ਪਰ ਫਰਾਂਸ ਵਿਚ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ।

ਇਸਲਾਮੀ ਚੇਤਨਾ ਨੇ ਮੂਰਤੀ ਪੂਜਾ ਅਤੇ ਪੁਜਾਰੀਵਾਦ ਦਾ ਸਫਾਇਆ ਕਰ ਦਿੱਤਾ। ਇਸ ਨੇ ਚੀਨ ਦੇ ਬੁੱਧ ਪ੍ਰਭਾਵੀ ਸੰਸਾਰ ਤੋਂ ਵਿਚਾਰਾਂ ਦੇ ਨਾਲ ਨਾਲ ਕਾਗ਼ਜ਼ ਬਣਾਉਣਾ ਸਿੱਖਿਆ। ਭਾਰਤ ਤੋਂ ਗਣਿਤ ਸਿੱਖਿਆ ਪ੍ਰਾਪਤ ਕੀਤੀ। ਯਹੂਦੀ, ਅਰਬੀ, ਯੂਨਾਨੀ ਪਹਿਲਾਂ ਹੀ ਨੇੜੇ ਨੇੜੇ ਸਨ। ਗਣਿਤ, ਦਵਾਈ ਵਿਗਿਆਨ ਤੇ ਭੌਤਿਕ ਵਿਗਿਆਨ ਦੇ ਖੇਤਰ ਵਿਚ ਮਹਾਨ ਤਰੱਕੀ ਹੋਣ ਲੱਗੀ। ਪਹਿਲੀ ਵਾਰ ਸਿਫ਼ਰ, ਅਲਜਬਰਾ ਤੇ ਕੈਮਿਸਟਰੀ ਸ਼ਬਦਾਂ ਦੀ ਵਰਤੋਂ ਹੋਣ ਲੱਗੀ। ਅਰਬ ਦੇ ਰਸਾਇਣ ਵਿਗਿਆਨੀਆਂ ਨੂੰ ਅਲ-ਕੈਮਿਸਟ ਕਿਹਾ ਜਾਂਦਾ ਸੀ। ਇਹ ਅੰਮ੍ਰਿਤ ਬਣਾਉਣ ਦੇ ਤਰੀਕੇ ਸੋਚਦੇ ਰਹੇ ਤਾਂ ਕਿ ਮਨੁੱਖ ਨੂੰ ਸਦੀਵਤਾ ਪ੍ਰਦਾਨ ਕੀਤੀ ਜਾ ਸਕੇ।

ਨੌਵੀਂ ਸ਼ਤਾਬਦੀ ਵਿਚ ਜਦੋਂ ਯੂਰਪ ਲੁੱਟ ਖਸੁੱਟ ਤੇ ਲੜਾਈਆਂ ਵਿਚ ਉਲਝਿਆ ਹੋਇਆ ਸੀ, ਉਸ ਸਮੇਂ ਮਿਸਰ ਅਤੇ ਮੈਸੋਪਟਾਮੀਆਂ ਵਿਚ ਮਹਾਨ ਅਰਬੀ ਸਾਮਰਾਜ ਵਧ ਫੁਲ ਰਿਹਾ ਸੀ। ਇਹ ਯੂਰਪ ਨਾਲੋਂ ਵਧੇਰੇ ਸਭਿਅਕ ਸੀ। ਇੱਥੋਂ ਤਕ ਕਿ ਸਪੇਨ ਅਤੇ ਅਫਰੀਕਾ ਵਿਚ ਵੀ ਊਰਜਤ ਬੌਧਿਕ ਜੀਵਨ ਧੜਕ ਰਿਹਾ ਸੀ। ਯੂਰਪ ਦੇ ਅੰਧਕਾਰ ਦੇ ਸਮੇਂ ਦੌਰਾਨ ਯਹੂਦੀ ਅਤੇ ਅਰਬ ਲੋਕ ਅਰਸਤੂ ਦੇ ਸਾਹਿਤ ਦਾ ਅਧਿਐਨ ਕਰਦੇ ਤੇ ਉਸ ਉਪਰ ਵਿਚਾਰ ਚਰਚਾ ਕਰਦੇ ਸਨ।

ਇਸ ਦੌਰਾਨ ਇਸਾਈਆਂ ਦੇ ਆਪਸੀ ਯੁੱਧਾਂ 'ਤੇ ਰੋਕ ਲਗਾ ਕੇ ਜੇਰੂਸਲਮ ਉੱਪਰ ਕਾਬਜ਼ ਤੁਰਕਾਂ ਤੋਂ ਇਸਾਈ ਮਕਬਰਿਆਂ ਨੂੰ ਆਜ਼ਾਦ ਕਰਾਉਣ ਦੀ ਗੱਲ ਉੱਠੀ। ਕਿਸੇ ਇਕ ਦੂਰ ਦੇ ਨਿਸ਼ਾਨੇ ਬਾਰੇ ਲੋਕਾਈ ਦਾ ਉਠ ਖੜ੍ਹੇ ਹੋਣਾ ਮਨੁੱਖ ਜਾਤੀ ਦੇ ਇਤਿਹਾਸ ਵਿਚ ਵਿਲੱਖਣ ਘਟਨਾ ਸੀ। ਪਹਿਲੇ ਧਰਮ ਯੁੱਧ ਦੀ ਸਿੱਖਿਆ ਯੂਰਪ ਦੇ ਇਤਿਹਾਸ ਵਿਚ ਆਮ ਜਨ ਸਾਧਾਰਨ ਦੀ ਹਲਚਲ ਦੀ ਪਹਿਲੀ ਘਟਨਾ ਸੀ। ਕਿਸੇ ਸਾਜ਼ੋ-ਸਮਾਨ ਜਾਂ ਹਥਿਆਰਾਂ ਦੀ ਉਡੀਕ ਕੀਤੇ ਬਿਨਾਂ ਭਾਰੀ ਗਿਣਤੀ ਵਿਚ ਲੋਕ ਭੀੜ ਦੇ ਰੂਪ ਵਿਚ ਜੇਰੂਸਲਮ ਵੱਲ ਚੱਲ ਪਏ। ਇਸ ਤੋਂ ਪਹਿਲਾਂ ਕਿ ਇਹ ਯੂਰਪ ਤੇ ਫਿਰ ਤੁਰਕੀ ਨੂੰ ਪਾਰ ਕਰ ਕੇ ਮੌਜੂਦਾ ਇਜ਼ਰਾਈਲ ਦੇ ਸ਼ਹਿਰ ਜੇਰੂਸਲਮ ਪਹੁੰਚਦੇ, ਇਨ੍ਹਾਂ ਕਰੂਸੇਡਰਾਂ (ਧਰਮ ਯੋਧਿਆਂ) ਦਾ ਤੁਰਕਾਂ ਵੱਲੋਂ ਕਤਲ ਕਰ ਦਿੱਤਾ ਗਿਆ।

ਅਗਲੇ ਸਾਲ 1097 ਈਸਵੀ ਵਿਚ ਅਸਲੀ ਸਿੱਖਿਅਤ ਕਰੂਸੇਡਰਾਂ ਨੇ ਫਿਰ ਆਪਣੀ ਮੁਹਿੰਮ ਸ਼ੁਰੂ ਕੀਤੀ ਤੇ ਉਨ੍ਹਾਂ ਨੇ ਅੜਤਲਾਂ ਪਾਰ ਕਰਦੇ ਹੋਏ ਜੂਨ 1099 ਵਿਚ ਜੇਰੂਸਲਮ ਨੂੰ ਘੇਰਾ ਪਾ ਲਿਆ। 15 ਜੁਲਾਈ, 1099 ਨੂੰ ਜੇਰੂਸਲਮ ਦੇ ਲੋਕਾਂ ਦਾ ਕਤਲੇਆਮ ਕਰ ਕੇ ਇਨ੍ਹਾਂ ਕਰੂਸੇਡਰਾਂ ਨੇ ਮਕਬਰੇ ਵਾਲੇ ਚਰਚ ਵਿਚ ਦਾਖਲਾ ਪਾ ਲਿਆ। ਸੰਨ 1187 ਵਿਚ ਮੁਸਲਮਾਨਾਂ ਨੇ ਫਿਰ ਚੜ੍ਹਾਈ ਕੀਤੀ ਤੇ ਜੇਰੂਸਲਮ 'ਤੇ ਕਬਜ਼ਾ ਕਰ ਲਿਆ।

ਤੇਰ੍ਹਵੀਂ ਸਦੀ ਵਿਚ ਇਕ ਪਾਸੇ ਨਵਾਂ ਪੋਪ ਯੂਰਪ ਦੇ ਇਸਾਈ ਰਾਜਿਆਂ ਨੂੰ ਇਕਜੁੱਟ ਕਰਨ ਦਾ ਯਤਨ ਕਰ ਰਿਹਾ ਸੀ, ਉਸ ਸਮੇਂ ਇਤਿਹਾਸ ਦੇ ਰੰਗਮੰਚ 'ਤੇ ਚੀਨ ਦੇ ਉੱਤਰ ਵਾਲੇ ਪਾਸੇ ਦੇ ਤਾਤਾਰ ਲੋਕ ਇਕ ਦਮ ਪ੍ਰਗਟ ਹੋਣ ਲੱਗੇ। ਉਨ੍ਹਾਂ ਨੇ ਅਜਿਹੀਆਂ ਜਿੱਤਾਂ ਹਾਸਲ ਕਰਨੀਆਂ ਸ਼ੁਰੂ ਕੀਤੀਆਂ ਜਿਨ੍ਹਾਂ ਦੀ ਉਦਾਹਰਨ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ ਸੀ। ਇਹ ਮੰਗੋਲ ਲੋਕ ਸਨ।

1124 ਵਿਚ ਮੰਗੋਲ ਨੇਤਾ ਚੰਗੇਜ਼ ਖ਼ਾਨ ਨੇ ਚੀਨ ਦੇ ਪੀਕਿੰਗ ਉਤੇ ਕਬਜ਼ਾ ਕਰ ਲਿਆ। ਉਸ ਨੇ ਭਾਰਤ ਦੇ ਲਾਹੌਰ, ਤੁਰਕਿਸਤਾਨ, ਪਰਸ਼ੀਆ ਤੇ ਅਰਮੀਨੀਆ ਅਤੇ ਦੂਜੇ ਪਾਸੇ ਹੰਗਰੀ ਤੇ ਦੱਖਣੀ ਰੂਸ ਜਿੱਤ ਲਿਆ। ਚੰਗੇਜ਼ ਖ਼ਾਨ ਬਹੁਤ ਵੱਡੇ ਸਾਮਰਾਜ ਦਾ ਰਾਜਾ ਬਣ ਕੇ ਮਰਿਆ। ਉਸ ਦੇ ਉਤਰਾਧਿਕਾਰੀ ਔਂਗਦਈ ਖ਼ਾਨ ਨੇ ਮੰਗੋਲੀਆ ਦੇ ਕਰਾਕੋਰਮ ਨੂੰ ਪੱਕੀ ਰਾਜਧਾਨੀ ਬਣਾਇਆ। ਉਸ ਦੀ ਸੈਨਾ ਕੋਲ਼ ਚੀਨ ਦੁਆਰਾ ਖੋਜਿਆ ਬਾਰੂਦ ਅਤੇ ਛੋਟੀਆਂ ਬੰਦੂਕਾਂ ਸਨ। ਉਸ ਨੇ ਚੀਨ, ਕੀਵ, ਪੋਲੈਂਡ ਤੇ ਜਰਮਨ ਤਕ ਜਿੱਤਾਂ ਹਾਸਲ ਕਰ ਕੇ ਧਰਤੀ ਦੇ ਵੱਡੇ ਹਿੱਸੇ ਨੂੰ ਰੌਂਦ ਕੇ ਰੱਖ ਦਿੱਤਾ। ਇਹ ਖ਼ਾਨ ਟੈਂਗਵਾਦੀ ਧਰਮ ਨੂੰ ਮੰਨਦੇ ਸਨ ਤੇ ਇਸਲਾਮ ਦੇ ਸਖ਼ਤ ਵਿਰੋਧੀ ਸਨ। ਇਨ੍ਹਾਂ ਨੇ ਇਸਲਾਮੀ ਖੇਤਰ ਦੇ ਬਗਦਾਦ ਉੱਪਰ ਕਬਜ਼ਾ ਕਰ ਕੇ ਉੱਥੋਂ ਦੀ ਲੋਕਾਈ ਦਾ ਕਤਲੇਆਮ ਕੀਤਾ। ਇਸ ਖੇਤਰ ਦੇ ਸਦੀਆਂ ਪੁਰਾਣੇ ਸਿੰਜਾਈ ਪ੍ਰਬੰਧ ਨੂੰ ਤਹਿਸ ਨਹਿਸ ਕਰ ਕੇ

ਰੱਖ ਦਿੱਤਾ। ਇਸ ਪ੍ਰਬੰਧ ਨੇ ਮੈਸੋਪਟਾਮੀਆ ਦੇ ਇਲਾਕੇ ਨੂੰ ਉਪਜਾਊ ਬਣਾਇਆ ਹੋਇਆ ਸੀ ਤੇ ਏਥੇ ਸੰਘਣੀ ਵਸੋਂ ਦਾ ਪਾਲਣ ਪੋਸ਼ਣ ਹੁੰਦਾ ਸੀ। ਇਹ ਖੇਤਰ ਉਦੋਂ ਤੋਂ ਲੈ ਕੇ ਹੁਣ ਤਕ ਰੇਗਿਸਤਾਨ ਬਣਿਆ ਹੋਇਆ ਹੈ।

ਖਾਨ ਵੰਸ਼ ਨੇ ਬਾਅਦ ਵਿਚ ਇਸਲਾਮ ਕਬੂਲ ਕਰ ਲਿਆ। ਇਨ੍ਹਾਂ ਨੂੰ ਮਿਸਰ ਤੇ ਚੀਨ ਦੇ ਲੋਕਾਂ ਨੇ ਹਰਾ ਦਿੱਤਾ। ਚੌਦਵੀਂ ਸਦੀ ਵਿਚ ਤੈਮੂਰ ਲੰਗ ਦੇ ਅਧੀਨ ਮੰਗੋਲ ਦੁਬਾਰਾ ਥੋੜ੍ਹੇ ਜਿਹੇ ਤਾਕਤਵਰ ਬਣੇ। ਸੰਨ 1369 ਵਿਚ ਇਸ ਨੇ ਸੀਰੀਆ ਤੋਂ ਦਿੱਲੀ ਤਕ ਆਪਣਾ ਰਾਜ ਸਥਾਪਤ ਕੀਤਾ ਪਰ ਇਹ ਉਸ ਦੀ ਮੌਤ ਤੋਂ ਬਾਅਦ ਖੁੱਸ ਗਿਆ। ਸੰਨ 1526 ਈਸਵੀ ਨੂੰ ਮੰਗੋਲਾਂ ਦੇ ਖ਼ਾਨਦਾਨ ਨਾਲ ਸੰਬੰਧਤ ਬਾਬਰ ਨੇ ਭਾਰਤ ਵਿਚ ਮੁਗਲ ਰਾਜ ਦੀ ਨੀਂਹ ਰੱਖੀ।

ਮੰਗੋਲਾਂ ਨੇ ਆਪਣੀ ਪਹਿਲੀ ਚੜ੍ਹਾਈ ਵਿਚ ਜਿਸ ਆਟੋਮਨ ਤੁਰਕ ਕਬੀਲੇ ਨੂੰ ਹਰਾ ਕੇ ਖਦੇੜ ਦਿੱਤਾ ਸੀ, ਉਸ ਕਬੀਲੇ ਨੇ ਏਸ਼ੀਆ ਮਾਈਨਰ ਵਿਚ ਆਪਣੇ ਪੈਰ ਜਮਾਏ ਤੇ ਫਿਰ ਆਟੋਮਨ (Ottoman Empire) ਰਾਜ ਦੇ ਤੌਰ 'ਤੇ ਪੱਛਮੀ ਏਸ਼ੀਆ, ਉਤਰੀ ਅਫਰੀਕਾ ਤੇ ਦੱਖਣੀ ਯੂਰਪ ਉੱਪਰ ਚੌਦਵੀਂ ਸਦੀ ਤੋਂ ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਤਕ ਰਾਜ ਕੀਤਾ। ਇਨ੍ਹਾਂ ਦੀ ਸਮੁੰਦਰੀ ਫੌਜ ਨੇ ਇਨ੍ਹਾਂ ਨੂੰ ਭੂ-ਮੱਧ ਸਾਗਰ ਦਾ ਮਾਲਕ ਬਣਾ ਕੇ ਰੱਖਿਆ।

ਨਿੱਜੀ ਯੁੱਧਾਂ ਦੀ ਸਮਾਪਤੀ ਅਤੇ ਧਰਮ ਯੁੱਧਾਂ ਦੀਆਂ ਜਿੱਤਾਂ ਤੋਂ ਬਾਅਦ ਯੂਰਪ ਦਾ ਵਪਾਰ ਵਧਣ ਫੁੱਲਣ ਲੱਗਾ। ਯੂਨਾਨੀ ਤੇ ਇਟੈਲੀਅਨ ਚਿੰਤਨ ਦੀ ਫਰੋਲਾ-ਫਰਾਲੀ ਹੋਣ ਲੱਗੀ। ਸਿੱਖਿਆ ਦਾ ਪੱਧਰ ਉੱਚਾ ਹੋਣ ਲੱਗਿਆ। ਤੇਰ੍ਹਵੀਂ ਤੇ ਚੌਦਵੀਂ ਸਦੀ ਆਤਮ-ਨਿਰਭਰ ਨਗਰਾਂ ਦਾ ਵਿਕਾਸ ਕਾਲ ਸੀ। ਇਸ ਸਮੇਂ ਵਿਚ ਵੀਨਸ, ਫਲੋਰੈਂਸ, ਜੈਨੇਵਾ, ਲਿਸਬਨ, ਪੈਰਿਸ, ਬਰਗੀਜ਼, ਲੰਡਨ, ਹੈਮਬਰਗ, ਨੋਵੋਗਰਾਦ ਵਰਗੇ ਨਗਰ ਵਧੇ ਫੁੱਲੇ। ਇਹ ਵਪਾਰਕ ਸ਼ਹਿਰ ਸਨ ਤੇ ਇਨ੍ਹਾਂ ਵਿਚ ਲੋਕਾਂ ਦੀ ਆਵਾਜਾਈ ਬਹੁਤ ਸੀ। ਲੋਕਾਂ ਵਿਚ ਵਿਚਾਰ-ਚਰਚਾ ਵਧੀ। ਸ਼ਬਦ ਤੇ ਅਰਥ ਦਾ ਮਹੱਤਵ ਵਧਿਆ। ਅਰਬ ਜਗਤ ਨੇ ਇਸਾਈ ਜਗਤ ਨੂੰ ਦਾਰਸ਼ਨਿਕ, ਅਲ-ਕੈਮਿਸਟ ਤੇ ਕਾਗ਼ਜ਼ ਦਿੱਤਾ। ਕਾਗ਼ਜ਼ ਦਾ ਇਸਤੇਮਾਲ ਦੂਜੀ ਸਦੀ ਸਦੀ ਵਿਚ ਚੀਨ ਵਿਚ ਸ਼ੁਰੂ ਹੋਇਆ ਸੀ। ਅਰਬ ਜਗਤ ਵਿਚ ਇਸ ਦਾ ਪ੍ਰਯੋਗ 9ਵੀਂ ਸਦੀ ਵਿਚ ਹੋਇਆ।

ਯੂਰਪ ਵਿਚ ਤੇਰ੍ਹਵੀਂ ਸਦੀ ਦੇ ਅੰਤ ਤਕ ਕਾਗ਼ਜ਼ ਨਹੀਂ ਬਣਦਾ ਸੀ। ਇਟਲੀ ਤੇ ਜਰਮਨੀ ਵਿਚ ਕਾਗ਼ਜ਼ 14ਵੀਂ ਸਦੀ ਵਿਚ ਪਹੁੰਚਿਆ। ਕਿਤਾਬਾਂ ਦੀ ਛਪਾਈ ਨਾਲ ਬੌਧਿਕਤਾ ਕਿਸੇ ਟਾਵੇਂ-ਟੱਲੇ ਦਿਮਾਗ਼ ਵਿਚੋਂ ਨਿਕਲਣ ਵਾਲੀ ਬੂੰਦ ਨਹੀਂ ਰਹਿ ਗਈ ਬਲਕਿ ਹੁਣ ਇਸ ਵਿਚ ਹਜ਼ਾਰਾਂ ਦਿਮਾਗ਼ ਆਪਣਾ ਹਿੱਸਾ ਪਾਉਣ ਲੱਗੇ। ਇਸ ਤਰ੍ਹਾਂ ਪੁਨਰ ਜਾਗਰਨ ਸਿਖਰਾਂ ਛੂਹਣ ਲੱਗਾ।

ਅਰਬ ਜਗਤ ਤੋਂ ਬਿਨਾਂ ਖ਼ਾਨ ਰਾਜਵੰਸ਼ ਨੇ ਵੀ ਯੋਗਦਾਨ ਪਾਇਆ। ਉਨ੍ਹਾਂ ਦੇ ਰਾਜ ਵਿਚ ਏਸ਼ੀਆ ਤੇ ਯੂਰਪ ਵਿਚ ਖੁੱਲ੍ਹਾ ਆਦਾਨ ਪ੍ਰਦਾਨ ਸ਼ੁਰੂ ਹੋਇਆ। ਕਰਾਕੋਰਮ ਦੇ ਦਰਬਾਰ ਵਿਚ ਹਰ ਇਲਾਕੇ ਦੇ ਪ੍ਰਤੀਨਿਧੀ ਪ੍ਰਗਟ ਹੁੰਦੇ ਰਹਿੰਦੇ ਸਨ। ਪੋਪ ਦੇ ਦੂਤ, ਭਾਰਤ ਦੇ ਬੋਧੀ ਸਾਧੂ, ਭਾਰਤ ਦੇ ਗਣਿਤ ਤੇ ਅਸਮਾਨ ਵਿਗਿਆਨੀ, ਚੀਨੀ ਕਾਰੀਗਰ ਤੇ ਆਰਮੀਨੀਆਈ ਵਪਾਰੀ ਦਰਬਾਰ ਵਿਚ ਘੁਲ ਮਿਲ ਗਏ ਸਨ। ਵੀਨਸ ਵਾਸੀ ਯਾਤਰੀ ਮਾਰਕੋ ਪੋਲੋ ਨੇ ਆਪਣੀ ਕਹਾਣੀ ਪੁਸਤਕ ਵਿਚ ਲਿਖੀ। ਮਾਰਕੋ ਪੋਲੋ ਨੂੰ ਖ਼ਾਨ ਦੁਆਰਾ ਸਕਰਾਰੀ ਨੌਕਰੀ ਦਿਤੀ ਗਈ। ਜਦੋਂ ਮਾਰਕੋ ਨੇ ਖੁਸ਼ਹਾਲ ਪਿੰਡ, ਯਾਤਰੀ ਧਰਮਸ਼ਾਲਾਵਾਂ, ਅੰਗੂਰ ਦੇ ਬਾਗ਼ਾਂ, ਸਿਲਕ ਅਤੇ ਸੋਨੇ ਦੀ ਇਕ ਤੋਂ ਬਾਅਦ ਇਕ, ਚੀਨੀ ਸ਼ਹਿਰਾਂ, ਘੋੜਾ ਗੱਡੀਆਂ ਦੀ ਕਹਾਣੀ ਲਿਖੀ ਤਾਂ ਯੂਰਪ ਦੀ ਕਲਪਨਾ ਸ਼ਕਤੀ ਉਤੇਜਿਤ ਹੋ ਗਈ।

ਦੋ ਸਦੀਆਂ ਬਾਅਦ ਕ੍ਰਿਸਟੋਫਰ ਕੋਲੰਬਸ ਨਾਮੀ ਬੰਦੇ ਨੇ 'ਮਾਰਕੋ ਪੋਲੋ ਦੀਆਂ ਯਾਤਰਾਵਾਂ' ਕਿਤਾਬ ਪੜ੍ਹੀ। ਇਸ ਕਿਤਾਬ ਦੀ ਇਹ ਕਾਪੀ ਅਜੇ ਵੀ ਮੌਜੂਦ ਹੈ। ਇਸ ਉੱਪਰ ਕੋਲੰਬਸ ਦੁਆਰਾ ਲਿਖੀਆਂ ਟਿੱਪਣੀਆਂ ਮੌਜੂਦ ਹਨ। ਉਹ ਨਵੀਂ ਧਰਤੀ ਲੱਭਣ ਲਈ ਪ੍ਰੇਰਤ ਹੋ ਗਿਆ। ਪਹਿਲਾਂ

ਯਾਤਰੀ ਲੋਕ ਖਾਸ ਕਰ ਕੇ ਸਮੁੰਦਰੀ ਯਾਤਰੂ, ਤਾਰਿਆਂ ਨੂੰ ਦੇਖ ਕੇ ਦਿਸ਼ਾ ਲੱਭਦੇ ਸਨ। ਜੇਕਰ ਰਾਤ ਨੂੰ ਬੱਦਲ ਹੋਣ ਤਾਂ ਦਿਸ਼ਾ ਲੱਭਣੀ ਮੁਸ਼ਕਲ ਹੋ ਜਾਂਦੀ ਸੀ ਪਰ ਹੁਣ ਦਿਸ਼ਾ ਸੂਚਕ ਯੰਤਰ ਦੀ ਖੋਜ ਹੋ ਗਈ ਸੀ। ਸਪੇਨ ਦੇ ਰਾਜੇ ਤੇ ਰਾਣੀ ਦੀ ਮਦਦ ਨਾਲ ਉਹ ਤਿੰਨ ਛੋਟੇ ਸਮੁੰਦਰੀ ਜਹਾਜ਼ਾਂ ਉੱਪਰ ਅਗਿਆਤ ਸਮੁੰਦਰ ਵੱਲ ਠਿੱਲ੍ਹ ਪਿਆ। ਦੋ ਮਹੀਨੇ ਨੌਂ ਦਿਨ ਦੀ ਯਾਤਰਾ ਕਰ ਕੇ ਉਸ ਨੇ ਨਵਾਂ ਮਹਾਂਦੀਪ ਅਮਰੀਕਾ ਲੱਭ ਲਿਆ। ਇਸ ਤੋਂ ਬਾਅਦ ਯੂਰਪੀਅਨ ਲੋਕਾਂ ਵਿਚ ਸਮੁੰਦਰੀ ਯਾਤਰਾਵਾਂ ਦੀ ਹੋੜ ਲੱਗ ਗਈ। ਇਸ ਨੇ ਯੂਰਪੀਅਨ ਪੁਨਰ ਜਾਗਰਨ ਨੂੰ ਤੇਜ਼ ਕਰ ਦਿੱਤਾ।

ਹੁਣ ਤਕ ਪੂਰਾ ਯੂਰਪ ਰੋਮ ਦੇ ਪ੍ਰਭਾਵ ਹੇਠ ਰਿਹਾ ਸੀ। ਜਰਮਨੀ ਵਿਚ ਸਾਬਕਾ ਸਾਧੂ ਮਾਰਟਿਨ ਲੂਥਰ ਦੀ ਅਗਵਾਈ ਵਿਚ ਰੂੜ੍ਹੀਵਾਦੀ ਧਰਮ ਦੇ ਖਿਲਾਫ਼ ਲਹਿਰ ਚੱਲੀ। ਹੌਲੀ ਹੌਲੀ ਬਹੁਤੇ ਦੇਸ਼ਾਂ ਨੇ ਰੋਮ ਨਾਲ ਆਪਣੇ ਧਾਰਮਿਕ ਸੰਬੰਧ ਤੋੜ ਲਏ। ਬਹੁਤੇ ਦੇਸ਼ਾਂ ਵਿਚ ਰਾਸ਼ਟਰੀ ਭਾਵਨਾਵਾਂ ਤਕੜੀਆਂ ਹੋਣ ਲੱਗੀਆਂ। ਇੰਗਲੈਂਡ ਅਤੇ ਫਰਾਂਸ ਦੇ ਕਿਸਾਨ ਜਗੀਰਦਾਰ ਜ਼ਮੀਨ ਮਾਲਕਾਂ ਦੇ ਖਿਲਾਫ਼ ਲੜਨ ਲੱਗੇ। ਕਿਤਾਬਾਂ ਦੀ ਵੱਡੇ ਪੱਧਰ ’ਤੇ ਹੋਣ ਲੱਗੀ ਛਪਾਈ ਨੇ ਯੂਰਪੀਅਨ ਲੋਕਾਂ ਵਿਚ ਪਾਠਕਾਂ ਦੀ ਗਿਣਤੀ ਬਹੁਤ ਵਧਾ ਦਿੱਤੀ। ਲੋਕ ਚੇਤੰਨ ਹੋਣ ਲੱਗੇ।

ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਦੁਨੀਆ ਦੇ ਕਈ ਰਾਜੇ ਨੌਜਵਾਨ ਸਨ। ਫਰਡੀਨਾਂਦ ਸਪੇਨ ਅਤੇ ਸਪੇਨ ਦੀ ਅਧੀਨਗੀ ਵਾਲੇ ਦੱਖਣੀ ਅਮਰੀਕਾ ’ਤੇ ਰਾਜ ਕਰ ਰਿਹਾ ਸੀ। ਨੀਦਰਲੈਂਡ ਵੀ ਉਸ ਦੇ ਅਧੀਨ ਸੀ। ਉਹ 20 ਸਾਲ ਦੀ ਉਮਰ ਵਿਚ ਸਮਰਾਟ ਬਣਿਆ ਸੀ। ਫਰਾਂਸ ਦਾ ਸਮਰਾਟ ਫਰਾਂਸਿਸ 21 ਸਾਲ ਦੀ ਉਮਰੇ 1515 ਈਸਵੀ ਵਿਚ ਰਾਜ ਸਿੰਘਾਸਣ ’ਤੇ ਬੈਠਿਆ

ਹੈਨਰੀ-3 ਅਠਾਰਾਂ ਸਾਲ ਦੀ ਉਮਰ ਵਿਚ 1509 ਵਿਚ ਇੰਗਲੈਂਡ ਦਾ ਸ਼ਾਸਕ ਬਣਿਆ। ਭਾਰਤ ਵਿਚ ਬਾਬਰ ਤੇ ਤੁਰਕੀ ਵਿਚ ਸੁਲੇਮਾਨ ਦਾ ਯੁਗ ਸੀ। ਸੁਲੇਮਾਨ ਨੇ ਹੰਗਰੀ ’ਤੇ ਹਮਲਾ ਕਰ ਕੇ ਬੁਡਾਪੈਸਟ ਨੂੰ ਆਪਣੇ ਅਧੀਨ ਕਰ ਲਿਆ ਸੀ।

ਬਹੁਤੇ ਸਥਾਨਕ ਧਰਮ ਲੋਪ ਹੋ ਗਏ। ਪੂਰੇ ਵਿਸ਼ਵ ਵਿਚ ਸੰਸਾਰ ਧਰਮਾਂ ਦਾ ਬੋਲਬਾਲਾ ਸੀ। ਮੰਗੋਲ ਲੋਕ ਬੰਦੂਕਾਂ ਤੇ ਗੋਲੇ ਬਾਰੂਦ ਨੂੰ ਯੂਰਪ ਵਿਚ ਲੈ ਕੇ ਗਏ। ਬੰਦੂਕਾਂ ਨੇ ਮਹਿਲਾਂ ਅਤੇ ਕਿਲ੍ਹੇਬੰਦੀਆਂ ਨੂੰ ਤੋੜ ਦਿੱਤਾ। ਬੰਦੂਕਾਂ ਨੇ ਸਾਮੰਤਵਾਦ ਨੂੰ ਨਸ਼ਟ ਕਰ ਦਿੱਤਾ।

ਸੰਸਾਰ ਦੇ ਨਕਸ਼ੇ ਵਿਚ ਅਮਰੀਕਾ ਮਹਾਂਦੀਪ ਤੋਂ ਬਾਅਦ ਹੁਣ ਤਸਮਾਨੀਆ, ਆਸਟਰੇਲੀਆ ਤੇ ਨਿਊਜ਼ੀਲੈਂਡ ਪ੍ਰਗਟ ਹੋਏ। ਸੋਲ੍ਹਵੀਂ ਸਦੀ ਅਤੇ ਉਸ ਤੋਂ ਬਾਅਦ ਦਾ ਯੂਰਪੀਅਨ ਬੰਦਾ ਅਜੇ ਸੁੱਤਾ ਪਿਆ ਸੁਪਨਾ ਹੀ ਦੇਖ ਰਿਹਾ ਸੀ। ਇਨ੍ਹਾਂ ਦੋ ਸਦੀਆਂ ਵਿਚ ਇਸ ਨੇ ਰਜਵਾੜਾਸ਼ਾਹੀ ਨੂੰ ਹੋਰ ਤਕੜਾ ਕਰਨ ਲਈ ਕਮਜ਼ੋਰ ਦੇਸ਼ਾਂ ’ਤੇ ਕਬਜ਼ਾ ਕਰ ਕੇ ਉਨ੍ਹਾਂ ਨੂੰ ਆਪਣੇ ਨਾਲ ਰਲ਼ਾ ਕੇ ਰਾਜ ਵਿਸਥਾਰ ਕੀਤਾ। ਇਹ ਚਰਚ ਦੇ ਅਧੀਨ ਹੀ ਰਿਹਾ। ਉਨੀਵੀਂ ਸਦੀ ਵਿਚ ਭਾਫ਼ ਦੀ ਤਾਕਤ, ਲੋਹਾ, ਰੇਲਵੇ, ਵੱਡੇ ਸਮੁੰਦਰੀ ਜਹਾਜ਼, ਵਿਸ਼ਾਲ ਪੁਲ, ਇਮਾਰਤਾਂ ਤੇ ਤਾਕਤਵਰ ਮਸ਼ੀਨਾਂ ਨੇ ਜੀਵਨ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ।

ਦੂਜੀਆਂ ਧਰਤੀਆਂ ਉੱਪਰ ਕਬਜ਼ਾ ਕਰਨ ਦੀ ਖਿੱਚਾ-ਖੂਹੀ ਵਿਚ ਅੰਗਰੇਜ਼ ਸਭ ਤੋਂ ਵਧੇਰੇ ਸਫ਼ਲ ਸਨ। ਚੀਨ ਵਿਚ ਮੰਗੋਲ ਜਾਤੀ ਦੇ ਲੋਕ 1912 ਈਸਵੀ ਤਕ ਕਾਬਜ਼ ਰਹੇ। ਕਜ਼ਾਕ ਲੋਕ ਪਹਿਲਾਂ ਰੂਸ ਦੇ ਖਿਲਾਫ਼ ਸ਼ਕਤੀ ਬਣ ਕੇ ਉਠ ਖੜ੍ਹੇ ਹੋਏ ਪਰੰਤੂ ਰੂਸ ਨੇ ਉਨ੍ਹਾਂ ਨੂੰ ਆਪਣੇ ਨਾਲ ਰਲ਼ਾ ਕੇ ਮੰਗੋਲਾਂ ਖਿਲਾਫ਼ ਵਰਤਿਆ। ਡੱਚ, ਅਮਰੀਕਾ, ਦੱਖਣੀ ਅਫਰੀਕਾ, ਆਸਟਰੇਲੀਆ ਤੇ ਨਿਊਜ਼ੀਲੈਂਡ ਪੱਛਮੀ ਯੂਰਪ ਦੇ ਲੋਕਾਂ ਦੇ ਨਵੇਂ ਪੱਕੇ ਟਿਕਾਣੇ ਬਣ ਗਏ।

1776 ਈਸਵੀ ਵਿਚ ਅਮਰੀਕਾ ਦੇ 13 ਰਾਜਾਂ ਨੇ ਸੰਯੁਕਤ ਰਾਜ ਬਣਾ ਕੇ ਆਪਣੀ ਆਜ਼ਾਦੀ ਹਾਸਲ ਕੀਤੀ। ਕੈਨੇਡਾ ਬ੍ਰਿਟਿਸ਼ ਝੰਡੇ ਪ੍ਰਤੀ ਵਫ਼ਦਾਰ ਬਣਿਆ ਰਿਹਾ। 1789 ਈਸਵੀ ਵਿਚ ਫਰਾਂਸ ਦੀਵਾਲੀਆ ਹੋ ਗਿਆ। ਫਰਾਂਸ ਦੇ ਲੋਕਾਂ ਨੇ ਲੂਈ ਸੋਲ੍ਹਵੇਂ ਖਿਲਾਫ਼ ਵਿਦਰੋਹ ਕਰ ਦਿੱਤਾ। ਜ਼ਿਆਦਾਤਰ ਤਾਕਤਵਰ ਲੋਕ ਵਿਦੇਸ਼ ਚਲੇ ਗਏ। ਲੋਕਤੰਤਰ ਦਾ ਐਲਾਨ ਕਰ ਦਿੱਤਾ ਗਿਆ।

1804 ਵਿਚ ਪਹਿਲਾ ਰੇਲ ਇੰਜਣ ਬਣਿਆ। ਉਨੀਵੀਂ ਸਦੀ ਦੇ ਮੱਧ ਤਕ ਪੂਰੇ ਯੂਰੋਪ ਵਿਚ ਰੇਲਵੇ ਦਾ ਜਾਲ ਵਿਛ ਗਿਆ। ਨੈਪੋਲੀਅਨ ਦੀ ਫ਼ੌਜ 5 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਅੱਗੇ ਵਧਦੀ ਹੁੰਦੀ ਸੀ। ਇਹ ਉਹੀ ਰਫ਼ਤਾਰ ਸੀ ਜੋ ਪਹਿਲੀ ਸ਼ਤਾਬਦੀ ਵਿਚ ਰੋਮ ਦੇ ਸ਼ਾਹਰਾਹ ਦੀ ਗਤੀ ਮੰਨੀ ਜਾਂਦੀ ਸੀ। ਰੇਲ 44 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲਦੀ ਸੀ। ਰੇਲਵੇ ਨੇ ਸੰਯੁਕਤ ਰਾਜ ਅਮਰੀਕਾ ਨੂੰ ਇਕ ਕਰ ਦਿੱਤਾ।

1851 ਈਸਵੀ ਤਕ ਇੰਗਲੈਂਡ ਅਤੇ ਫਰਾਂਸ ਸਮੁੰਦਰ ਰਾਹੀਂ ਟੈਲੀਗ੍ਰਾਫ਼ ਦੁਆਰਾ ਜੁੜ ਗਏ। ਰੇਲਵੇ, ਭਾਫ਼ ਨਾਲ ਚੱਲਣ ਵਾਲੇ ਸਮੁੰਦਰੀ ਜਹਾਜ਼ ਤੇ ਟੈਲੀਗ੍ਰਾਫ਼ ਉਨੀਵੀਂ ਸਦੀ ਦੀਆਂ ਮਹੱਤਵਪੂਰਨ ਕਾਢਾਂ ਸਨ ਪਰੰਤੂ ਇਹ ਹੋਰ ਵਧੀਆ ਕਾਢਾਂ ਦੇ ਪਹਿਲੇ ਭੱਦੇ ਰੂਪ ਹੀ ਸਨ। ਮਨੁੱਖ ਨੂੰ ਬਹੁਤ ਦੇਰ ਨਾਲ ਸਮਝ ਆਈ ਕਿ ਉਹ ਵਧੇਰੇ ਵੱਡੀ ਗੇਜ (ਚੌੜਾਈ) ਵਾਲੀਆਂ ਰੇਲਵੇ ਲੀਹਾਂ ਵਿਛਾ ਸਕਦਾ ਹੈ ਤੇ ਸਫ਼ਰ ਨੂੰ ਹੋਰ ਤੇਜ਼ ਤੇ ਆਰਾਮਦਾਇਕ ਬਣਾ ਸਕਦਾ ਹੈ।

ਕੁਝ ਲੋਕ ਤਕਨੀਕੀ ਕ੍ਰਾਂਤੀ ਤੇ ਉਦਯੋਗਕ ਕ੍ਰਾਂਤੀ ਨੂੰ ਇਕੋ ਚੀਜ਼ ਮੰਨਦੇ ਹਨ। ਸਾਰੇ ਸੰਸਾਰ ਦੇ ਸੰਗਠਤ ਹੋਏ ਗਿਆਨ ਨਾਲ ਪੈਦਾ ਹੋਈ ਤਕਨੀਕੀ ਕ੍ਰਾਂਤੀ ਮਨੁੱਖ ਵਾਸਤੇ ਨਵੀਂ ਘਟਨਾ ਸੀ ਜਦੋਂ ਕਿ ਉਦਯੋਗਕ ਕ੍ਰਾਂਤੀ ਦੇ ਉਦਾਹਰਨ ਇਤਿਹਾਸ ਵਿਚ ਪਹਿਲਾਂ ਵੀ ਉਪਲਭਧ ਹਨ। ਜੇਕਰ ਕੋਲਾ, ਭਾਫ਼ ਤੇ ਮਸ਼ੀਨ ਨਾ ਹੁੰਦੀ ਤਾਂ ਵੀ ਉਦਯੋਗਕ ਕ੍ਰਾਂਤੀ ਨੇ ਆਉਣਾ ਸੀ। ਕਾਰਖ਼ਾਨੇ ਦੀ ਉਤਪਤੀ ਬਹੁਤ ਪਹਿਲਾਂ ਹੋ ਚੁੱਕੀ ਸੀ। ਕਾਰਖ਼ਾਨੇ ਕਿਰਤ ਵੰਡ ਦੀ ਪੈਦਾਵਾਰ ਹਨ। ਇਹ ਉਦਯੋਗਕ ਕ੍ਰਾਂਤੀ ਤੋਂ ਪਹਿਲਾਂ ਕੱਪੜੇ, ਫਰਨੀਚਰ ਤੇ ਕਿਤਾਬਾਂ ਪੈਦਾ ਕਰ ਰਹੇ ਸਨ। ਅਠਾਰਵੀਂ ਸਦੀ ਦੇ ਮੱਧ (1750) ਤਕ ਪੱਛਮੀ ਯੂਰਪ ਦਾ ਸਮਾਜਕ ਤੇ ਆਰਥਿਕ ਇਤਿਹਾਸ ਰੋਮਨ ਸਾਮਰਾਜ ਦੇ ਪੁਰਾਣੇ ਤੌਰ ਤਰੀਕਿਆਂ ਨੂੰ ਦੁਹਰਾਅ ਰਿਹਾ ਸੀ। ਜਿੱਥੇ ਰੋਮਨ ਸਾਮਰਾਜ ਦੀਆਂ ਪਿਛਲੀਆਂ ਸਦੀਆਂ ਵਿਚ ਤਕਨੀਕੀ ਕ੍ਰਾਂਤੀ ਨੇ ਧਨ ਦੀ ਵੰਡ ਕੀਤੀ ਉੱਥੇ ਉਦਯੋਗਕ ਕ੍ਰਾਂਤੀ ਨੇ ਧਨ ਨੂੰ ਕੁੱਝ ਹੱਥਾਂ ਤਕ ਸੀਮਿਤ ਕਰਨ ਦਾ ਰੁਝਾਨ ਦਿਖਾਇਆ।

ਸੰਸਾਰ ਦੇ ਨਕਸ਼ੇ ’ਤੇ ਅਮਰੀਕਾ ਬਿਲਕੁਲ ਹੀ ਨਵੀ ਤਰ੍ਹਾਂ ਦਾ ਦੇਸ਼ ਬਣ ਕੇ ਉਭਰਿਆ। ਅਮਰੀਕਾ (U.S.A.) ਦੇ ਦੱਖਣੀ ਰਾਜਾਂ ਵਿਚ ਕਾਲੇ ਲੋਕ ਗ਼ੁਲਾਮਾਂ ਵਜੋਂ ਕੰਮ ਕਰਦੇ ਸਨ ਤੇ ਇਹ ਗੋਰੇ ਭੂਮੀ ਮਾਲਕਾਂ ਨੂੰ ਬੜੇ ਰਾਸ ਆਉਂਦੇ ਸਨ। ਉਤਰੀ ਅਮਰੀਕੀ ਸੂਬਿਆਂ ਦੇ ਗੋਰੇ ਗ਼ੁਲਾਮ ਪ੍ਰਥਾ ਨੂੰ ਬੰਦ ਕਰਨਾ ਚਾਹੁੰਦੇ ਸਨ। ਸਮੁੰਦਰੀ ਯਾਤਰਾ ਵਿਚ ਹੋ ਰਹੀ ਤਰੱਕੀ ਨੇ ਯੂਰਪ ਤੋਂ ਲੋਕਾਂ ਦੇ ਝੁੰਡਾਂ ਦੇ ਝੁੰਡ ਅਮਰੀਕਾ ਵੱਲ ਢੋਣੇ ਸ਼ੁਰੂ ਕਰ ਦਿੱਤੇ ਸਨ। ਇਸ ਨਾਲ ਗ਼ੁਲਾਮੀ ਦਾ ਵਿਰੋਧ ਕਰਨ ਵਾਲੇ ਗੋਰੇ ਲੋਕਾਂ ਦੀ ਗਿਣਤੀ ਵਿਚ ਵਾਧਾ ਹੋ ਗਿਆ। ਸੰਨ 1861 ਵਿਚ ਜਦੋਂ ਗ਼ੁਲਾਮੀ ਪ੍ਰਥਾ ਦਾ ਵਿਰੋਧੀ ਇਬਰਾਹਮ ਲਿੰਕਨ ਰਾਸ਼ਟਰਪਤੀ ਦੇ ਤੌਰ ’ਤੇ ਸਾਹਮਣੇ ਆਇਆ ਤਾਂ ਗ਼ੁਲਾਮੀ ਪੱਖੀ ਦੱਖਣੀ ਸੂਬਿਆਂ ਨੇ ਦੇਸ਼ ਵੰਡਣ ਦਾ ਐਲਾਨ ਕਰ ਦਿੱਤਾ। ਦੇਸ਼ ਦੋ ਧਿਰਾਂ ਵਿਚ ਵੰਡਿਆ ਗਿਆ। ਕਈ ਪਰਿਵਾਰਾਂ ਦੇ ਜੀਅ ਵੀ ਵੰਡੇ ਗਏ ਤੇ ਇਕ ਦੂਜੇ ਦੇ ਵਿਰੋਧੀ ਵਜੋਂ ਲੜੇ। ਆਖਰਕਾਰ ਲਿੰਕਨ ਦੀ ਜਿੱਤ ਹੋਈ ਤੇ ਗ਼ੁਲਾਮੀ ਪ੍ਰਥਾ ਖ਼ਤਮ ਕਰ ਦਿੱਤੀ ਗਈ।

1849 ਤਕ ਕੈਨੇਡਾ ਦੀ ਹਾਲਤ ਵਧੀਆ ਨਹੀਂ ਸੀ। ਇਹ ਅੰਗਰੇਜ਼ਾਂ ਤੇ ਫਰਾਂਸੀਸੀਆਂ ਦੇ ਯੁੱਧ ਦਾ ਮੈਦਾਨ ਬਣਿਆ ਰਿਹਾ। ਅਫਰੀਕਾ ਭਾਵੇਂ ਯੂਰਪ ਦੇ ਬਿਲਕੁਲ ਨਾਲ ਲੱਗਦਾ ਮਹਾਂਦੀਪ ਸੀ ਪਰ 1850 ਤਕ ਇਹ ਕਾਲ਼ਾ ਰਹੱਸ ਬਣਿਆ ਰਿਹਾ। ਨਾਲ ਲੱਗਦਾ ਅਫਰੀਕਾ ਭਾਵੇਂ ਜਾਣਿਆ ਪਛਾਣਿਆ ਸੀ ਪਰ ਡੂੰਘਾਈ ਤਕ ਰਸਾਈ ਅਜੇ ਨਹੀਂ ਹੋਈ ਸੀ। ਸੰਨ 1900 ਤਕ ਸਾਮਰਾਜੀ ਦੇਸ਼ਾਂ ਨੇ ਅਫਰੀਕਾ ਦਾ ਨਕਸ਼ਾ ਬਣਾ ਕੇ ਉਸ ਨੂੰ ਆਪਸ ਵਿਚ ਵੰਡ ਲਿਆ।

ਉਦਯੋਗਕ ਕ੍ਰਾਂਤੀ ਨੇ ਯੂਰੋਪੀਅਨ ਲੋਕਾਂ ਵਿਚ ਸਦੀਵੀ ਉੱਚਤਾ ਦਾ ਭਾਵ ਪੈਦਾ ਕਰ ਦਿੱਤਾ ਸੀ। ਇੰਗਲੈਂਡ, ਫਰਾਂਸ, ਜਰਮਨੀ, ਹਾਲੈਂਡ, ਪੁਰਤਗਾਲ, ਬੈਲਜੀਅਮ ਵਰਗੇ ਦੇਸ਼ ਆਪੋ-ਆਪਣੀਆਂ ਕਲੋਨੀਆਂ ਆਬਾਦ ਕਰਨ ਲਈ ਝਪਟਮਾਰੀ ਦੀ ਖੇਡ ਖੇਡ ਰਹੇ ਸਨ। ਚੀਨ ਵਿਚ ਇਸਾਈ ਧਰਮ

ਸਵੀਕਾਰ ਕਰਨ ਵਾਲਿਆਂ ਦੀ ਹੱਤਿਆ ਹੋਣ ਲੱਗੀ, ਯੂਰਪੀ ਦੂਤਾਵਾਸਾਂ ’ਤੇ ਹਮਲੇ ਹੋਣ ਲੱਗੇ।

ਜਾਪਾਨ ਹੁਣ ਤਕ ਸ਼ਾਂਤ ਦੇਸ਼ ਰਿਹਾ ਸੀ। ਪੁਰਤਗਾਲ ਦਾ ਧਰਮ ਪ੍ਰਚਾਰਕ ਫਰਾਂਸਿਸ ਜ਼ੇਵੀਅਰ 1542 ਈਸਵੀ ਵਿਚ ਉੱਥੇ ਪਹੁੰਚਿਆ। ਉਸ ਨੇ ਬਹੁਤ ਸਾਰੇ ਲੋਕਾਂ ਨੂੰ ਇਸਾਈ ਬਣਾਉਣਾ ਸ਼ੁਰੂ ਕਰ ਦਿੱਤਾ। ਵਿਲੀਅਮ ਐਡਮਸ ਨਾਮ ਦੇ ਯੂਰੋਪੀਅਨ ਨੇ ਜਾਪਾਨੀ ਲੋਕਾਂ ਨੂੰ ਵੱਡੇ ਸਮੁੰਦਰੀ ਜਹਾਜ਼ ਬਣਾਉਣੇ ਸਿਖਾਏ। ਜਾਪਾਨੀ ਜਹਾਜ਼ ਭਾਰਤ ਤਕ ਜਾਣ ਲੱਗੇ। ਹੌਲ਼ੀ ਹੌਲ਼ੀ ਸਪੈਨਿਸ਼, ਪੁਰਤਗਾਲੀ ਤੇ ਅੰਗਰੇਜ਼ ਧਰਮ ਪ੍ਰਚਾਰਕਾਂ ਵਿਚ ਆਪਸੀ ਝਗੜੇ ਹੋਣ ਲੱਗੇ ਤੇ ਉਹ ਇਕ ਦੂਸਰੇ ਦੇ ਰਾਜਨੀਤਕ ਇਰਾਦਿਆਂ ਬਾਰੇ ਜਾਪਾਨੀਆਂ ਨੂੰ ਚਿਤਾਵਨੀਆਂ ਦੇਣ ਲੱਗੇ। ਜਾਪਾਨੀ ਲੋਕਾਂ ਨੂੰ ਮਹਿਸੂਸ ਹੋਇਆ ਕਿ ਯੂਰੋਪੀਅਨ ਲੋਕ ਝਗੜਿਆਂ ਦੀ ਜੜ੍ਹ ਹਨ ਤੇ ਉਨ੍ਹਾਂ ਨੇ 1638 ਈਸਵੀ ਵਿਚ ਜਾਪਾਨ ਦੇ ਦਰਵਾਜ਼ੇ ਯੂਰੋਪੀਅਨ ਵਾਸਤੇ ਬੰਦ ਕਰ ਦਿੱਤੇ। 200 ਸਾਲ ਜਾਪਾਨੀ ਲੋਕ ਬਾਕੀ ਦੇ ਸੰਸਾਰ ਤੋਂ ਪੂਰੀ ਤਰ੍ਹਾਂ ਅਲੱਗ ਥਲੱਗ ਰਹੇ।

ਜਾਪਾਨੀ ਟਾਪੂ ਦੇ ਕੋਲ਼ੋਂ ਅਦਭੁੱਤ ਜਹਾਜ਼ ਸਮੁੰਦਰੀ ਰਸਤੇ ਤੋਂ ਆਉਂਦੇ ਜਾਂਦੇ ਰਹੇ। ਸੰਨ 1853 ਈਸਵੀ ਵਿਚ ਕਮਾਂਡਰ ਪੇਰੀ ਦੀ ਅਗਵਾਈ ਹੇਠ ਚਾਰ ਅਮਰੀਕੀ ਜਹਾਜ਼ਾਂ ਨੇ ਟਾਪੂ ਨੇੜੇ ਡੇਰਾ ਲਗਾ ਲਿਆ ਤੇ ਪਰੇ ਜਾਣ ਤੋਂ ਮਨ੍ਹਾ ਕਰ ਦਿੱਤਾ। 1854 ਈਸਵੀ ਵਿਚ ਉਹ ਦੁਬਾਰਾ ਬੰਦੂਕਾਂ ਤੇ ਤੋਪਾਂ ਨਾਲ ਲੈਸ ਹੋ ਕੇ ਆਏ। ਉਨ੍ਹਾਂ ਨੇ ਜਾਪਾਨ ਨਾਲ ਵਪਾਰ ਕਰਨ ਦੀ ਇੱਛਾ ਪ੍ਰਗਟਾਈ। ਉਹ 500 ਫੌਜੀਆਂ ਨਾਲ ਜਾਪਾਨ ਦੀ ਧਰਤੀ ’ਤੇ ਉਤਰਿਆ। ਸ਼ੱਕ ਨਾਲ ਭਰੀਆਂ ਭੀੜਾਂ ਨੇ ਬਾਹਰੀ ਦੁਨੀਆ ਤੋਂ ਆਈ ਇਸ ਬਿਪਤਾ ਨੂੰ ਸੜਕ ’ਤੇ ਮਾਰਚ ਕਰਦਿਆਂ ਦੇਖਿਆ। ਜਾਪਾਨ ਸਾਰੀ ਦੁਨੀਆ ਲਈ ਖੁੱਲ੍ਹ ਗਿਆ।

ਜਾਪਾਨੀਆਂ ਨੇ ਅਮਰੀਕੀ ਧੱਕੇਸ਼ਾਹੀ ਤੋਂ ਅਪਮਾਨਤ ਵੀ ਮਹਿਸੂਸ ਕੀਤਾ। ਉਹ ਹੈਰਾਨੀਜਨਕ ਊਰਜਾ ਤੇ ਸਿਆਣਪ ਨਾਲ ਆਪਣੇ ਸਭਿਆਚਾਰ ਤੇ ਦੇਸ਼ ਨੂੰ ਯੂਰੋਪੀਅਨ ਸ਼ਕਤੀਆਂ ਦੇ ਬਰਾਬਰ ਖੜ੍ਹਾ ਕਰਨ ਦੇ ਕੰਮ ਵਿਚ ਜੁਟ ਗਏ। ਮਨੁੱਖ ਜਾਤੀ ਦੇ ਇਤਿਹਾਸ ਵਿਚ ਕਿਸੇ ਵੀ ਦੇਸ਼ ਨੇ ਏਨੀ ਤੇਜ਼ ਗਤੀ ਨਾਲ ਤਰੱਕੀ ਨਹੀ ਕੀਤੀ ਜਿੰਨੀ ਜਾਪਾਨ ਨੇ ਕੀਤੀ। ਸੰਨ 1866 ਈਸਵੀ ਵਿਚ ਉਹ ਮੱਧਯੁਗੀ ਲੋਕ ਸਨ ਜਦੋਂ ਕਿ 1899 ਈਸਵੀ ਵਿਚ ਉਹ ਪੂਰੀ ਤਰ੍ਹਾਂ ਵਿਕਸਿਤ ਯੂਰੋਪੀਅਨ ਦੇਸ਼ਾਂ ਦੇ ਬਰਾਬਰ ਖੜ੍ਹੇ ਹੋ ਗਏ। ਜਾਪਾਨ ਨੇ ਇਸ ਧਾਰਨਾ ਦਾ ਖੰਡਨ ਕਰ ਦਿੱਤਾ ਕਿ ਏਸ਼ੀਆ ਯੂਰਪ ਤੋਂ ਏਨਾ ਜ਼ਿਆਦਾ ਪਿੱਛੇ ਸੀ ਕਿ ਇਸ ਪਿਛੜੇਪਣ ਨੂੰ ਕਦੀ ਖ਼ਤਮ ਨਹੀਂ ਕੀਤਾ ਜਾ ਸਕਦਾ ਸੀ।

1914 ਈਸਵੀ ਤਕ ਰੇਲਵੇ ਅਤੇ ਸਮੁੰਦਰੀ ਜਹਾਜ਼ਾਂ ਦੁਆਰਾ ਨਜ਼ਦੀਕ ਕਰ ਦਿੱਤਾ ਗਿਆ ਬ੍ਰਿਟਿਸ਼ ਸਾਮਰਾਜ ਬਹੁਤ ਵੱਡਾ ਸੀ। ਇਤਿਹਾਸ ਵਿਚ ਏਨਾ ਅਨੋਖਾ ਸਾਮਰਾਜ ਪਹਿਲਾਂ ਕਦੇ ਵੀ ਹੋਂਦ ਵਿਚ ਨਹੀਂ ਆਇਆ ਸੀ। ਸਭ ਤੋਂ ਉਪਰ ਇੰਗਲੈਂਡ, ਵੇਲਜ਼,ਸਕਾਟਲੈਂਡ (1558 ਈਸਵੀ ਦੀ ਸਭ ਤੋਂ ਪੁਰਾਣੀ ਬਸਤੀ),ਨਿਊਜੀਲੈਂਡ ਅਤੇ ਦੱਖਣੀ ਅਫਰੀਕਾ ਦੇ ਰਾਜਸੀ ਗਣਤੰਤਰ ਸਨ। ਇਨ੍ਹਾਂ ਵਿਚ ਰਾਜੇ ਦਾ ਪ੍ਰਤੀਨਿਧ ਵੀ ਸ਼ਾਮਲ ਹੁੰਦਾ ਸੀ। ਤੀਜੇ ਸਥਾਨ ਉੱਪਰ ਭਾਰਤੀ ਕਲੋਨੀ ਸੀ ਜਿਹੜੀ ਬਲੋਚਿਸਤਾਨ ਤੋਂ ਬਰ੍ਹਮਾ ਤਕ ਫੈਲੀ ਹੋਈ ਸੀ। ਇਹ ਪੁਰਾਣੇ ਵਿਸ਼ਾਲ ਮੁਗਲ ਸਾਮਰਾਜ ਦਾ ਹੀ ਵਿਸਥਾਰ ਸੀ। ਇਸ ਤੋਂ ਬਾਅਦ ਮਿਸਰ ਦੇਸ਼ ਸੀ। ਇਸ ਤੋਂ ਅਗਲੇ ਕ੍ਰਮ ਵਿਚ ਮਾਲਟਾ, ਜਮੈਕਾ, ਬਹਾਮਾ ਤੇ ਬਰਮੂਡਾ ਸਨ। ਸ੍ਰੀਲੰਕਾ, ਟ੍ਰਿਨੀਡਾਡ, ਫਿਜ਼ੀ, ਜਿਬਰਾਲਟਰ ਤੇ ਸੇਂਟ ਹੇਲਨਾ ਰਾਜੇ ਦੇ ਅਧੀਨ ਸਨ। ਇਹ ਸਾਮਰਾਜ ਸ਼ਾਂਤੀ ਅਤੇ ਸੁਰੱਖਿਆ ਦਾ ਭਰੋਸਾ ਦਿੰਦਾ ਸੀ। ਇਹੀ ਕਾਰਨ ਹੈ ਕਿ ਬ੍ਰਿਟਿਸ਼ ਤਾਨਾਸ਼ਾਹੀਆਂ ਦੇ ਬਾਵਜੂਦ ਅਧੀਨ ਦੇਸ਼ ਇਸ ਸਾਮਰਾਜ ਨੂੰ ਬਰਦਾਸ਼ਤ ਕਰਦੇ ਸਨ ਤੇ ਇਸ ਨੂੰ ਕਾਇਮ ਰੱਖਣ ਵਿਚ ਮਦਦ ਕਰਦੇ ਸਨ।

ਰੂਸੀ ਇਨਕਲਾਬ ਨੂੰ ਪੂੰਜੀਵਾਦੀ ਦੇਸ਼ਾਂ ਨੇ ਬਹੁਤ ਜ਼ਿਆਦਾ ਸ਼ੱਕ ਦੀ ਨਜ਼ਰ ਨਾਲ ਦੇਖਿਆ। ਲੈਨਿਨ ਦੀ ਅਗਵਾਈ ਵਿਚ ਰੂਸ ਨੇ ਕਈ ਦੇਸ਼ਾਂ ਨਾਲ ਲੜਾਈਆਂ ਲੜੀਆਂ। ਰੂਸੀ ਲੋਕਾਂ ਨੇ ਦ੍ਰਿੜਤਾ ਅਤੇ ਇਮਾਨਦਾਰੀ ਨਾਲ ਸਰਕਾਰ ਦਾ ਸਾਥ ਦਿੱਤਾ। ਰੂਸ ਨੇ ਯੋਜਨਾਵਾਂ ਬਣਾ ਕੇ ਵਿਕਾਸ

ਕੀਤਾ ਤੇ ਇਸ ਨੇ ਸੰਸਾਰ ਨੂੰ 'ਯੋਜਨਾ' ਸ਼ਬਦ ਦਿੱਤਾ। ਸੰਨ 1933 ਤਕ ਸੰਸਾਰ ਵਿਚ ਕੋਈ ਨੇਤਾ ਨਹੀਂ ਸੀ ਜਿਸ ਕੋਲ ਆਪਣੀ ਯੋਜਨਾ ਨਾ ਹੋਵੇ। ਇਸ ਤਰ੍ਹਾਂ ਸੰਸਾਰ ਨੇ ਰੂਸ ਨੂੰ ਸਨਮਾਨਤ ਕੀਤਾ।

ਇਟਲੀ ਵਿਚ ਕਮਿਊਨਿਸਟਾਂ ਦੀਆਂ ਹੜਤਾਲਾਂ ਤੋਂ ਤੰਗ ਆਏ ਰਾਜੇ ਨੇ ਮੁਸੋਲੀਨੀ ਨਾਮ ਦੇ ਬੰਦੇ ਨੂੰ ਅੱਗੇ ਕਰ ਦਿੱਤਾ। ਇਸ ਬੰਦੇ ਦੀ ਕਾਲ਼ੀ ਕਮੀਜ਼ ਪਹਿਨਣ ਅਤੇ ਪਰੇਡ ਕਰਨ ਵਾਲੀ ਆਪਣੀ ਸੈਨਾ ਸੀ। ਇਸ ਨੇ ਸਮਾਜਵਾਦੀਆਂ ਦੀ ਕੁੱਟਮਾਰ ਕੀਤੀ। ਲੋਕਾਂ ਨੂੰ ਭੜਕਾਊ ਭਾਸ਼ਣਾਂ ਨਾਲ ਆਕਰਸ਼ਤ ਕੀਤਾ। ਟਰੇਨਾਂ ਸਮੇਂ ਸਿਰ ਚੱਲਣ ਲੱਗੀਆਂ। ਮੀਡੀਆ ਦੀ ਆਜ਼ਾਦੀ ਖ਼ਤਮ ਕਰ ਦਿੱਤੀ। ਇਹ ਫਾਸ਼ਿਜ਼ਮ ਸੀ।

ਸਤਾਲਿਨ ਆਪਣੇ ਘਰੇਲੂ ਦੁਸ਼ਮਣ ਤਰਾਤਸਕੀ ਨਾਲ ਉਲਝਿਆ ਹੋਇਆ ਸੀ। ਉਹ ਤਰਾਤਸਕੀ ਦੇ 'ਸਥਾਈ ਇਨਕਲਾਬ' ਦੇ ਸਿਧਾਂਤ ਦੇ ਵਿਰੋਧ ਵਿਚ 'ਇਕ ਦੇਸ਼ ਵਿਚ ਇਨਕਲਾਬ' ਦੇ ਸਿਧਾਂਤ ਦੀ ਵਕਾਲਤ ਕਰ ਰਿਹਾ ਸੀ। ਉਸ ਨੇ ਦੋ ਬਾਲਸ਼ਵਿਕਾਂ, ਜ਼ਿਨੋਵੇਵ ਤੇ ਕਾਮਨੇਵ ਦੀ ਮਦਦ ਨਾਲ ਪਹਿਲਾਂ ਤਰਾਤਸਕੀ ਨੂੰ ਉਸ ਦੇ ਅਹੁਦੇ ਤੋਂ ਹਟਾਇਆ, ਫਿਰ ਰੂਸ ਵਿਚੋਂ ਬਾਹਰ ਕੱਢ ਦਿੱਤਾ। ਹਾਲਾਂਕਿ ਜ਼ਿਨੋਵੇਵ ਤੇ ਕਾਮਨੇਵ ਨੇ ਬਾਅਦ ਵਿਚ ਇਸ ਵਾਸਤੇ ਪਛਤਾਵਾ ਕੀਤਾ।

ਪੂੰਜੀਵਾਦ ਨੇ ਅਮੀਰਾਂ ਦੀਆਂ ਜ਼ਰੂਰਤਾਂ ਦਾ ਤਾਂ ਖਿਆਲ ਰੱਖਿਆ ਪਰ ਗਰੀਬਾਂ ਨੂੰ ਅਣਗੌਲਿਆਂ ਕਰ ਦਿੱਤਾ। ਨਤੀਜੇ ਵਜੋਂ 1929 ਦੀ ਮਹਾਂਮੰਦੀ ਦਾ ਆਰੰਭ ਹੋ ਗਿਆ। ਇਸ ਦੀ ਸ਼ੁਰੂਆਤ ਅਮਰੀਕਾ ਦੇ ਵਿੱਤੀ ਸ਼ਹਿਰ ਨਿਊਯਾਰਕ ਦੀ ਵਾਲ ਸਟਰੀਟ ਤੋਂ ਹੋਈ। ਸਰਕਾਰਾਂ ਤੇਜ਼ੀ ਨਾਲ ਬਦਲੀਆਂ ਜਾਣ ਲੱਗੀਆਂ। ਸਪੇਨ ਦਾ ਰਾਜਾ ਦੇਸ਼ ਛੱਡ ਕੇ ਭੱਜ ਗਿਆ। ਜਪਾਨੀਆਂ ਨੇ ਨਾਪਸੰਦ ਸਿਆਸਤਦਾਨ ਕਤਲ ਕਰ ਦਿੱਤੇ।

ਰੂਜ਼ਵੈਲਟ 1932 ਵਿਚ ਅਮਰੀਕਾ ਦਾ ਰਾਸ਼ਟਰਪਤੀ ਬਣਿਆ। ਉਸ ਨੇ ਆਪਣੇ ਦੇਸ਼ ਨੂੰ ਇਸ ਤਰੀਕੇ ਨਾਲ ਮੰਦੀ ਦੀ ਦਲਦਲ ਵਿਚੋਂ ਬਾਹਰ ਕੱਢਿਆ ਕਿ ਲੋਕ ਉਸ ਦੇ ਭਗਤ ਬਣ ਗਏ। ਉਹ 1936, 1940 ਤੇ 1944 ਦੀਆਂ ਚੋਣਾਂ ਵਿਚ ਲਗਾਤਾਰ ਜੇਤੂ ਰਿਹਾ। ਸਿਰਫ਼ ਮੌਤ ਹੀ ਉਸ ਨੂੰ ਸੱਤਾ ਤੋਂ ਬਾਹਰ ਕਰ ਸਕੀ।

ਕਮਿਊਨਿਸਟ ਰੂਸ ਦੀਆਂ ਪੰਜ ਸਾਲਾ ਯੋਜਨਾਵਾਂ ਨੇ ਵੀ ਕ੍ਰਿਸ਼ਮਾ ਦਿਖਾਇਆ। ਜਦੋ ਜ਼ਿਆਦਾਤਰ ਦੇਸ਼ਾਂ ਵਿਚ ਬੇਰੁਜ਼ਗਾਰਾਂ ਦੀਆਂ ਲੰਮੀਆਂ ਕਤਾਰਾਂ ਦਿਖਾਈ ਦੇ ਰਹੀਆਂ ਸਨ, ਉਦੋਂ ਰੂਸ ਵਿਚ ਇਕ ਵੀ ਬੇਰੁਜ਼ਗਾਰ ਨਹੀਂ ਸੀ। ਵਿਅਕਤੀਗਤ ਆਜ਼ਾਦੀ ਅਤੇ ਖੁਸ਼ਹਾਲੀ ਦਾ ਮੰਦਾ ਹਾਲ ਸੀ। ਜੇ ਕੋਈ ਇਸ ਬਾਰੇ ਮੂੰਹ ਖੋਲ੍ਹਦਾ ਤਾਂ ਉਸ ਨੂੰ ਕ੍ਰਾਂਤੀਕਾਰੀਆਂ ਵੱਲੋਂ ਚੁੱਪ ਕਰਾ ਦਿੱਤਾ ਜਾਂਦਾ। ਜਿਵੇਂ ਬਹੁਤੇ ਇਨਕਲਾਬਾਂ ਨਾਲ ਹੁੰਦਾ ਆਇਆ ਹੈ, ਰੂਸੀ ਇਨਕਲਾਬ ਵੀ ਦਿਸ਼ਾ ਤੋਂ ਭਟਕ ਗਿਆ। ਰੂਸ ਦੀ ਕਮਿਊਨਿਸਟ ਪਾਰਟੀ ਤਾਨਾਸ਼ਾਹ ਪਾਰਟੀ ਵਿਚ ਤਬਦੀਲ ਹੋ ਗਈ ਸੀ। ਸੋਵੀਅਤਾਂ ਦੇ ਹੱਥ ਵਿਚ ਕੋਈ ਤਾਕਤ ਨਹੀਂ ਰਹਿ ਗਈ ਸੀ। ਪਾਰਟੀ ਵਿਚ ਵੀ ਤਾਨਾਸ਼ਾਹੀ ਭਾਰੂ ਸੀ। ਤਰਾਤਸਕੀ ਇਸ ਦੀ ਆਲੋਚਨਾ ਕਰਦਾ ਸੀ। ਲੈਨਿਨ ਦੇ ਸਾਰੇ ਕਾਮਰੇਡਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਦੂਜਾ ਵਿਸ਼ਵ ਯੁੱਧ ਜਰਮਨੀ ਦੁਆਰਾ 1939 ਵਿਚ ਸ਼ੁਰੂ ਕੀਤਾ ਗਿਆ। ਫਰਾਂਸ ਤੇ ਬ੍ਰਿਟੇਨ ਸੋਚਦੇ ਸਨ ਕਿ ਜਰਮਨੀ ਕਮਿਊਸਟਾਂ ਨੂੰ ਖ਼ਤਮ ਕਰੇਗਾ। ਇਸ ਤੋਂ ਪਹਿਲਾਂ ਕਿ ਜਰਮਨੀ ਐਟਮ ਬੰਬ ਤਿਆਰ ਕਰ ਕੇ ਆਪਣੇ ਦੁਸ਼ਮਣ ਦੇਸ਼ਾਂ ਉੱਪਰ ਸੁੱਟਦਾ; ਅਮਰੀਕਾ, ਕੈਨੇਡਾ ਤੇ ਇੰਗਲੈਂਡ ਨੇ ਇਕਜੁੱਟ ਹੋ ਕੇ ਪਹਿਲਾਂ ਹੀ ਇਹ ਕੰਮ ਪੂਰਾ ਕਰ ਲਿਆ ਤੇ ਅਮਰੀਕੀ ਫੌਜ ਨੇ ਹੀਰੋਸ਼ੀਮਾ ਤੇ ਨਾਗਾਸਾਕੀ (ਜਾਪਾਨ) ਉੱਪਰ ਦੁਨੀਆ ਦੇ ਪਹਿਲੇ ਸਭ ਤੋਂ ਵੱਧ ਵਿਨਾਸ਼ਕਾਰੀ ਬੰਬ ਸੁੱਟ ਦਿੱਤੇ। ਇਸ ਯੁੱਧ ਨੂੰ ਜਿੱਤਣ ਵਿਚ ਰੂਸ ਦਾ ਯੋਗਦਾਨ ਵੀ ਵਡੇਰਾ ਸੀ।

ਭਾਰਤ ਆਜ਼ਾਦ ਹੋ ਕੇ ਦੋ ਦੇਸ਼ਾਂ ਵਿਚ (ਫਿਰ ਤਿੰਨ ਵਿਚ) ਵੰਡਿਆ ਗਿਆ। ਚੰਗੀ ਗੱਲ ਇਹ ਹੋਈ ਕਿ ਦੋਵੇਂ ਦੇਸ਼ ਯੂ.ਐੱਨ.ਓ. ਦੇ ਭਾਗੀਦਾਰ ਬਣ ਗਏ। ਇਹ ਰਾਸ਼ਟਰ ਮੰਡਲ ਵਿਚ ਵੀ

ਸ੍ਰੀਲੰਕਾ ਵਾਂਗ ਹੀ ਬਣੇ ਰਹੇ। ਬਰ੍ਹਮਾ ਨੇ ਰਾਸ਼ਟਰਮੰਡਲ ਵਿਚ ਰਹਿਣ ਤੋਂ ਇਨਕਾਰ ਕਰ ਦਿੱਤਾ ਪਰ ਆਪਣੇ ਪੁਰਾਣੇ ਸ਼ਾਸਕਾਂ ਨਾਲ ਇਸ ਨੇ ਵਧੀਆ ਸੰਬੰਧ ਬਣਾਈ ਰੱਖੇ। ਜਾਪਾਨੀਆਂ ਨੇ ਇੰਡੋਨੇਸ਼ੀਆ ਵਿਚੋਂ ਉੱਥੋਂ ਦੇ ਹਾਲੈਂਡੀ ਸ਼ਾਸਕਾਂ ਨੂੰ ਭਜਾ ਦਿੱਤਾ। ਜਾਪਾਨ ਦੀ ਹਾਰ ਤੋਂ ਬਾਅਦ ਜਾਪਾਨ ਵਾਪਸ ਚਲਾ ਗਿਆ ਤਾਂ ਇੰਡੋਨੇਸ਼ੀਆ ਦੇ ਲੋਕਾਂ ਨੇ ਆਪਣੀ ਦੇਸੀ ਸਰਕਾਰ ਬਣਾ ਲਈ। ਡੱਚ (ਹਾਲੈਂਡ) ਲੋਕ ਛੋਟੀ ਜਿਹੀ ਫੌਜ ਲੈ ਕੇ ਵਾਪਸ ਆ ਧਮਕੇ, ਥੋੜ੍ਹੀਆਂ ਝਪਟਾਂ ਤੋਂ ਬਾਅਦ ਯੂ.ਐੱਨ.ਓ. ਦੀ ਦਖ਼ਲਅੰਦਾਜ਼ੀ ਕਾਰਨ, ਡੱਚਾਂ ਨੂੰ ਸਮਝਾ-ਬੁਝਾ ਕੇ ਤੋਰ ਦਿੱਤਾ ਗਿਆ।

ਸਤਾਲਿਨ ਨੇ ਕੰਸਟਰੇਸ਼ਨ ਕੈਂਪਾਂ ਵਿਚ ਕਰੋੜਾਂ ਉਹ ਲੋਕ ਭਰ ਦਿੱਤੇ ਜਿਹੜੇ ਉੱਚ ਅਹੁਦਿਆਂ 'ਤੇ ਉਸ ਦੀ ਜੀ ਹਜ਼ੂਰੀ ਕਰ ਕੇ ਨਹੀਂ ਬਲਕਿ ਹੋਰ ਰਸਤਿਉਂ ਪਹੁੰਚੇ ਸਨ। ਸਤਾਲਿਨ ਦੀ ਪਕੜ ਤੋਂ ਯੂਗੋਸਲਾਵੀਆ ਦੇ ਕਮਿਊਨਿਸਟ ਬਚੇ ਰਹੇ ਤੇ ਉਨ੍ਹਾਂ ਨੇ ਆਪਣੀਆਂ ਨੀਤੀਆਂ ਨੂੰ ਲੈਨਿਨ ਦੇ ਨੇੜੇ ਰੱਖਿਆ। ਸਜ਼ਾ ਵਜੋਂ ਉਨ੍ਹਾਂ ਨੂੰ ਕਮਿਊਨਿਸਟ ਇੰਟਰਨੈਸ਼ਨਲ ਵਿਚੋਂ ਕੱਢ ਦਿੱਤਾ ਗਿਆ।

1950 ਈਸਵੀ ਵਿਚ ਉਤਰੀ ਕੋਰੀਆ ਦੀ ਰੂਸ ਦੁਆਰਾ ਸਿਖਲਾਈਯਾਫਤਾ ਕਮਿਊਨਿਸਟ ਫੌਜ ਨੇ ਦੱਖਣੀ ਕੋਰੀਆ ਉੱਤੇ ਹਮਲਾ ਕਰ ਦਿੱਤਾ। ਅਮਰੀਕਾ ਅਤੇ ਪੱਛਮੀ ਦੇਸ਼ਾਂ ਦੀਆਂ ਫੌਜਾਂ ਨੇ ਦੱਖਣੀ ਕੋਰੀਆ ਵਿਚ ਜਾ ਕੇ ਉਤਰੀ ਕੋਰੀਅਨ ਫੌਜ ਨੂੰ ਪਿਛੇ ਧੱਕ ਦਿਤਾ। ਨਵੇਂ ਨਵੇਂ ਕਮਿਊਨਿਸਟ ਚੀਨ ਨੇ ਆਪਣੀਆਂ ਫੌਜਾਂ ਉਤਰੀ ਕੋਰੀਆ ਦੀ ਮਦਦ ਵਾਸਤੇ ਭੇਜੀਆਂ। ਅਮਰੀਕੀ ਫੌਜ ਨੂੰ ਰੁਕਣਾ ਪਿਆ ਕਿਉਂਕਿ ਚੀਨ ਕੋਲ਼ ਹਥਿਆਰ ਭਾਵੇਂ ਘੱਟ ਸਨ ਪਰ ਉਨ੍ਹਾਂ ਕੋਲ਼ ਮਨੁੱਖੀ ਸ਼ਕਤੀ ਦੀ ਕਮੀ ਨਹੀਂ ਸੀ। ਉਨ੍ਹਾਂ ਨੇ ਆਪਣੇ ਵਿਰੋਧੀਆਂ ਤੇ ਭੂਮੀ ਮਾਲਕਾਂ ਨੂੰ ਮਾਰ ਮੁਕਾਇਆ। ਰੂਸੀ ਕਮਿਊਨਿਸਟ ਚੀਨੀਆਂ ਨੂੰ ਸਿਧਾਂਤਹੀਣ ਲੋਕ ਮੰਨਦੇ ਸਨ ਪਰ ਚੀਨੀਆਂ ਦੇ ਇਸ ਕਦਮ ਨਾਲ ਰੂਸੀ ਹੈਰਾਨ ਰਹਿ ਗਏ।

ਜਿਸ ਦੌਰ ਵਿਚ ਅੰਤਰਰਾਸ਼ਟਰੀ ਸ਼ਕਤੀਆਂ ਵਿਚ ਸਰਵਨਾਸ਼ੀ ਯੁੱਧ ਦਾ ਖ਼ਤਰਾ ਬਣਿਆ ਹੋਇਆ ਸੀ, ਭਾਰਤ ਵਰਗੇ ਨਵੇਂ ਆਜ਼ਾਦ ਹੋਏ ਦੇਸ਼ ਨਿਰਪੱਖ ਰਹਿਣ ਦਾ ਯਤਨ ਕਰ ਰਹੇ ਸਨ। ਕੋਰੀਅਨ ਯੁੱਧ ਵਿਚ ਵੀ ਭਾਰਤ ਨੇ ਇਕ ਮੈਡੀਕਲ ਯੂਨਿਟ ਹੀ ਭੇਜੀ ਸੀ। ਇਸ ਦੌਰ ਵਿਚ ਦੁਨੀਆ ਆਰਥਿਕ ਅਤੇ ਤਕਨੀਕੀ ਪੱਖ ਤੋਂ ਬਹੁਤ ਤੇਜ਼ੀ ਨਾਲ ਵਿਕਾਸ ਕਰ ਰਹੀ ਸੀ। 000

***(ਪੰਜਾਬੀ ਵਿਭਾਗ, ਆਰਟਸ ਫੈਕਲਟੀ, ਦਿੱਲੀ ਯੂਨੀਵਰਸਿਟੀ, ਦਿੱਲੀ-07***
***ਫੋਨ: +91-95924-15177)***

## *ਸਿਰਜਣਾ ਦੇ ਪੁਰਾਣੇ ਅੰਕ*

### *SIRJANA ARCHIVES ON INTERNET*

***ਕੈਨੇਡਾ ਵਸਦੇ ਪੰਜਾਬੀ ਚਿੰਤਕ-ਲੇਖਕ ਸੁਖਵੰਤ ਹੁੰਦਲ ਨੇ 'ਸਿਰਜਣਾ' ਦੀਆਂ ਫਾਈਲਾਂ ਨੂੰ ਡਿਜੀਟਲ ਰੂਪ ਵਿਚ ਇੰਟਰਨੈੱਟ 'ਤੇ ਪਾਉਣ ਦਾ ਵੱਡਾ ਕੰਮ ਕੀਤਾ ਹੈ। ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਵਿਚ ਅਧਿਆਪਕ ਵਜੋਂ ਆਪਣੀ ਸੇਵਾ-ਮੁਕਤੀ ਤੋਂ ਪਿੱਛੋਂ ਉਸਨੇ ਕਾਫੀ ਸਮਾਂ ਨਿੱਠ ਕੇ ਕੰਮ ਕਰਦਿਆਂ ਇਹ ਕਾਰਜ ਨਿਪਟਾਇਆ ਹੈ। ਬਹੁਤ ਸਾਰੀਆਂ ਪੁਰਾਣੀਆਂ ਫਾਈਲਾਂ ਸੁਖਵੰਤ ਹੁੰਦਲ ਨੂੰ ਉਪਲਭਦ ਕਰਾਉਣ ਵਿਚ ਸਾਧੂ ਬਿਨਿੰਗ ਨੇ ਵੀ ਯੋਗਦਾਨ ਪਾਇਆ ਹੈ। ਸੁਖਵੰਤ ਦੀ ਤਿਆਰ ਕੀਤੀ 'ਸਿਰਜਣਾ' ਦੀ ਵੈੱਬਸਾਈਟ ਦਾ ਪਤਾ ਹੈ:***

***https://sirjanaarchives.wordpress.com/***

***ਇਸ ਸਾਈਟ ਉੱਤੇ 'ਸਿਰਜਣਾ' ਦੀਆਂ ਪੀਡੀਐੱਫ ਫਾਈਲਾਂ ਦੇ ਨਾਲ ਨਾਲ 'ਸਿਰਜਣਾ' ਵਿਚ ਛਪੀਆਂ ਲਿਖਤਾਂ ਦੀ ਸੂਚੀ ਵੀ ਹੈ। ਪਿਛਲੇ ਕੁਝ ਅੰਕ ਜੋ ਹਾਲੇ ਇਸ ਵੈੱਬਸਾਈਟ ਉੱਤੇ ਪਾਏ ਨਹੀਂ ਗਏ, ਉਹ ਵੀ ਛੇਤੀ ਹੀ ਪਾ ਦਿੱਤੇ ਜਾਣਗੇ। -ਸੰਪਾਦਕ***

# ਬੁਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ: ਬਲਵਿੰਦਰ ਗਰੇਵਾਲ

ਗੱਲ ਭਾਵੇਂ ਮੈਂ 14 ਤੋਂ19 ਨਵੰਬਰ 2023 ਦੇ ਪੰਜ ਦਿਨਾਂ ਦੀ, ਤੇ ਉਸ ਤੋਂ ਵੀ ਵੱਧ ਢਾਹਾਂ ਇਨਾਮ ਸਮਾਰੋਹ ਦੇ ਸਭ ਤੋਂ ਯਾਦਗਾਰੀ ਪਲ ਦੀ ਕਰਨੀ ਹੈ ਪਰ ਯਾਦ ਮੇਰੇ ਉਹ ਦਿਨ ਆ ਗਏ ਜਿਨ੍ਹਾਂ ਦੌਰਾਨ ਮੈਂ ਪੰਜਾਬ ਤੋਂ ਮੰਗਵਾਈਆਂ ਕਿਤਾਬਾਂ ਉਡੀਕ ਰਿਹਾ ਸਾਂ। ਢਾਹਾਂ ਵਾਲਿਆਂ ਨੇ 25 ਕਿਤਾਬਾਂ ਮੰਗਵਾਈਆਂ ਸਨ ਜਿਨ੍ਹਾਂ ਦਾ ਮੁੱਲ ਤੇ ਡਾਕ ਖਰਚਾ ਵੀ ਉਹਨਾ ਨੇ ਦੇਣਾ ਸੀ। ਮੇਰੇ ਭਤੀਜੇ ਹਰਜੀਤ ਸਿੰਘ ਤੇ ਭਾਣਜੇ ਅਰਵਿੰਦਰ ਸਿੰਘ ਦੀ 'ਕਫਾਇਤੀ ਇਮਾਨਦਾਰੀ' ਨੇ ਜ਼ੋਰ ਮਾਰਿਆ ਤਾਂ ਉਹਨਾਂ ਨੇ ਸਰਕਾਰੀ 'ਸਪੀਡ ਪੋਸਟ' ਰਾਹੀਂ ਭੇਜ ਦਿੱਤੀਆਂ ਕਿਉਂਕਿ ਨਿੱਜੀ ਕੋਰੀਅਰ ਨਾਲੋਂ ਖਰਚਾ ਤਿੰਨ ਹਜ਼ਾਰ ਘੱਟ ਸੀ।ਕਿਤਾਬਾਂ ਦੋ ਮਹੀਨੇ ਨਾ ਪਹੁੰਚੀਆਂ। ਤਰੀਕ ਨੇੜੇ ਆ ਗਈ। ਮੇਰਾ ਸੁਭਾਅ ਹੈ ਕਿ ਪ੍ਰੇਸ਼ਾਨੀ ਨਾ ਵੀ ਹੋਵੇ ਤਾਂ ਵੀ ਮੈਂ ਕਿਤੋਂ ਨਾ ਕਿਤੋਂ ਭਾਲ਼ ਕੇ, ਹਾਕ ਮਾਰਕੇ ਬੁਲਾ ਲੈਂਦਾ ਹਾਂ। ਮਨ 'ਚ ਗੱਲ ਘਰ ਕਰ ਗਈ ਕਿ ਜੇ ਕਿਤਾਬਾਂ ਨਾ ਆਈਆਂ ਤਾਂ ਸਾਰੇ ਲੇਖਕ ਭਾਈਚਾਰੇ ਦੀ ਬਦਨਾਮੀ ਹੋਵੇਗੀ ਕਿ ਇਨਾਮ ਤਾਂ ਦੁਨੀਆਂ ਭਰ ਦੇ ਲੈਣ ਨੂੰ ਫਿਰਦੇ ਨੇ, ਆਪ 25 ਕਿਤਾਬਾਂ ਪਹਿਲਾਂ ਦੇਣ ਜਿੰਨਾਂ ਵੀ ਹਿਆਓਂ ਨੀ ਰੱਖਦੇ। ਵਧਾਈਆਂ ਦੇ ਸੁਨੇਹਿਆਂ ਨਾਲੋਂ ਕਿਤਾਬਾਂ ਵੱਧ ਗਹੁ ਨਾਲ ਤੇ ਵੱਧ ਵਾਰੀ ਟਰੈਕ ਕੀਤੀਆਂ। ਸਤੀਸ਼ ਗੁਲਾਟੀ ਹੋਰਾਂ ਤੋਂ ਦੁਬਾਰਾ ਮੰਗਵਾਈਆਂ। ਉਹਨਾਂ ਨੂੰ ਦਿੱਤੀ ਪ੍ਰੇਸ਼ਾਨੀ ਬਾਰੇ ਤਾਂ ਉਹੀ ਦੱਸਣਗੇ। ਪੂਰਾ ਐਪੀਸੋਡ ਐ। ਖੈਰ! ਦੋਵੇਂ ਪਾਰਸਲ, ਵੈਨਕੂਵਰ ਲਈ ਤੁਰਨ ਤੋਂ ਦੋ ਕੁ ਦਿਨ ਪਹਿਲਾਂ ਇਕੱਠੇ ਈ ਪਹੁੰਚ ਗਏ। ਲੇਖਕ ਭਾਈਚਾਰੇ ਦੀ ਇਜ਼ਤ ਬਚ ਗਈ। ਸੋ, 'ਇਜ਼ਤ' ਦੇ ਚੱਕਰ 'ਚ ਪਹਿਲੇ ਦੂਜੇ ਇਨਾਮ ਦੀ ਭਾਵਨਾ ਦੇ ਨਾਲ ਨਾਲ ਇਨਾਮ ਦੀ ਖੁਸ਼ੀ ਵੀ ਭੁੱਲੀ ਰਹੀ। ਵਿਚ ਜਿਹੇ ਨੂੰ ਖਬਰ ਵਾਇਰਲ ਹੋ ਗਈ ਕਿ ਪਹਿਲਾ ਇਨਾਮ ਅਰਵਿੰਦਰ ਕੌਰ ਧਾਲੀਵਾਲ ਦੇ ਕਹਾਣੀ ਸੰਗ੍ਰਹਿ , 'ਝਾਂਜਰਾਂ ਵਾਲੇ ਪੈਰ' ਨੂੰ ਮਿਲ ਗਿਆ ਹੈ। ਹਾਲਾਂ ਕਿ ਬਾਰਜ ਹੋਰਾਂ ਵੱਲੋਂ ਇਸ ਖਬਰ ਦਾ ਖੰਡਨ ਆ ਗਿਆ ਸੀ ਪਰ ਖਬਰ ਨੇ ਆਪਾਂ ਨੂੰ ਤਾਂ ਮੋਹ ਮਾਇਆ ਤੋਂ ਜਮਾਂ ਮੁਕਤ ਕਰ ਦਿੱਤਾ ਸੀ।

ਅਜਿਹੀ ਹੀ ਅਟੰਕ ਮਨੋਦਸ਼ਾ ਵਿਚ ਵੈਨਕੂਵਰ ਦੇ 'ਏਅਰਪੋਰਟ ਹੋਟਲ' ਵਿਚ ਅਰਵਿੰਦਰ ਕੌਰ ਧਾਲੀਵਾਲ ਅਤੇ 2021 ਦੇ ਫਾਈਨਲਿਸਟ ਬਲਬੀਰ ਮਾਧੋਪੁਰੀ ਨਾਲ ਮੇਲ ਹੋਇਆ। ਮਾਧੋਪੁਰੀ ਦਲਿਤ ਸਾਹਿਤ ਦਾ ਮੰਨਿਆਂ ਪ੍ਰਮੰਨਿਆ ਨਾਂ, ਬਾਰਜ ਹੋਰਾਂ ਨਾਲ ਉਹਨਾਂ ਦਾ ਪਹਿਲਾਂ ਤੋਂ ਹੀ ਮੁਹੱਬਤੀ ਰਿਸ਼ਤਾ ਤੇ ਅਰਵਿੰਦਰ ਧਾਲੀਵਾਲ ਦਾ ਨਿਰਛਲ, ਖੁਲ੍ਹ ਕੇ ਹੱਸਣ ਦਾ ਸੁਭਾਅ, ਉਹਨਾਂ ਦੀ ਸੈਲਿਬਿਰਿਟੀਜ਼ ਵਾਲੀ ਦਿੱਖ ਤੇ ਪਹੁੰਚ, ਦੋਵੇਂ ਜਣੇ ਮੇਰੇ 'ਤੇ ਛਾ ਗਏ। ਰਾਤ ਦੇ ਖਾਣੇ ਲਈ ਬਰਜਿੰਦਰ ਢਾਹਾਂ, ਜਿਨ੍ਹਾਂ ਨੂੰ ਲੋਕ ਬਾਰਜ ਦੇ ਨਾਂ ਨਾਲ ਜਾਣਦੇ ਹਨ, ਹੋਟਲ ਦੇ ਕਮਰੇ ਵਿਚੋਂ ਆਪ ਲੈਣ ਆਏ। ਠੀਕ ਟਾਈਮ 'ਤੇ। ਨਾ ਮਿੰਟ ਅਗੇਤੇ ਨਾ ਪਛੇਤੇ। ਆਪਾਂ ਸਮਝ ਗਏ ਬਈ ਏਥੇ ਸੱਤ ਵਜੇ ਦਾ ਮਤਲਬ ਸੱਤ ਵਜੇ। ਬਾਰਜ ਹੋਰਾਂ ਦੀ ਪਾਈ ਗਲਵੱਕੜੀ ਨੇ ਆਉਣ ਵਾਲੇ ਮੁਹੱਬਤੀ ਦਿਨਾਂ ਦੀ ਸੁਨਹਿਰੀ ਕੰਨੀ ਦਾ ਲੜ ਮਨ ਦੀ ਕਿਸੇ ਨੁੱਕਰੇ ਜੋੜ ਦਿੱਤਾ। ਇਹ ਗੰਢ ਹੋਰ ਪੀਡੀ ਹੋਈ ਜਦੋਂ ਪਹਿਲੀ ਹੀ ਰਾਤ ਦਾ ਖਾਣਾ ਢਾਹਾਂ ਪਰਿਵਾਰ ਨੇ ਇਕ ਭਾਰਤੀ ਰੈਸਤੋਰਾਂ ਵਿਚ ਖੁਆਇਆ। ਉਸ ਦਿਨ ਅਰਵਿੰਦਰ ਕੌਰ ਧਾਲੀਵਾਲ, ਬਲਬੀਰ ਮਾਧੋਪੁਰੀ ਅਤੇ ਮੈਂ ਹੀ ਸਾਂ। 2022 ਦੇ ਤੀਜੇ ਫਾਈਨਲਿਸਟ ਜਾਵੇਦ ਬੂਟਾ ਜੀ ਦੀ ਸਿਹਤ ਠੀਕ ਨਾ ਹੋਣ ਕਾਰਨ ਉਹ ਉਸ ਖਾਣੇ ਵਾਲੇ ਦਿਨ ਨਹੀਂ ਸੀ ਪਹੁੰਚ ਸਕੇ। ਇਸ ਲਈ ਖਾਣੇ ਦੀ ਮੇਜ਼ 'ਤੇ ਅਸੀਂ ਤਿੰਨੋਂ ਤੇ ਢਾਹਾਂ ਪਰਿਵਾਰ ਦੇ ਜੀਅ

ਹੀ ਸਨ। ਢਾਹਾਂ ਭੈਣਾਂ ਤੇ ਪ੍ਰਾਹੁਣੇ ਗਲਵੱਕੜੀ ਪਾ ਕੇ 'ਚਿਰਾਂ ਦੇ ਜਾਣਕਾਰਾਂ' ਵਾਂਗ, ਖਲੂਸ ਅਤੇ ਮੁਹੱਬਤ ਨਾਲ ਮਿਲੇ। ਆਉਣ ਵਾਲੇ ਦਿਨ ਬਹੁਤ ਰੁਝੇਵਿਆਂ ਭਰੇ ਸਨ। ਬਾਰਜ ਹੋਰੀਂ ਠੀਕ ਦਿੱਤੇ ਹੋਏ ਸਮੇਂ 'ਤੇ ਪਹੁੰਚ ਜਾਂਦੇ। ਕਦੇ ਟੀ.ਵੀ. ਗੱਲਬਾਤ, ਕਦੇ ਕਿਸੇ ਕਲਾਸ ਵਿਚ ਵਿਦਿਆਰਥੀਆਂ ਨੂੰ ਸੰਬੋਧਨ, ਕਿਸੇ ਯੂਨੀਵਰਸਿਟੀ ਵਿਚ 'ਪੰਜਾਬੀ ਵਿਭਾਗ' ਦੇ ਅਧਿਆਪਕਾਂ ਨਾਲ ਗੱਲਬਾਤ। ਅਜਿਹਾ ਮਾਣ ਜਿਸ ਵਿਚ ਲੇਖਕ ਹੋਣ ਦੀ ਜ਼ਿੰਮੇਵਾਰੀ ਦਾ ਅਹਿਸਾਸ ਪਲ ਪਲ 'ਤੇ ਹੋਇਆ। ਇਕ ਸੀਨ ਬਹੁਤੀ ਥਾਂ ਹੈਰਾਨ ਕਰਦਾ। ਇਨਾਮ ਅਤੇ ਸਮਾਗਮ 'ਤੇ ਹਜ਼ਾਰਾਂ ਡਾਲਰ ਖਰਚ ਕਰਨ ਵਾਲੇ ਬਾਰਜ ਢਾਹਾਂ ਸਾਡੀਆਂ ਕਿਤਾਬਾਂ ਦੀ 'ਸੇਲ' ਲਾਉਂਦੇ ਤੇ ਆਪ ਦਸ ਦਸ ਡਾਲਰ ਫੜਦੇ। ਢਾਹਾਂ ਪਰਿਵਾਰ ਦੇ ਸਾਰੇ ਜੀਆਂ ਨੇ ਵੀ ਕਿਤਾਬਾਂ ਮੁੱਲ ਲਈਆਂ। ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿਚ ਪੰਜਾਬੀ ਪੜ੍ਹਾਉਂਦੇ ਅਧਿਆਪਕਾਂ ਨਾਲ ਗੱਲਬਾਤ ਅਤੇ 'ਫਰੇਜ਼ਰ ਵੈਲੀ' ਯੂਨੀਵਰਸਿਟੀ ਦੀਆਂ ਜਮਾਤਾਂ ਵਿਚ ਗ਼ੈਰ-ਪੰਜਾਬੀ ਅਤੇ ਵੱਖ ਵੱਖ ਮੁਲਕਾਂ ਤੇ ਨਸਲਾਂ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਦੇ ਤੇ ਬੋਲਦੇ ਸੁਣਨਾ, ਨਾ ਬਿਆਨਿਆ ਜਾ ਸਕਣ ਵਾਲਾ ਅਨੁਭਵ ਸੀ। ਬਾਰਜ ਢਾਹਾਂ ਨਾਲ ਦੀ ਨਾਲ ਉਹਨਾਂ ਦੀ ਸੰਸਥਾ ਵੱਲੋਂ ਪੰਜਾਬੀ ਅਤੇ ਮੂਲਵਾਸੀਆਂ ਦੀ ਮਰ ਰਹੀ ਭਾਸ਼ਾ ਅਤੇ ਸੱਭਿਆਚਾਰ ਨੂੰ ਸਾਂਭਣ ਲਈ ਕੀਤੀਆਂ/ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਬਾਰੇ ਦੱਸਦੇ ਤਾਂ ਤਸੱਲੀ ਭਰੀ ਖੁਸ਼ੀ ਹੁੰਦੀ। ਮੂਲਵਾਸੀਆਂ ਨਾਲ ਮੁਹੱਬਤੀ ਨੇੜਤਾ ਦੇ ਅਹਿਸਾਸ ਨਾਲ ਵਾਰ ਵਾਰ ਮਨ ਭਰ ਆਉਂਦਾ। ਯੂ.ਬੀ.ਸੀ. ਦੀ ਲਾਇਬਰੇਰੀ ਦੇ ਰਸਤੇ 'ਚ ਲੱਗਿਆ ਰਾਬਿੰਦਰ ਨਾਥ ਟੈਗੋਰ ਦਾ ਬੁੱਤ, ਗ਼ਦਰੀ ਬਾਬਿਆਂ ਦੀ ਯਾਦਗਾਰ ਤੋਂ ਬਾਅਦ ਦੂਜਾ ਅਜਿਹਾ ਸਥਾਨ ਸੀ ਜਿੱਥੇ ਸ਼ਰਧਾ ਨਾਲ, ਸੱਚੀਂ ਝੁਕ ਕੇ ਮੱਥਾ ਟੇਕਿਆ। ਕਹਿ ਕੇ ਫੋਟੋ ਕਰਵਾਈ। ਲੱਕੜੀ ਦੇ ਥਮ੍ਹਲਿਆਂ 'ਤੇ ਬਣੇ ਮੂਲਵਾਸੀਆਂ ਦੇ ਸੱਭਿਆਚਾਰਕ ਚਿੰਨ੍ਹਾਂ ਨਾਲ ਭਰਪੂਰ ਸੈਮੀਨਾਰ ਹਾਲ ਦੇਖ ਕੇ ਆਪਣੇ ਪੁਰਖਿਆਂ ਦੇ ਜੀਵਨ, ਟੂਣੇ, ਜਾਦੂ ਤੇ ਕਥਾਵਾਂ ਯਾਦ ਆਈਆਂ। ਯਾਦ ਆਏ ਉਹ ਲੋਕ ਜਿਨ੍ਹਾਂ ਨੇ ਸੀਮਤ ਸਾਧਨਾਂ ਤੇ ਮੁੱਢਲੀ ਤਕਨੀਕ ਨਾਲ ਸਾਡੇ ਲਈ ਇਸ ਸੰਸਾਰ ਦੀ ਸਿਰਜਣਾ ਕੀਤੀ। ਉਹ ਲੋਕ ਹਰ ਥਾਂ ਕਿੰਨੇ ਇਕੋ ਜਿਹੇ ਹੁੰਦੇ ਹਨ ਤੇ ਅਸੀਂ ਹਰ ਥਾਂ ਸਿਰਫ ਭਿੰਨਤਾਵਾਂ ਭਾਲ਼ ਕੇ, ਦੂਜੈਲਾਪਣ ਸਿਰਜ ਲੈਂਦੇ ਹਾਂ। ਖੈਰ ! ਇੱਥੇ ਇਕ ਹੋਰ ਅਨੁਭਵ ਮੇਰੇ ਯਾਦ ਆਇਆ। ਮੈਂ ਬਰੈਂਟਫੋਰਡ ਵਿਚ, ਕਹਾਣੀਕਾਰਾ ਗੁਰਮੀਤ ਪਨਾਗ ਤੇ ਜੰਗ ਸਿੰਘ ਪਨਾਗ ਦੇ ਘਰ, ਕੁਝ ਸਮਾਂ ਰਿਹਾ ਸਾਂ। ਉਹਨਾਂ ਦੇ ਘਰ ਦੇ ਸਾਹਮਣਿਓਂ ਰੇਲ ਗੱਡੀ ਲੰਘਦੀ ਦਿਸਦੀ ਸੀ। ਕਿੰਨੀ ਵਾਰ ਰੇਲ ਗੱਡੀ ਦੇਖ ਕੇ, ਇਸ ਖਿਆਲ ਨਾਲ ਮੇਰਾ ਮਨ ਭਰ ਆਉਂਦਾ ਕਿ ਵੀਹਵੀਂ ਸਦੀ ਦੇ ਸ਼ੁਰੂ ਵਿਚ ਇਹ ਰੇਲ ਲਾਈਨਾਂ ਵਿਛਾਉਂਦਿਆਂ ਮੇਰੇ ਕਿੰਨੇ ਵਡਾਰੂਆਂ ਦਾ ਖੂਨ-ਪਸੀਨਾ ਵਗਿਆ ਹੋਵੇਗਾ। ਇਹ ਪਲ ਅਜਿਹੇ ਹੁੰਦੇ ਜਦੋਂ ਇਤਿਹਾਸ ਤੁਹਾਡੇ ਚੇਤੇ ਨਾਲ ਬੜਾ ਬੇਕਿਰਕ ਹੋ ਕੇ ਵਿਚਰਦਾ ਹੈ।

ਬੇ-ਸ਼ੱਕ ਕਹਾਣੀਕਾਰ ਹਰਪ੍ਰੀਤ ਸੇਖਾ ਤੇ ਭਾਅ ਜੀ ਸਾਧੂ ਸਿੰਘ ਹੋਰਾਂ ਨੇ ਮੈਨੂੰ ਵੈਨਕੂਵਰ ਤੇ ਸਰੀ ਦੀਆਂ ਬਹੁਤੀਆਂ ਥਾਵਾਂ ਮੇਰੇ ਪਹਿਲੇ ਗੇੜੇ ਦੌਰਾਨ ਹੀ ਦਿਖਾ ਦਿੱਤੀਆਂ ਸਨ ਪਰ ਬਾਰਜ ਢਾਹਾਂ ਹੋਰਾਂ ਨੇ ਬਿਲਕੁਲ ਹੀ ਨਿਵੇਕਲੇ ਖੇਤਰ ਨਾਲ ਬਾ-ਵਾਸਤਾ ਕੀਤਾ। ਬੜਾ ਕੁਝ ਨਵਾਂ ਸਿੱਖਿਆ ਤੇ ਅਨੁਭਵ ਕੀਤਾ। ਹਾਲਾਂਕਿ ਜਦੋਂ ਮਾਧੋਪੁਰੀ ਜੀ ਆਪਣੇ ਦਲਿਤ ਅਨੁਭਵ ਅਤੇ ਅਰਵਿੰਦਰ ਕੌਰ ਧਾਲੀਵਾਲ ਆਪਣੇ ਇਸਤਰੀ ਅਨੁਭਵ ਵਿਚੋਂ ਬੋਲਦੇ ਤਾਂ ਮੇਰੀ ਗੱਲਬਾਤ ਉਹਨਾਂ ਦੇ ਮੁਕਾਬਲੇ ਬਹੁਤ ਫਿੱਕੀ ਰਹਿ ਜਾਂਦੀ। ਸਿਰਫ ਲਾਇਬਰੇਰੀ 'ਚ ਗੱਲਬਾਤ ਕਰਦਿਆਂ ਤੇ ਆਪਣੀ ਕਹਾਣੀ 'ਡਬੋਲੀਆ' ਦੇ ਅੰਸ਼ ਪੜ੍ਹਦਿਆਂ ਮੈਨੂੰ ਲੱਗਿਆ ਕਿ ਮੈਂ ਕੁਝ ਕਹਿ ਸਕਿਆ ਹਾਂ। ਨਵੇਂ ਵਰਤਾਰਿਆਂ ਵਿਚੋਂ ਜ਼ਿਕਰਯੋਗ ਉਹ ਪਲ ਹਨ ਜਦੋਂ ਭੈਣ ਰਚਨਾ (ਡਾ. ਰਘਬੀਰ ਸਿੰਘ ਹੋਰਾਂ ਦੀ ਬੇਟੀ, ਬੀ.ਸੀ. ਦੀ ਮਨਿਸਟਰ) ਹੋਰਾਂ ਨੇ ਸਾਨੂੰ ਖਾਣੇ 'ਤੇ ਬੁਲਾਇਆ ਤੇ ਸਭ ਕੁਝ ਬਣਾਉਣ ਤੋਂ ਲੈ ਕੇ ਪਰੋਸਣ ਤਕ ਦਾ ਕੰਮ ਹੱਥੀਂ ਕੀਤਾ। ਮੇਰੇ ਉਹ ਗੱਲ ਯਾਦ ਆਈ ਜਿਹੜੀ ਐਡਮੰਟਨ ਦੇ ਨੌਜੁਆਨ ਐੱਮ.ਐੱਲ.ਏ. ਜਸਬੀਰ ਸਿੰਘ ਨੇ ਕਹੀ ਸੀ। ਇਕ ਦਿਨ ਉਹ ਮੈਨੂੰ ਚਾਹ ਪਿਲਾਉਣ ਲਈ 'ਟਿੰਮ ਹੌਰਟਨ' ਲਿਜਾਣ ਲਈ ਇਕੱਲਾ ਕਾਰ ਲੈ ਕੇ ਆਇਆ ਤੇ ਟਿੰਮ ਵਿਚ ਜਾ ਕੇ ਖੁਦ ਕਾਊਂਟਰ ਤੋਂ ਖਾਣ ਪੀਣ

ਦੀਆਂ ਚੀਜ਼ਾਂ ਲੈ ਕੇ ਆਇਆ। ਮੈਂ ਹੱਸ ਕੇ ਕਿਹਾ, "ਇਹ ਕਾਹਦੀ ਵਿਧਾਇਕੀ ਐ! ਹੁੰਦੇ ਨਾ ਤੁਸੀਂ ਪੰਜਾਬ 'ਚ ਐੱਮ.ਐੱਲ.ਏ.! ਫੇਰ ਦੇਖਦੇ ਤੁਹਾਡਾ ਟੌਹਰ ਟੱਪਾ। ਤੁਹਾਡੇ ਨਾਲ ਚਮਚਿਆਂ ਤੇ ਬਾਡੀਗਾਰਡਾਂ ਦੀ ਫੌਜ ਹੁੰਦੀ...!" ਹੱਸਣ ਦੀ ਥਾਂ ਉਹ ਗੰਭੀਰ ਹੋ ਗਏ। ਬੋਲੇ, "ਤਾਂ ਹੀ ਤਾਂ ਪੰਜਾਬ ਦੇ ਇਹ ਹਾਲ ਹੋਏ ਨੇ। ਇੱਥੇ ਵਿਧਾਇਕੀ ਇਕ ਕਠਿਨ 'ਜਾਬ' ਐ, ਹਾਕਮੀ ਨੀ। ਕੰਮ ਦੀ ਤਨਖਾਹ ਮਿਲਦੀ ਐ ਮੈਨੂੰ।"

ਖੈਰ, 17 ਨਵੰਬਰ 2022 ਦਾ ਦਿਨ ਆਇਆ।ਹੁਣ ਤਕ ਪਲ ਪਲ ਯਾਦਗਾਰੀ ਰਿਹਾ ਸੀ।ਪਰ ਸਭ ਤੋਂ ਯਾਦਗਾਰੀ ਪਲ! ਉਹ ਤਾਂ ਅਜੇ ਵਾਪਰਨਾ ਸੀ ਤੇ ਉਸਨੇ ਬੀਤ ਨਹੀਂ ਸੀ ਜਾਣਾ। ਸ਼ਾਨਦਾਰ ਮੌਸਮ! ਉਤਰਦੀ ਰਾਤ। ਕਨੇਡਾ ਦੇ ਸ਼ਹਿਰ ਸਰੀ ਦੇ 'ਵੈਨਕੂਵਰ ਸ਼ੈਰੇਟਨ ਹੋਟਲ' ਦੀ ਗੈਲਰੀ। ਛੱਤੀ ਪ੍ਰਕਾਰ ਦੇ ਪਦਾਰਥਾਂ ਨਾਲ ਸਜੇ ਮੇਜ਼। ਹੁੰਮ ਹੁਮਾ ਕੇ ਪਹੁੰਚੇ ਮਹਿਮਾਨ। ਗੈਲਰੀ ਦੇ ਦਰਵਾਜ਼ੇ ਇਕ ਵਿਸ਼ਾਲ, ਸਜੇ ਹੋਏ ਹਾਲ ਵਿਚ ਖੁਲ੍ਹਦੇ। ਹਾਲ ਅੰਦਰਲੀ ਰੰਗੀਨੀ ਮਹਿਮਾਨਾਂ ਦੇ ਚਿਹਰਿਆਂ 'ਤੇ ਲਿਸ਼ਕਦੀ,ਟਿਮਟਿਮਾਉਂਦੀ। ਢਾਹਾਂ ਪਰਿਵਾਰ ਦੇ ਕਰਤਾ ਧਰਤਾ, ਬਾਰਜ ਢਾਹਾਂ ਤੇ ਵੱਡੀ ਭੈਣ ਹਰਿੰਦਰ ਕੌਰ ਢਾਹਾਂ ਦੀ ਕਮਾਨ ਹੇਠ ਢਾਹਾਂ ਪਰਿਵਾਰ ਦੇ ਸਾਰੇ ਜੀਅ ਸੁਆਗਤੀ ਮੁਸਕਰਾਹਟਾਂ ਵਿਖੇਰਦੇ,ਪ੍ਰਬੰਧ ਵੀ ਕਰੀ ਜਾਂਦੇ ਤੇ ਸਭ ਕੁਝ ਨੂੰ ਮਾਣੀ ਵੀ ਜਾਂਦੇ... ਮੇਰੇ ਲਈ ਖੁਸ਼ੀ ਦਾ ਇਕ ਸਬੱਬ ਇਹ ਵੀ ਸੀ ਕਿ ਦਰਸ਼ਕਾਂ ਵਿਚ, ਆਪਣੇ ਬੇਟੇ ਨੂੰ ਮਿਲਣ ਗਿਆ ਮੇਰਾ ਗਵਾਂਢੀ ਨੇਤਰ ਸਿੰਘ ਵੀ ਸੀ। ਉਹਦੇ ਰੂਪ 'ਚ ਮੇਰੇ ਲਈ ਮੈਨੂੰ ਸ਼ਾਬਾਸ਼ ਕਹਿਣ ਲਈ ਮੇਰਾ ਪਿੰਡ ਹਾਜ਼ਰ ਸੀ।

ਅਸੀਂ ਤਿੰਨੋਂ ਫਾਈਨਿਲਿਸਟ, ਅਰਵਿੰਦਰ ਕੌਰ ਧਾਲੀਵਾਲ, ਜਾਵੇਦ ਬੂਟਾ ਤੇ ਮੈਂ, ਢਾਹਾਂ ਪਰਿਵਾਰ ਦੇ ਜੀਆਂ ਵੱਲੋਂ ਲਾਈ ਗਈ ਪੁਸਤਕਾਂ ਦੀ ਸਟਾਲ 'ਤੇ ਆਪੋ ਆਪਣੀਆਂ ਕਿਤਾਬਾਂ ਖਰੀਦਣ ਵਾਲਿਆਂ ਨੂੰ 'ਆਟੋਗ੍ਰਾਫ' ਦੇਣ ਵਿਚ ਰੁੱਝੇ ਹੋਏ। ਅਜਿਹੇ ਪਲ ਜਿਹੜੇ ਤੁਹਾਨੂੰ ਲੇਖਕ ਹੋਣ ਦੇ ਸਵੈਮਾਣ ਨਾਲ ਭਰ ਦੇਣ। ਮੇਰੇ ਵਰਗਾ ਸਾਧਾਰਨ ਲੇਖਕ ਉਸ ਦ੍ਰਿਸ਼ ਦਾ ਵਰਨਣ ਤਕ ਨਹੀਂ ਕਰ ਸਕਦਾ ਜਦੋਂ ਡਾ. ਰਘਬੀਰ ਸਿੰਘ ਸਿਰਜਣਾ, ਅਜਮੇਰ ਰੋਡੇ, ਸਾਧੂ ਬਿਨਿੰਗ ਤੇ ਇਹਨਾਂ ਦੇ ਕੱਦ-ਬੁੱਤ ਦੇ ਹੀ ਹੋਰ ਵਿਦਵਾਨ, ਲੇਖਕ ਕਿਤਾਬ ਖਰੀਦ ਕੇ ਤੁਹਾਥੋਂ ਦਸਤਖਤ ਕਰਵਾਉਂਦੇ ਹੋਣ। ਮੇਰੇ ਸਾਥੀ ਫਾਈਨਲਿਸਟਾਂ ਬਾਰੇ ਤਾਂ ਮੈਂ ਕਹਿ ਨੀ ਸਕਦਾ ਪਰ ਮੈਂ ਉਸ ਘੜੀ, ਤੇ ਆਪਣੇ ਜੇਤੂ ਹੋਣ ਦੇ ਐਲਾਨ ਤਕ ਇਸ ਸਭ ਕੁਝ ਵਿਚ ਇੰਨਾ ਰਮਿਆਂ ਰਿਹਾ ਸਾਂ ਕਿ ਇਹ ਗੱਲ ਚੇਤੇ 'ਚੋਂ ਨਿਕਲ ਹੀ ਗਈ ਹੋਈ ਸੀ ਕਿ ਪਹਿਲੇ ਜਾਂ ਦੂਜੇ ਇਨਾਮ ਨਾਲ ਸੰਬੰਧਤ ਵੀ ਕੋਈ ਗੱਲ ਇੱਥੇ ਹੋਣੀ ਸੀ। ਜਦੋਂ ਸਮਾਰੋਹ ਸ਼ੁਰੂ ਹੋਇਆ ਉਦੋਂ ਵੀ ਬੱਸ ਇੰਨਾ ਕੁ ਮਨ 'ਚ ਸੀ ਕਿ ਤਿੰਨਾਂ ਵਿਚੋਂ ਇਕ ਨਾਂ ਮੇਰਾ ਵੀ ਬੋਲਿਆ ਜਾਣਾ ਹੈ ਤੇ ਮੈਂ ਆਪਣੀ ਵਾਰੀ ਉੱਠ ਕੇ ਚਲਿਆ ਜਾਣਾ ਹੈ।ਬੱਸ।

ਸਮਾਰੋਹ ਦੀ ਸ਼ੁਰੂਆਤ ਕਨੇਡਾ ਦੇ ਮੂਲ-ਵਾਸੀਆਂ ਦੇ ਸੰਗੀਤ ਦੀ ਪੇਸ਼ਕਾਰੀ, ਮੂਲਵਾਸੀਆਂ ਦੇ ਪਹਿਰਾਵੇ 'ਚ ਸਜੇ ਬੈਂਡ ਤੋਂ ਹੋਈ। ਬਹੁਤੇ ਸਾਜ਼, ਹੈਰਾਨੀ ਦੀ ਹੱਦ ਤਕ ਪੰਜਾਬੀ ਮਲਵਈ ਗਿੱਧੇ 'ਚ ਵਰਤੇ ਜਾਂਦੇ ਸਾਜ਼ਾਂ ਨਾਲ ਮਿਲਦੇ ਜੁਲਦੇ ਸਨ। ਵੱਡੇ ਤੋਂ ਵੱਡਾ ਫਰਕ ਇਹ ਸੀ ਕਿ ਸਾਡੀ ਸਾਰੰਗੀ ਵਰਗਾ ਸਾਜ਼ ਮੇਜ਼ 'ਤੇ ਰੱਖਿਆ ਹੋਇਆ ਸੀ ਤੇ ਦੋ-ਤਾਰੇ ਵਾਂਗ, ਵਾਦਕ ਦੀ ਉਂਗਲ਼ੀ 'ਤੇ ਚੜ੍ਹੇ ਨਹੁੰ ਨਾਲ ਵੱਜਦਾ ਸੀ। ਹੱਥ ਦੀ ਥਾਪ ਨਾਲ ਵੱਜਦਾ ਪਿੱਤਲ ਦਾ ਭਾਂਡਾ ਤਾਂ ਜਮਾਂ 'ਮੂਧੀ ਮਾਰੀ ਹੋਈ ਪਰਾਤ' ਵਾਂਗ ਵੱਜਦਾ। ਮਲਵਈ ਗਿੱਧੇ 'ਚ ਜੁੱਤੀ ਨਾਲ ਗੜਬੀ ਵੀ ਇਵੇਂ ਵੱਜਦੀ ਹੁੰਦੀ ਹੈ। ਸਾਰੇ ਸਾਜ਼ੀ, ਸਾਰੇ ਗਾਉਣ ਵਾਲੇ। ਸਮੂਹ ਦੀ ਮੁਕੰਮਲ ਤਰਜਮਾਨੀ। ਹਜ਼ਾਰਾਂ ਮੀਲਾਂ ਦੂਰ, ਵੱਖ-ਵੱਖ ਸਮਿਆਂ ਵਿਚ ਵਿਗਸੇ ਮਨੁੱਖੀ ਜੀਵਨ ਦੀਆਂ ਇਕੋ ਜਿਹੀਆਂ ਸੁਹਜਾਤਮਕ ਰੁਚੀਆਂ ਅਤੇ 'ਸੰਦ-ਸੰਦੇੜਾ' ਦੇਖ ਕੇ ਮਨ ਇੰਨਾ ਤਰਲ ਹੋ ਗਿਆ ਕਿ ਆਪੋ ਆਪਣੀ ਨਸਲ ਦੇ ਬਚਾਅ, ਸੁਹਜ ਤੇ ਮਨੋਰੰਜਨ ਲਈ ਜੂਝਦੇ ਪੁਰਖਿਆਂ ਨੂੰ ਯਾਦ ਕਰ ਕੇ ਮਨ ਭਰਿਆ, ਅੱਖਾਂ ਸਿੱਲ੍ਹੀਆਂ ਹੋਈਆਂ।

ਕਹਾਣੀ ਸੰਗ੍ਰਿਹ 'ਡਬੋਲ਼ੀਆ' ਨੂੰ ਜੇਤੂ ਐਲਾਨਿਆ ਗਿਆ ਤਾਂ ਮੈਂ ਆਪਣਾ ਇਨਾਮ ਆਪਣੇ ਪਿੰਡ ਦੀ 'ਆਦਿ ਵਿਦਰੋਹੀ' ਉਸ 'ਦਾਦੀ ਪ੍ਰਧਾਨ' ਨੂੰ ਸਮਰਪਿਤ ਕੀਤਾ ਜਿਹੜੀ ਪਹਿਲੀ

ਅਜਿਹੀ ਔਰਤ ਸੀ ਜੋ ਪਿੰਡ ਦੇ ਦਰਵਾਜ਼ੇ 'ਚੋਂ ਲੰਘੀ ਸੀ। ਉਸ ਤੋਂ ਪਹਿਲਾਂ ਸਿਰਫ ਮਰਦ ਹੀ ਦਰਵਾਜ਼ੇ 'ਚੋਂ ਲੰਘਦੇ ਸਨ। ਔਰਤਾਂ ਨੂੰ ਵਲ਼ ਪਾ ਕੇ, ਇਕ ਲੁਕਵੀਂ ਜਿਹੀ, ਵਲ਼ਦਾਰ ਵੀਹੀ 'ਚੋਂ ਲੰਘਣਾ ਪੈਂਦਾ। ਘਰਾਂ ਤੋਂ ਪੰਜਾਹ ਕਦਮਾਂ ਦੀ ਦੂਰੀ 'ਤੇ ਖੂਹ ਤੋਂ ਪਾਣੀ ਭਰਨ ਲਈ, ਮੀਲ ਸਾਰਾ ਪੈਂਡਾ ਤੈਅ ਕਰਦੀਆਂ। 'ਦਾਦੀ ਪ੍ਰਧਾਨ' ਨੇ ਇਹ ਰਵਾਇਤ ਤੋੜੀ ਤੇ ਪਤਾ ਨੀ ਕੀ ਖਮਿਆਜਾ ਭੁਗਤਿਆ ਪਰ ਔਰਤਾਂ ਲਈ ਦਰਵਾਜ਼ਾ ਸਦਾ ਲਈ ਖੁਲ੍ਹ ਗਿਆ। ਮੈਥੋਂ ਪਹਿਲਾਂ ਅਰਵਿੰਦਰ ਕੌਰ ਧਾਲੀਵਾਲ ਆਪਣਾ ਇਨਾਮ ਲੈਣ ਵੇਲੇ ਸੰਖੇਪ ਪਰ ਸ਼ਾਨਦਾਰ ਸ਼ਬਦਾਂ ਵਿਚ ਢਾਹਾਂ ਪੁਰਸਕਾਰ ਦੇ ਮਹੱਤਵ, ਢਾਹਾਂ ਪਰਿਵਾਰ ਦੀ ਮੁਹੱਬਤ ਭਰੀ ਪ੍ਰਾਹੁਣਚਾਰੀ ਅਤੇ ਆਪਣੇ ਸਾਹਿਤਕ ਅਨੁਭਵ ਸਾਂਝੇ ਕਰ ਚੁੱਕੇ ਸਨ। ਬਲਬੀਰ ਮਾਧੋਪੁਰੀ ਆਪਣੀ ਭਾਵਪੂਰਤ ਕਵਿਤਾ ਨਾਲ ਹਾਜ਼ਰੀ ਲੁਆ ਚੁੱਕੇ ਸਨ...ਯਕੀਨਨ ਇਹ ਸਭ ਕੁਝ ਯਾਦਗਾਰੀ ਸੀ। ਉਹਨਾਂ ਬੱਚੇ ਬੱਚੀਆਂ ਦਾ ਸਨਮਾਨ ਵੀ ਜਿਹੜੇ ਕਨੇਡਾ ਦੇ ਜੰਮਪਲ ਹਨ ਤੇ ਪੰਜਾਬੀ ਵਿਚ ਸਾਹਿਤ ਰਚਨਾ ਕਰਦੇ ਹਨ। ਮੂਲਵਾਸੀਆਂ ਬਾਰੇ...ਦਾ ਮੁੱਖ ਭਾਸ਼ਨ ਬੇਚੈਨ ਕਰ ਦੇਣ ਵਾਲਾ ਸੀ...ਪਰ ਇਹ ਸਭ ਤੋਂ ਯਾਦਗਾਰੀ ਪਲ ਨਹੀਂ ਸਨ...ਮੇਰੇ ਲਈ ਸਭ ਤੋਂ ਯਾਦਗਾਰੀ ਪਲ ਉਹ ਸੀ ਜਿਹੜਾ ਮੇਰਾ ਨਾਂ ਬੋਲਣ ਤੋਂ ਪਹਿਲਾਂ ਸਟੇਜ 'ਤੇ ਵਾਪਰ ਗਿਆ ਹੋਇਆ ਸੀ। ਉਹ ਘੜੀ ਜਿਸ ਪਲ ਜਾਵੇਦ ਬੂਟਾ ਇਨਾਮ ਲੈਣ ਤੋਂ ਬਾਅਦ ਮਾਇਕ ਅੱਗੇ ਖੜ੍ਹੇ ਹੋਏ...

ਇੱਥੇ ਆਪਣੀ ਗੱਲ ਰੋਕ ਕੇ, ਇਹ ਗੱਲ ਦੱਸਣੀ ਜ਼ਰੂਰੀ ਹੈ ਕਿ ਜਾਵੇਦ ਬੂਟਾ ਬਹੁਤ ਬਿਮਾਰ ਸੀ। 'ਵੀਲ੍ਹ ਚੇਅਰ' 'ਤੇ ਸੀ। ਉਹਨਾਂ ਦੀ ਪਤਨੀ ਤੇ ਬੇਟਾ ਉਹਨਾਂ ਨੂੰ ਲੈ ਕੇ ਆਏ ਸਨ। ਪਿਛਲੀ ਅਪਰੈਲ 'ਚ ਅਚਾਨਕ ਉਹਨਾਂ ਦੀ ਜ਼ੁਬਾਨ ਰੁਕਣ ਲੱਗ ਪਈ ਸੀ। ਸਰੀਰ ਜਵਾਬ ਦੇਣ ਲੱਗ ਪਿਆ ਸੀ। ਖੜ੍ਹਨ ਵੇਲ਼ੇ ਉਹਨਾਂ ਨੂੰ ਸਹਾਰੇ ਦੀ ਲੋੜ ਪੈਂਦੀ ਸੀ। ਬੋਲਿਆ ਸਮਝ ਨਹੀਂ ਸੀ ਆਉਂਦਾ। ਨਾ ਆਵਾਜ਼ ਨਿਕਲਦੀ ਤੇ ਨਾ ਸ਼ਬਦ ਬਣਦੇ। ਪਿਛਲੇ ਦਿਨਾਂ ਵਿਚ ਉਹਨਾਂ ਨੂੰ ਬੋਲਣ ਦੀ ਕੋਸ਼ਿਸ਼ ਕਰਦਿਆਂ, ਗੱਲ ਕਹਿਣ-ਸਮਝਾਉਣ ਵਿਚ ਨਾ-ਕਾਮਯਾਬ ਹੁੰਦਿਆਂ ਦੇਖ ਕੇ ਕਿੰਨੀ ਵਾਰੀ ਦੁਖੀ ਹੁੰਦੇ ਰਹੇ ਸਾਂ...

ਇਸੇ ਲਈ ਪਹਿਲੇ ਫਾਈਨਿਲਸਟ ਦੇ ਤੌਰ 'ਤੇ, ਉਹਨਾਂ ਦਾ ਲਿਖਿਆ ਸੰਦੇਸ਼, ਉਹਨਾਂ ਦੇ ਪੁੱਤਰ ਆਸਿਫ ਨੇ ਪੜ੍ਹਿਆ ਸੀ। ਆਸਿਫ ਪੜ੍ਹ ਕੇ ਹਟਿਆ ਤਾਂ ਜਾਵੇਦ ਬੂਟਾ ਨੇ ਇਸ਼ਾਰਾ ਕੀਤਾ। ਕੁਝ ਪਲ ਲੱਗੇ ਇਹ ਸਮਝਣ ਵਿਚ ਕਿ ਉਹ ਸਟੇਜ 'ਤੇ ਆ ਕੇ ਕੁਝ ਕਹਿਣਾ ਚਾਹੁੰਦੇ ਸੀ। ਦੇਖਣ ਵਾਲਿਆਂ ਨੂੰ ਵੀ ਮਹਿਸੂਸ ਹੁੰਦੀ ਮੁਸ਼ਕਲ ਨਾਲ ਉਹ ਦੋਂਹ ਜਣਿਆਂ ਦੇ ਸਹਾਰੇ ਨਾਲ ਮਾਇਕ 'ਤੇ ਆਏ। ਇਨਾਮੀ ਟਰਾਫੀ, ਜਿਸ ਦੇ ਤਿੰਨਾਂ ਪਾਸਿਆਂ 'ਤੇ ਪੰਜਾਬੀ, ਸ਼ਾਹਮੁਖੀ ਤੇ ਅੰਗਰੇਜ਼ੀ ਵਿਚ 'ਢਾਹਾਂ ਇਨਾਮ' ਲਿਖਿਆ ਹੋਇਆ ਹੈ, ਵਾਲਾ ਹੱਥ ਉੱਪਰ ਚੁੱਕਿਆ। ਮੇਰੇ ਹੌਲ ਪਿਆ ਕਿ ਹੁਣ ਜਦੋਂ ਬੋਲਿਆ ਨੀ ਜਾਣਾ, ਬੰਦੇ ਦੇ ਮਨ 'ਤੇ ਕੀ ਗੁਜ਼ਰੂ! ਅਚਾਨਕ ਜਾਵੇਦ ਬੂਟਾ ਦੀ ਪੂਰੀ ਤਰ੍ਹਾਂ ਸਾਫ, ਸਪਸ਼ਟ ਗਰਜ ਸੁਣੀ-

'ਬੁਲ੍ਹੇ ਸ਼ਾਹ ਅਸੀਂ ਮਰਨਾ ਨਾਹੀਂ...'

ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਜਾਵੇਦ ਬੂਟਾ ਦੇ ਬੋਲੇ ਕੁੱਲ ਪੰਜ ਸ਼ਬਦਾਂ ਨੇ, ਦੁਨੀਆਂ ਦੇ ਹਰੇਕ ਕੋਨੇ 'ਚ ਵਸਦੇ ਪੰਜਾਬੀਆਂ ਦੇ ਜਿਉਣ-ਜਜ਼ਬੇ ਨੂੰ ਲਲਕਾਰਾ ਬਣਾ ਦਿਤਾ ਸੀ...ਪੰਜਾਬ ਵੰਡਣ ਵਾਲ਼ਿਆਂ ਨੂੰ, ਪੰਜਾਬੀ 'ਮਰ ਜਾਣ' ਦੀਆਂ ਗੱਲਾਂ ਕਰਨ ਵਾਲ਼ਿਆਂ ਨੂੰ ਵੰਗਾਰਿਆ ਸੀ...

ਇਸੇ ਲਈ ਜਦੋਂ ਮੈਂ ਆਪਣੀ ਇਨਾਮੀ ਟਰਾਫੀ ਫੜੀ ਤਾਂ ਬਾਂਹ ਖੜ੍ਹੀ ਕਰਕੇ ਲਹਿਰਾਉਣੀ ਭੁੱਲ ਗਿਆ ਕਿਉਂਕਿ ਉਦੋਂ ਤਾਂ ਅਜੇ ਮੇਰੇ ਸਾਹਮਣਿਓਂ ਮਿਸ਼ਾਲ ਵਾਂਗ ਲਹਿਰਾਉਂਦੀ ਜਾਵੇਦ ਬੂਟਾ ਦੀ ਬਾਂਹ ਹੀ ਪਰੇ ਨਹੀਂ ਸੀ ਹੋਈ । ਦਿਲ 'ਚ ਅਜੇ ਤਕ ਬੁਲ੍ਹੇ ਸ਼ਾਹ ਗਰਜ ਰਿਹਾ ਸੀ-

'ਬੁਲ੍ਹੇ ਸ਼ਾਹ ਅਸੀਂ ਮਰਨਾ ਨਾਹੀਂ...' 000

***(ਫੋਨ: +91-94644-18200***

***ਈਮੇਲ: bgrewal60@yahoo.co.in)***

## ਨਾਬਰ ਪੈੜਾਂ (ਸ਼ਬਦ ਚਿੱਤਰ) ਬਲਬੀਰ ਪਰਵਾਨਾ

ਬਲਬੀਰ ਪਰਵਾਨਾ ਪੰਜਾਬੀ ਅਦਬ ਵਿਚ ਸਾਹਿਤਕ ਪੱਤਰਕਾਰੀ, ਸਫਲ ਗਲਪਕਾਰ, ਕਮਿਊਨਿਸਟ ਵਿਚਾਰਧਾਰਾ ਦਾ ਅਨੁਯਾਈ, ਅਨੁਵਾਦਕ ਅਤੇ ਸੰਪਾਦਕ ਵਜੋਂ ਸਥਾਪਤ ਵੱਡਾ ਨਾਂਅ ਹੈ। ਪਰਵਾਨਾ ਨੇ ਇਹ ਮੁਕਾਮ ਆਪਣੀ ਲੰਬੀ ਸਹਿਜ ਵਿਕਾਸ ਯਾਤਰਾ ਦੌਰਾਨ ਹਾਸਲ ਕੀਤਾ ਹੈ। ਇਸ ਵਿਕਾਸ ਯਾਤਰਾ ਦੌਰਾਨ ਉਸਦੀ ਜ਼ਿੰਦਗੀ ਵਿਚ ਅਨੇਕਾਂ ਲੋਕ ਆਏ ਜਿਨ੍ਹਾਂ ਵਿਚੋਂ ਕੁਝ ਆਪਣੇ ਦੰਭੀ ਕਿਰਦਾਰ ਕਾਰਨ ਚੇਤਿਆਂ ਦੀ ਚੰਗੇਰ ਵਿਚੋਂ ਕਿਰ ਗਏ, ਬਹੁਤੇ ਉਸਦੀ ਸਿਰਜਣ ਪ੍ਰਕਿਰਿਆ ਵਿਚ ਵੱਖ-ਵੱਖ ਪਾਤਰ ਬਣ ਕੇ ਵਿਚਰਦੇ ਰਹੇ। ਪਰਵਾਨਾ ਦੇ ਹੱਥਲੇ ਸ਼ਬਦ ਚਿਤਰਾਂ ਦੀ ਪੁਸਤਕ 'ਨਾਬਰ ਪੈੜਾਂ' (ਪੀਪਲਜ਼ ਫੋਰਮ ਬਰਗਾੜੀ, ਪੰਨੇ 112, ਮੁੱਲ 150 ਰੁਪਏ) ਉਸਦੀ ਜ਼ਿੰਦਗੀ ਵਿਚ ਆਏ ਅਜਿਹੇ ਹੀ ਕਿਰਦਾਰਾਂ ਦੇ ਸ਼ਬਦ ਚਿੱਤਰ ਹਨ ਜਿਨ੍ਹਾਂ ਨੇ ਪਰਵਾਨਾ ਦੀ ਸਾਹਿਤਕ ਤੇ ਵਿਚਾਰਧਾਰਕ ਸੂਝ ਘੜਨ ਵਿਚ ਅਹਿਮ ਭੂਮਿਕਾ ਨਿਭਾਈ। ਕੁਝ ਕੁ ਨਾਲ ਬਣਿਆ ਵਿਚਾਰਧਾਰਕ ਰਿਸ਼ਤਾ ਜ਼ਿੰਦਗੀ ਜਿਊਣ ਦਾ ਕਣ ਲੱਭਣ ਵਿਚ ਸਹਾਇਕ ਹੋ ਨਿਬੜਿਆ ਹੈ। ਕਿਤਾਬ ਵਿਚ ਅੱਠ ਸ਼ਬਦ ਚਿਤਰ ਸੁਹੇਲ ਸਿੰਘ, ਸੁਖਦਰਸ਼ਨ ਨੱਤ, ਗੁਰਬਖਸ਼ ਸਿੰਘ ਬੰਨੋਆਣਾ, ਜਗਜੀਤ ਸਿੰਘ ਆਨੰਦ, ਰਜਨੀਸ਼ ਬਹਾਦਰ ਸਿੰਘ, ਕ੍ਰਿਸ਼ਨ ਭਾਰਦਵਾਜ, ਤਸਕੀਨ, ਜੋਗਿੰਦਰ ਬਾਹਰਲਾ ਬਾਰੇ ਹਨ ਅਤੇ ਇਕ ਲੇਖ ਪਰਵਾਨਾ ਦੀ ਸਾਹਿਤਕ ਪੱਤਰਕਾਰੀ ਬਾਰੇ ਹੈ। ਇਹਨਾਂ ਦੀ ਤਰਤੀਬ ਪਰਵਾਨਾ ਦੇ ਸੰਪਰਕ ਵਿਚ ਆਉਣ ਦੇ ਹਿਸਾਬ ਨਾਲ ਹੀ ਰੱਖੀ ਗਈ ਹੈ।

ਸਾਰੇ ਵਿਅਕਤੀਆਂ ਵਿਚ ਸਭ ਤੋਂ ਅਹਿਮ ਤੇ ਸਾਂਝੀ ਗੱਲ ਵਿਚਾਰਧਾਰਕ ਪ੍ਰਤੀਬੱਧਤਾ ਨਾਲ ਜੁੜੀ ਹੋਈ ਹੈ। ਸਾਰੇ ਵਿਅਕਤੀ ਖੱਬੇ ਪੱਖੀ ਲਹਿਰਾਂ ਨਾਲ ਜੁੜੇ ਹੋਏ ਹਨ। ਆਪਣੇ ਪਰਿਵਾਰਕ ਸੰਕਟਾਂ ਦੇ ਬਾਵਜੂਦ ਸਾਰੀ ਉਮਰ ਇਸੇ ਵਿਚਾਰਧਾਰਾ ਨੂੰ ਪ੍ਰਣਾਏ ਰਹੇ। ਦੂਜਾ ਉਹਨਾਂ ਵਿਚ ਸਾਹਿਤ, ਪੱਤਰਕਾਰੀ ਤੇ ਰਾਜਨੀਤੀ ਦੀ ਇਕ ਕੜੀ ਜੁੜਦੀ ਹੈ। ਕਿਸੇ ਵਿਅਕਤੀ ਦੀ ਸ਼ਖਸੀਅਤ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਾਹਿਤ ਅਤੇ ਰਾਜਨੀਤੀ ਅਹਿਮ ਰੋਲ ਅਦਾ ਕਰਦੇ ਹਨ। ਸਵਾਲ ਇਸ ਗੱਲ ਦਾ ਹੈ ਕਿ ਉਸਦਾ ਵਾਹ-ਵਾਸਤਾ ਕਿਸ ਕਿਸਮ ਦੀ ਰਾਜਨੀਤੀ ਨਾਲ ਹੈ? ਲੋਕ ਪੱਖੀ ਵਿਚਾਰਧਾਰਾ ਨਾਲ ਜੁੜੇ ਵਿਅਕਤੀਆਂ ਦੀ ਸ਼ਖਸੀਅਤ ਹਮੇਸ਼ਾ ਪ੍ਰਭਾਵਸ਼ਾਲੀ ਹੁੰਦੀ ਹੈ। ਇਹਨਾਂ ਸਾਰੇ ਵਿਅਕਤੀਆਂ ਦਾ ਸੰਬੰਧ ਇਸੇ ਕਿਸਮ ਦੀ ਵਿਚਾਰਧਾਰਾ ਨਾਲ ਹੈ। ਤੀਜਾ ਇਹ ਸਾਰੇ ਵਿਅਕਤੀ ਔਖੇ ਤੋਂ ਔਖੇ ਹਾਲਾਤ ਦਾ ਸਾਹਮਣਾ ਕਰਨ ਦੀ ਸ਼ਕਤੀ ਨਾਲ ਭਰਪੂਰ ਹਨ। ਕਾਮਰੇਡ ਸੁਹੇਲ ਦਾ ਸਾਦਾ ਰਹਿਣ ਢੰਗ, ਆਪਣੀ ਪਤਨੀ ਤੇ ਦੋ ਧੀਆਂ ਨਾਲ ਛੋਟੇ ਜਿਹੇ ਕੁਆਟਰ ਵਿਚ ਰਹਿਣਾ, ਆਉਣ ਜਾਣ ਲਈ ਸਾਈਕਲ ਦੀ ਸਵਾਰੀ। ਇਸੇ ਤਰ੍ਹਾਂ ਬਾਬਾ ਗੁਰਬਖਸ਼ ਸਿੰਘ ਬੰਨੋਆਣਾ ਦਾ ਸੀਮਤ ਸਾਧਨਾਂ ਵਾਲਾ ਜੀਵਨ, ਵਰ੍ਹਦੇ ਮੀਂਹ ਵਿਚ ਕ੍ਰਿਸ਼ਨ ਭਾਰਦਵਾਜ ਦੇ ਚੋਂਦੇ ਘਰ ਦਾ ਦ੍ਰਿਸ਼, ਜੋਗਿੰਦਰ ਬਾਹਰਲੇ ਵੱਲੋਂ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰੀ ਨੌਕਰੀ ਦੀ ਪੇਸ਼ਕਸ਼ ਠੁਕਰਾਉਣ ਦਾ ਬਿਰਤਾਂਤ, ਰਜਨੀਸ਼ ਬਹਾਦਰ ਸਿੰਘ ਵੱਲੋਂ ਪਤਨੀ ਦੀ ਮੌਤ ਉਪਰੰਤ ਵਿਆਹ ਨਾ ਕਰਵਾਉਣ ਅਤੇ ਆਪਣੇ ਬੱਚੇ ਪਾਲਣ ਦੇ ਨਾਲ-ਨਾਲ ਸਾਹਿਤ ਤੇ ਚਿੰਤਨ ਨਾਲ ਜੁੜੇ ਰਹਿਣ ਦਾ ਬਿਰਤਾਂਤ, ਤਸਕੀਨ ਦਾ ਆਪਣੇ ਰੇਲ ਕੋਚ ਫੈਕਟਰੀ ਵਿਚ ਕੰਮ ਕਰਨ ਦੇ ਬਾਵਜੂਦ ਸਾਹਿਤ ਅਤੇ ਚਿੰਤਨ ਲਈ ਸਮਾਂ ਕੱਢਣਾ, ਸੁਖਦਰਸ਼ਨ ਨੱਤ ਦਾ ਸਾਰੀ ਉਮਰ ਨਕਸਲੀ ਲਹਿਰ ਨਾਲ ਜੁੜੇ ਰਹਿਣਾ ਆਦਿ ਸਾਰੇ ਬਿਰਤਾਂਤ ਵਿਚਾਰਧਾਰਕ ਪ੍ਰਤੀਬੱਧਤਾ ਦੇ ਪ੍ਰਤੀਕ ਹਨ। ਇਹਨਾਂ ਨੂੰ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਵਿਅਕਤੀ ਇਸ ਹੱਦ ਤਕ ਵੀ ਜਨੂੰਨੀ ਹੋ ਸਕਦੇ ਹਨ। ਇਹਨਾਂ ਸਾਰਿਆਂ ਦੀ ਕਰਮ ਭੂਮੀ 'ਲੋਕ

ਲਹਿਰ', 'ਨਵਾਂ ਜ਼ਮਾਨਾ' ਅਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਰਹੀ ਹੈ। ਗਦਰੀ ਬਾਬਿਆਂ ਦਾ ਮੇਲਾ ਆਰੰਭ ਕਰਵਾਉਣ ਵਾਲਾ ਬਾਬਾ ਬੰਨੋਆਣਾ, 'ਨਵਾਂ ਜ਼ਮਾਨਾ' ਦਾ ਕੇਂਦਰੀ ਧੁਰਾ ਜਗਜੀਤ ਸਿੰਘ ਆਨੰਦ, 'ਪ੍ਰਵਚਨ' ਰਿਸਾਲਾ ਅਤੇ ਸਾਹਿਤਕ ਗੋਸ਼ਟੀਆਂ ਦਾ ਉਸਰੱਈਆ ਰਜਨੀਸ਼ ਬਹਾਦਰ ਸਿੰਘ, 'ਨਵਾਂ ਜ਼ਮਾਨਾ' ਲਈ ਆਰਥਿਕ ਸਾਧਨ ਜੁਟਾਉਣ ਵਾਲਾ ਕ੍ਰਿਸ਼ਨ ਭਾਰਦਵਾਜ ਅਤੇ 'ਨਵਾਂ ਜ਼ਮਾਨਾ' ਨੂੰ ਸਾਹਿਤਕ ਪੱਖੋਂ ਹੋਰ ਪ੍ਰਫੁੱਲਤ ਕਰਨ ਵਾਲਾ ਬਲਬੀਰ ਪਰਵਾਨਾ ਆਦਿ ਸਭ ਦੀ ਕੰਮ ਕਰਨ ਦੀ ਯੋਗਤਾ ਅਤੇ ਸਿਰੜ ਦੇਖ ਕੇ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਇਹ ਕਿਸੇ ਹੋਰ ਗ੍ਰਹਿ ਦੇ ਵਾਸੀ ਹੋਣ। ਲਹਿਰਾਂ ਦਾ ਸਰੂਪ ਤੇ ਕੰਮ ਕਾਜੀ ਢਾਂਚਾ ਬੇਸ਼'ਕ ਪਹਿਲਾਂ ਵਾਲਾ ਨਹੀਂ ਰਿਹਾ ਪਰ ਕੰਮ ਕਰਨ ਦੀ ਐਨੀ ਸ਼ਕਤੀ ਅੱਜੋਕੇ ਦੌਰ ਵਿਚੋਂ ਮਨਫ਼ੀ ਹੋ ਚੁੱਕੀ ਹੈ। ਸ਼ਾਇਦ ਇਹ ਵੀ ਇਕ ਕਾਰਨ ਹੈ ਕਿ ਇਹ ਲਹਿਰਾਂ ਲੋਕਾਂ ਵਿਚੋਂ ਆਪਣਾ ਆਧਾਰ ਗੁਆ ਚੁੱਕੀਆਂ/ ਰਹੀਆਂ ਹਨ।

ਇਹਨਾਂ ਸਾਰੇ ਸ਼ਬਦ ਚਿੱਤਰਾਂ ਵਿਚੋਂ ਪਰਵਾਨਾ ਦਾ ਵੀ ਇਕ ਚਿੱਤਰ ਉਭਰਦਾ ਹੈ ਜਿਹੜਾ ਉਹਨਾਂ ਨਾਲ ਜੁੜਿਆ ਹੋਇਆ ਵੀ ਹੈ ਤੇ ਵੱਖਰਾ ਵੀ। ਬਲਬੀਰ ਪਰਵਾਨਾ ਵੀ ਲਹਿਰ ਦੇ ਪ੍ਰਭਾਵ ਅਤੇ ਇਹਨਾਂ ਵਿਚੋਂ ਕੁਝ ਕੱਦਾਵਰ ਵਿਅਕਤੀਆਂ ਦੇ ਪ੍ਰਭਾਵ ਅਧੀਨ ਅਤੇ ਆਪਣੀ ਸਾਹਿਤਕ ਲਗਨ ਕਾਰਨ ਇਸ ਮੁਕਾਮ 'ਤੇ ਪਹੁੰਚਿਆ ਹੈ। ਕਾਮਰੇਡ ਸੁਹੇਲ ਨੇ ਪਰਵਾਨਾ ਨੂੰ ਨਿਰੋਲ ਪੱਤਰਕਾਰੀ ਤਕ ਸਿਮਟ ਕੇ ਰਹਿਣ ਦੀ ਥਾਂ ਸਾਹਿਤ ਸਿਰਜਣਾ ਵੱਲ ਵਧੇਰੇ ਪ੍ਰੇਰਤ ਕੀਤਾ। ਪਾਰਟੀ ਮੀਟਿੰਗਾਂ, ਬਹਿਸਾਂ, ਸਾਹਿਤਕ ਸਰਗਰਮੀਆਂ ਨੇ ਬਲਬੀਰ ਪਰਵਾਨਾ ਦੀ ਵਿਚਾਰਧਾਰਾ ਨੂੰ ਹੋਰ ਪੁਖਤਾ ਕੀਤਾ।

ਉਕਤ ਸ਼ਬਦ ਚਿੱਤਰਾਂ ਵਿਚ ਚਿਤਰੇ ਗਏ ਵਿਅਕਤੀਆਂ ਅੰਦਰ ਜੀਵਨ ਨੂੰ ਜਿਉਣ ਅਤੇ ਲੋਕਾਂ ਲਈ ਕੰਮ ਕਰਨ ਦੀ ਲਲਕ ਭਰੀ ਹੋਈ ਸੀ। ਜਿਸ ਮਕਸਦ ਨੂੰ ਲੈ ਕੇ ਉਹ ਚੱਲੇ ਸਨ ਉਸਦੀ ਪੂਰਤੀ ਲਈ ਬਿਨਾਂ ਕਿਸੇ ਲਾਲਸਾ ਦੇ ਸਾਰੀ ਉਮਰ ਸੰਘਰਸ਼ ਕਰਦੇ ਰਹੇ। ਬੇਸ਼ੱਕ ਪਾਰਟੀ ਵੱਲੋਂ ਉਹਨਾਂ ਦੀ ਘਾਲਣਾ ਦਾ ਬਣਦਾ ਮੁੱਲ ਨਹੀਂ ਪਾਇਆ ਗਿਆ ਪਰ ਉਹਨਾਂ ਨੇ ਕਦੇ ਕਿਸੇ ਗੱਲ 'ਤੇ ਕਿੰਤੂ ਨਹੀਂ ਕੀਤਾ। ਜੋਗਿੰਦਰ ਬਾਹਰਲਾ ਦੇ ਨਾਟਕਾਂ ਨੂੰ ਦੇਖਣ ਲਈ ਹਜ਼ਾਰਾਂ ਦੀ ਭੀੜ ਜੁੜਦੀ ਸੀ ਪਰ ਉਸਦੇ ਅੰਤਲੇ ਸਮੇਂ ਦਾ ਬਿਰਤਾਂਤ ਕਿੰਨੇ ਇਕੱਲਤਾ ਭਰਿਆ ਤੇ ਕਰੁਣਾਮਈ ਹੈ। ਅਜਿਹਾ ਹੋਰ ਵੀ ਬਹੁਤ ਸਾਰੇ ਦੇਸ਼ਭਗਤਾਂ, ਇਨਕਲਾਬੀਆਂ ਅਤੇ ਸਾਹਿਤਕਾਰਾਂ ਨਾਲ ਵਾਪਰਿਆ ਹੈ। ਇਸ ਬਾਰੇ ਪੁਨਰ ਚਿੰਤਨ ਦੀ ਲੋੜ ਹੈ। ਇਹਨਾਂ ਸ਼ਬਦ ਚਿੱਤਰਾਂ ਨੂੰ ਪੜ੍ਹ ਕੇ ਸਾਨੂੰ ਜੀਵਨ ਦੇ ਅਰਥ ਅਤੇ ਇਸਨੂੰ ਜਿਉਣ ਦਾ ਢੰਗ ਮਿਲਦਾ ਹੈ। ਬਲਬੀਰ ਪਰਵਾਨਾ ਨੇ ਇਹਨਾਂ ਸ਼ਬਦ ਚਿੱਤਰਾਂ ਰਾਹੀਂ ਇਹਨਾਂ ਨਾਇਕਾਂ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ ਹੈ। ਪਾਠਕ ਵਜੋਂ ਇਹਨਾਂ ਨਾਇਕਾਂ ਦੇ ਜੀਵਨ ਦੀਆਂ ਕੁਝ ਝਲਕੀਆਂ ਨੂੰ ਪੜ੍ਹਦਿਆਂ ਉਹਨਾਂ ਦੀ ਘਾਲਣਾ ਤੇ ਵਿਚਾਰਧਾਰਾ ਅੱਗੇ ਸਿਰ ਝੁਕਦਾ ਹੈ।

**-(ਡਾ.) ਹਰਿੰਦਰ ਸਿੰਘ**

## ਕੁਲਬੀਰ ਬਡੇਸਰੋਂ ਦੀਆਂ ਇਕੱਤੀ ਕਹਾਣੀਆਂ (ਕਹਾਣੀ-ਸੰਗ੍ਰਹਿ)

ਪੰਜਾਬੀ ਸਾਹਿਤ ਦੇ ਸਿਰਜਣਾਤਮਕ ਜਗਤ ਵਿਚ ਸਾਢੇ ਤਿੰਨ ਦਹਾਕੇ ਪਹਿਲਾਂ ਆਪਣੀ ਪਹਿਲੀ ਗਲਪ ਪੁਸਤਕ 'ਦਾਇਰੇ' ਨਾਲ ਹਾਜ਼ਰੀ ਲਵਾਉਣ ਵਾਲੀ ਕੁਲਬੀਰ ਬਡੇਸਰੋਂ ਹੁਣ ਤਕ 'ਇਕ ਖਤ ਪਾਪਾ ਦੇ ਨਾਂ','ਹਉਕੇ ਦੀ ਭਟਕਣ', 'ਕਦੋਂ ਆਏਂਗੀ','ਤੁਮ ਕਿਉਂ ਉਦਾਸ ਹੋ' ਨਾਮਕ ਕਹਾਣੀ-ਸੰਗ੍ਰਹਿ ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕੀ ਹੈ। ਇਸ ਕਹਾਣੀਕਾਰਾ ਦੀਆਂ ਹੁਣ ਤਕ ਦੀਆਂ ਛਪੀਆਂ ਕਥਾ-ਰਚਨਾਵਾਂ ਵਿਚੋਂ ਬਲਬੀਰ ਮਾਧੋਪੁਰੀ ਨੇ ਆਪਣੇ ਚਿੰਤਨਸ਼ੀਲ ਦ੍ਰਿਸ਼ਟੀਕੋਣ ਰਾਹੀਂ ਕਹਾਣੀਆਂ ਦੀ ਚੋਣ ਕਰਕੇ 'ਕੁਲਬੀਰ ਬਡੇਸਰੋਂ ਦੀਆਂ ਇਕੱਤੀ ਕਹਾਣੀਆਂ' ( ਨਵਯੁਗ ਪਬਲਿਸ਼ਰਜ਼,ਨਵੀਂ ਦਿੱਲੀ, ਪੰਨੇ 308, ਮੁੱਲ 500 ਰੁਪਏ) ਨਾਂ ਦਾ ਹੱਥਲਾ ਕਹਾਣੀ-ਸੰਗ੍ਰਹਿ ਤਿਆਰ ਕੀਤਾ ਹੈ ਜਿਸ ਰਾਹੀਂ ਨਾ ਸਿਰਫ ਉਸਨੇ ਲੇਖਿਕਾ ਦੇ ਯਥਾਰਥਕ ਜੀਵਨ-ਅਨੁਭਵ ਦੀ ਗਹਿਰਾਈ, ਸਾਹਿਤਕ ਕੁਸ਼ਲਤਾ ਅਤੇ ਫਿਲਮੀ ਜੀਵਨ-ਅਨੁਭਵ ਦੀ ਗਲਪੀ ਰੂਪਾਂਤਰਣੀ ਬਿਰਤਾਂਤਕ

ਜੁਗਤ ਨੂੰ ਵੀ ਪਾਠਕਾਂ ਦੇ ਸਾਹਵੇਂ ਲਿਆਂਦਾ ਹੈ।

ਯਥਾਰਥਕ ਸਥਿਤੀਆਂ ਵਿਚ ਵਿਚਰਦੇ ਸਾਧਾਰਨ ਮਨੁੱਖੀ ਵਿਵਹਾਰ ਦੇ ਬਹੁਪੱਖੀ ਵੇਰਵੇ ਕੁਲਬੀਰ ਬਡੇਸਰੋਂ ਦੀਆਂ ਕਹਾਣੀਆਂ ਵਿਚ ਜਾਨ ਪਾਉਂਦੇ ਹਨ।ਖ਼ੂਬਸੂਰਤ ਗੱਲ ਇਹ ਹੈ ਕਿ ਇਹਨਾਂ ਵੇਰਵਿਆਂ ਦੀ ਪੇਸ਼ਕਾਰੀ ਸਮੇਂ ਉਹ ਕਿਧਰੇ ਵੀ ਉਲਾਰ ਹੁੰਦੀ ਨਜ਼ਰ ਨਹੀਂ ਆਉਂਦੀ। ਵਿਭਿੰਨ ਪਰਿਵਾਰਕ ਤੇ ਸਮਾਜਕ ਰਿਸ਼ਤਿਆਂ ਦੀ ਤਾਸੀਰ ਨੂੰ ਹੰਢਾਉਂਦੀ, ਮਹਿਸੂਸਦੀ ਤੇ ਪਹਿਚਾਣਦੀ ਹੋਈ ਉਹਨਾਂ ਦੀਆਂ ਵੱਖ-ਵੱਖ ਤਹਿਆਂ ਅੰਦਰ ਲੁਕੀ ਚੰਗੀ ਮਾੜੀ ਭਾਵਨਾ ਨੂੰ ਧੁਰ ਗਹਿਰਾਈਆਂ ਤਕ ਪਰਤ-ਦਰ- ਪਰਤ ਪਹਿਚਾਣਦੀ ਹੈ। ਏਹੀ ਪਛਾਣ ਉਸ ਦੀਆਂ ਕਹਾਣੀਆਂ ਦੇ ਵਿਚਾਰਧਾਰਕ ਧਰਾਤਲ ਦਾ ਆਧਾਰ ਬਣਦੀ ਹੋਈ ਇਹਨਾਂ ਦੇ ਬਿਰਤਾਂਤਕ ਪਾਸਾਰ ਨੂੰ ਸਿਰਜਦੀ ਚਲੀ ਜਾਂਦੀ ਹੈ।ਉਸ ਦੀਆਂ ਕਹਾਣੀਆਂ ਦੀ ਬਣਤਰ ਆਮ ਮਨੁੱਖੀ ਜੀਵਨ ਦੀ ਤਰ੍ਹਾਂ ਏਨੀ ਕੁ ਸਹਿਜ ਸੁਭਾਵਕ ਹੈ ਕਿ ਕਹਾਣੀਆਂ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਪਰਦੇ ਉੱਤੇ ਕੋਈ ਫਿਲਮ ਚੱਲ ਰਹੀ ਹੋਵੇ ਤੇ ਫਿਲਮ ਵਿਚਲੇ ਚੰਗੇ ਮਾੜੇ ਸੀਨ ਪਾਠਕ ਦੇ ਦਿਲ ਦੀ ਹਰ ਨੁੱਕਰ ਨੂੰ ਆਪਣੇ ਤਲਿਸਮੀ ਪ੍ਰਭਾਵ ਦੇ ਕਲਾਵੇ ਵਿਚ ਲੈਂਦੇ ਚਲੇ ਜਾਂਦੇ ਹਨ।

ਕੁਲਬੀਰ ਬਡੇਸਰੋਂ ਮਨੁੱਖੀ ਜੀਵਨ ਦੇ ਬੁਹਭਾਂਤੀ ਵੇਰਵਿਆਂ ਨੂੰ ਮਾਨਵੀ ਦ੍ਰਿਸ਼ਟੀ ਤੋਂ ਪੇਸ਼ ਕਰਨ ਵਾਲੀ  ਕਹਾਣੀਕਾਰਾ ਹੈ। ਕੁਝ ਮਿਸਾਲਾਂ ਲੈਂਦੇ ਹਾਂ: ਅਜੋਕੀ ਕੰਮਕਾਜੀ ਔਰਤ ਦੀ ਜ਼ਿੰਦਗੀ ਵਿਚ ਆਰਥਿਕ ਸੁਰੱਖਿਆ ਦੇ ਨਾਲ ਨਾਲ ਸਮਾਜਕ ਸੁਰੱਖਿਆ ਦਾ ਮਸਲਾ ਕਿੰਨਾ ਗੌਲਣਯੋਗ ਤੇ ਗੰਭੀਰ ਹੋ ਸਕਦਾ ਹੈ; ਨੂੰ ਬਡੇਸਰੋਂ ਨੇ 'ਮੇਰਾ ਘਰ' ਕਹਾਣੀ ਵਿਚ ਬੜੇ ਹੀ ਅਨੁਭਵੀ ਪੱਧਰ ਉੱਤੇ ਪੇਸ਼ ਕੀਤਾ ਹੈ। ਹਿੰਦੋਸਤਾਨ ਵਰਗੇ ਮੁਲਕ ਵਿਚ ਔਰਤ ਦੀ ਸਮਾਜਕ ਸੁਰੱਖਿਆ ਦਾ ਮਸਲਾ ਹਮੇਸ਼ਾ ਹੀ ਚਿੰਤਾ ਦਾ ਵਿਸ਼ਾ ਬਣਿਆ ਰਿਹਾ ਹੈ। ਸਮਾਜਕ ਸੁਰੱਖਿਆ ਦੀ ਪੂਰਤੀ ਲਈ ਔਰਤ ਨੂੰ ਘਰ ਦੀ ਲੋੜ ਹੁੰਦੀ ਹੈ, ਘੱਟੋ- ਘੱਟ ਇਕ ਅਜਿਹੀ ਛੱਤ ਦੀ ਜਿਸਦੀ ਛਾਂ ਹੇਠਾਂ ਉਹ ਨਿਸਚਿੰਤ ਸੌਂ ਸਕਦੀ ਹੋਵੇ।ਤੇ ਫਿਰ, ਉਹ ਭਾਵੇਂ ਇਕ ਕਿਰਾਏ ਦਾ ਕਮਰਾ ਹੀ ਹੋਵੇ ਜਾਂ ਫਿਰ ਵਰਕਿੰਗ ਵੂਮੈਨ ਹੋਸਟਲ ਦਾ ਇਕ ਕਮਰਾ।'ਇਕ ਖਤ ਪਾਪਾ ਦੇ ਨਾਂ' ਕਹਾਣੀ ਵਿਚ ਬਹੁਤ ਹੀ ਖੂਬਸੂਰਤੀ ਦੇ ਨਾਲ ਬਡੇਸਰੋਂ ਨੇ ਕਹਾਣੀ ਦੀ ਮੁੱਖ ਪਾਤਰ ਨਿੱਕੀ ਦੁਆਰਾ ਵਿਆਹ ਦੇ ਅੱਠ ਸਾਲਾਂ ਬਾਅਦ ਇੰਗਲੈਂਡ ਤੋਂ ਆਪਣੇ ਪਿਤਾ ਨੂੰ ਲਿਖੇ ਇਕ ਖਤ ਦੇ ਜ਼ਰੀਏ ਔਰਤ-ਮਨ ਦੀ ਗਹਿਰਾਈ ਵਿਚਲੇ ਅਹਿਸਾਸਾਂ ਨੂੰ ਪਰਤ-ਦਰ=ਪਰਤ ਫਰੋਲਣ ਦਾ ਉੱਦਮ ਕੀਤਾ ਹੈ ਜਿਸਦੀ ਹਰ ਤਹਿ ਵਿਚੋਂ ਏਹੀ ਆਵਾਜ਼ ਸੁਣਾਈ ਦਿੰਦੀ ਹੈ ਕਿ ਔਰਤ ਹਮੇਸ਼ਾ ਮਰਦ ਤੋਂ ਪਿਆਰ ਤੇ ਵਫਾ ਦੀ ਉਮੀਦ ਕਰਦੀ ਹੈ, ਪੈਸੇ ਤੇ ਧਨ ਦੌਲਤ ਦੀ ਨਹੀਂ। ਉਹ ਚਾਹੁੰਦੀ ਹੈ ਕਿ ਉਸਦਾ ਪਤੀ ਉਸਨੂੰ ਪਿਆਰ ਕਰੇ, ਪੂਰੇ ਦਾ ਪੂਰਾ ਉਸਦਾ ਹੋਵੇ। ਅਜਿਹਾ ਨਾ ਹੋਣ ਦੀ ਸੂਰਤ ਵਿਚ ਉਹ ਟੁੱਟ ਜਾਂਦੀ ਹੈ-ਬਿਖਰ ਜਾਂਦੀ ਹੈ।'ਔਤਰੀ' ਕਹਾਣੀ ਮਨੁੱਖੀ ਮਨ ਅੰਦਰਲੇ  ਜਜ਼ਬਿਆਂ ਦੀ ਸੰਵੇਦਨਸ਼ੀਲਤਾ ਦੀ ਇਕ ਬਹੁਤ ਖ਼ੂਬਸੂਰਤ ਉਦਾਹਰਣ ਹੈ।'ਭਟਕਣ' ਤੇ 'ਬਣਵਾਸ' ਕਹਾਣੀਆਂ ਵਿਚ ਸੱਚੇ ਦੋਸਤਾਂ ਮਿੱਤਰਾਂ ਦੀ ਅਣਹੋਂਦ ਵਿਚ ਭਟਕਦੀ ਜ਼ਿੰਦਗੀ ਦਾ ਬਣਵਾਸ ਕਦੇ ਵੀ ਨਾ ਮੁੱਕਣ ਵਰਗਾ ਜਾਪਦਾ ਹੈ।ਇਸਦੇ ਉਲਟ ਜਿਹਨਾਂ ਕੋਲ ਸੱਚੇ-ਸੁੱਚੇ ਦੋਸਤਾਂ ਮਿੱਤਰਾਂ ਦਾ ਖਜ਼ਾਨਾ ਹੁੰਦਾ ਹੈ ਉਹਨਾਂ ਦਾ ਜੀਵਨ ਹਮੇਸ਼ਾ ਗੁਲਜ਼ਾਰ ਰਹਿੰਦਾ ਹੈ। 'ਵਿਚਾਰੀ' ਕਹਾਣੀ ਦੀ ਬਿਰਤਾਂਤਕ ਸਥਿਤੀ ਸਪਸ਼ਟ ਕਰਦੀ ਹੈ ਕਿ ਪੰਜਾਬ ਤੋਂ ਪਰਦੇਸਾਂ ਵਿਚ ਜਾਣ ਦੀ ਹੋੜ ਵਿਚ ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ। ਪਿੱਛੇ ਬਚਦੇ ਪਰਿਵਾਰ ਵੀ ਰੁਜ਼ਗਾਰ ਦੀ ਤਲਾਸ਼ ਵਿਚ ਸ਼ਹਿਰਾਂ ਤੇ ਮਹਾਨਗਰਾਂ ਵੱਲ ਪਲਾਇਨ ਕਰ ਰਹੇ ਹਨ। ਪਿੱਛੇ ਰਹਿ ਗਏ ਵੱਡੇ ਵੱਡੇ  ਮਕਾਨਾਂ ਤੇ ਹਵੇਲੀਆਂ ਨੂੰ ਸਾਂਭਣ ਵਾਲਾ ਕੋਈ ਨਹੀਂ।'ਤੂੰ' ਕਹਾਣੀ ਇਕ ਅਜਿਹੇ ਪੰਜਾਬੀ ਨੌਜਵਾਨ ਦੇ ਜੀਵਨ ਸੰਘਰਸ਼ ਦੀ ਵਿਥਿਆ ਹੈ ਜੋ ਫਿਲਮ ਨਗਰੀ ਮੁੰਬਈ ਵਿਚ ਕਲਾਕਾਰ ਤੇ ਅਮੀਰ ਬਣਨ ਦਾ ਸੁਪਨਾ ਲੈ ਕੇ ਆਉਂਦਾ ਹੈ ਪਰ ਉਸਨੂੰ ਕੋਈ ਵੀ ਕਾਮਯਾਬੀ ਹਾਸਲ ਨਹੀਂ ਹੁੰਦੀ। ਪਰ ਇਸ ਸੰਘਰਸ਼ ਦੌਰਾਨ ਉਸਨੂੰ ਇਹ ਗਿਆਨ ਹਾਸਲ ਜ਼ਰੂਰ ਹੋ  ਜਾਂਦਾ  ਹੈ ਕਿ ਮੁੰਬਈ ਮਹਾਨਗਰ ਸਮੁੰਦਰ ਵਰਗਾ ਚੌੜਾ, ਵਿਸ਼ਾਲ ਤੇ ਗਹਿਰਾ ਹੈ ਜਿਸ ਵਿਚ ਜਿਸਨੂੰ ਤੈਰਨਾ ਆਉਂਦਾ ਹੈ ਉਹ ਪਾਰ ਤੇ ਜੋ ਅਨਾੜੀ ਹੈ, ਉਹ ਡੁੱਬ

ਜਾਏਗਾ। ਅਤੇ ਜੋ ਥੋੜ੍ਹਾ ਜਿਹਾ ਵੀ ਤੈਰਨਾ ਜਾਣਦਾ ਹੈ ਉਹ ਇਸ ਸਮੁੰਦਰ ਦੇ ਕੰਢੇ ਬੈਠ ਕੇ ਮੱਛੀਆਂ ਫੜੀ ਜਾਵੇ ਤੇ ਜਾਂ ਫਿਰ ਉਮਰ ਭਰ ਇੰਤਜ਼ਾਰ ਕਰੇ ਕਿ ਕਦੋਂ ਕੋਈ ਮਛਲੀ ਉਸਦੇ ਜਾਲ ਵਿਚ ਫਸਦੀ ਹੈ। ਸੀਰੀਅਲਾਂ ਤੇ ਫਿਲਮੀ ਦੁਨੀਆਂ ਦੀ ਚਕਾਚੌਂਧ ਅੱਜ ਦੇ ਨੌਜਵਾਨ ਮੁੰਡੇ ਕੁੜੀਆਂ ਨੂੰ ਬਹੁਤ ਪ੍ਰਭਾਵਤ ਕਰਦੀ ਹੈ ਤੇ ਉਹ ਗਲੈਮਰ ਦੀ ਦੁਨੀਆਂ ਵੱਲ ਖਿੱਚੇ ਚਲੇ ਜਾਂਦੇ ਹਨ। ਇਸ ਬਾਬਤ ਜਿਸ ਕਿਸਮ ਦੀ ਅਸਲੀਅਤ ਦਾ ਪਤਾ ਬਡੇਸਰੋਂ ਆਪਣੇ ਪਾਤਰਾਂ ਰਾਹੀਂ ਪਾਠਕਾਂ ਨੂੰ ਦੇਣਾ ਚਾਹੁੰਦੀ ਹੈ ਉਸਦਾ ਬਿਰਤਾਂਤਕ ਪਾਸਾਰ 'ਤੂੰ', 'ਮਜਬੂਰੀ' ਅਤੇ 'ਕਦੋਂ ਆਏਂਗੀ?' ਕਹਾਣੀਆਂ ਵਿਚ ਵੇਖਣ ਨੂੰ ਮਿਲਦਾ ਹੈ। ਅਸਲੀਅਤ ਇਹ ਹੈ ਕਿ ਸੀਰੀਅਲਾਂ ਤੇ ਫਿਲਮਾਂ ਵਿਚ ਕੰਮ ਦੇਣ ਦੇ ਬਦਲੇ ਉਹਨਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕੀਤਾ ਜਾਂਦਾ ਹੈ। ਪਰ ਬਡੇਸਰੋਂ ਦੀ ਮਾਨਵਵਾਦੀ ਦ੍ਰਿਸ਼ਟੀ ਅਜਿਹੇ ਪਾਤਰਾਂ ਦੀ ਸਿਰਜਣਾ ਸਮੇਂ ਉਹਨਾਂ ਨੂੰ ਆਪਣੇ ਸੰਸਕਾਰਾਂ ਨਾਲ ਜੁੜਿਆ ਵਿਖਾ ਕੇ ਅਜਿਹੇ ਨਿਰਮਾਤਾਵਾਂ/ ਨਿਰਦੇਸ਼ਕਾਂ ਦੀ ਸ਼ੋਸ਼ਣਕਾਰੀ ਬਿਰਤੀ ਅੱਗੇ ਨਾ ਝੁਕਣ ਦਾ ਬਲ ਪ੍ਰਦਾਨ ਕਰਦੀ ਹੋਈ ਆਪਣੇ ਦਮ ਉੱਤੇ ਕਾਮਯਾਬੀ ਹਾਸਲ ਕਰਨ ਦੀ ਸਮਰੱਥਾ ਪ੍ਰਦਾਨ ਕਰਦੀ ਹੈ।

ਪੇਂਡੂ, ਸ਼ਹਿਰੀ ਤੇ ਮਹਾਂਨਗਰੀ ਅਨੁਭਵ ਪ੍ਰਾਪਤ ਇਸ ਕਹਾਣੀਕਾਰਾ ਨੂੰ ਦ੍ਰਿਸ਼-ਚਿਤਰਣ ਅਤੇ ਪਾਤਰ-ਚਿਤਰਣ ਦੀਆਂ ਕਲਾਵਾਂ ਵਿਚ ਵੀ ਕਾਫੀ ਮੁਹਾਰਤ ਹਾਸਲ ਹੈ। ਦ੍ਰਿਸ਼-ਚਿਤਰਣ ਦੀ ਅਜਿਹੀ ਉਦਾਹਰਣ ਪੇਂਡੂ ਜੀਵਨ ਯਥਾਰਥ ਨਾਲ ਸੰਬੰਧਤ ਕਹਾਣੀ 'ਬਾਹਰਲੀ ਬੈਠਕ' ਵਿਚੋਂ ਵੇਖੀ ਜਾ ਸਕਦੀ ਹੈ। ਇਸ ਕਹਾਣੀ ਵਿਚ ਵਾਪਰਿਆ ਘਟਨਾ-ਕ੍ਰਮ ਮਾਲਕ ਕਿਸਾਨ ਤੇ ਭੋਇੰਹੀਣ ਸ਼੍ਰੇਣੀ ਦੇ ਔਰਤ ਮਰਦ ਸੰਬੰਧਾਂ ਦੇ ਆਰਥਿਕ-ਸਾਂਸਕ੍ਰਿਤਕ ਸੰਬੰਧਾਂ ਦਾ ਯਥਾਰਥਕ ਚਿਤਰਣ ਹੈ ਅਤੇ ਨਾਲ ਹੀ ਭੋਇੰਹੀਣ ਸ਼੍ਰੇਣੀ ਵਿਚਲੇ ਨਾਰੀ ਪਾਤਰਾਂ ਵਿਚ ਆ ਰਹੀ ਪ੍ਰਗਤੀਸ਼ੀਲ ਚੇਤਨਾ ਦਾ ਸੰਕੇਤ ਹੈ। ਕਹਾਣੀ ਦੇ ਅੰਤ ਵਿਚ ਭੋਇੰਹੀਣ ਸ਼੍ਰੇਣੀ ਨਾਲ ਸੰਬੰਧਤ ਮੁਖ ਪਾਤਰ ਤਾਰੋ ਦਾ ਹਵੇਲੀ ਵਾਲੇ ਜੰਗ ਸਿਉਂ ਤੋਂ ਆਪਣੀ ਵੱਡੀ ਭੈਣ ਸੰਸਾਰੋ ਦੀ ਮੌਤ ਦਾ ਬਦਲਾ ਲੈਣ ਲਈ ਅਤੇ ਆਪਣੀ ਤੇ ਆਪਣੀ ਛੋਟੀ ਭੈਣ ਪਾਰੋ ਅਤੇ ਪਰਿਵਾਰ ਦੀ ਇੱਜ਼ਤ ਨੂੰ ਬਚਾਉਣ ਲਈ ਉਸਦਾ ਕਤਲ ਕਰਨਾ ਇਸੇ ਚੇਤੰਨਮਈ ਦ੍ਰਿਸ਼ਟੀਕੋਣ ਦਾ ਪ੍ਰਤੀਕ ਹੈ।'ਮੈਂ ਕੀ ਕਰਾਂ?', 'ਭਟਕਣ', 'ਬਣਵਾਸ', 'ਕਰਜ਼', 'ਮਾਂ ਨੀ!', 'ਆਕਰੋਸ਼' ਆਦਿ ਕਹਾਣੀਆਂ ਵੀ ਮਰਦ ਦੀ ਬੇਵਫਾਈ ਪ੍ਰਤਿ ਚੇਤੰਨ ਨਾਰੀ ਦਾ ਬਿੰਬ ਪੇਸ਼ ਕਰਦੀਆਂ ਹਨ।

ਹੱਥਲੇ ਸੰਗ੍ਰਹਿ ਦੀਆਂ ਬਹੁਤੀਆਂ ਕਹਾਣੀਆਂ ਅੱਜੋਕੇ ਮੱਧਵਰਗੀ ਸ਼ਹਿਰੀ ਤੇ ਪੇਂਡੂ ਇਸਤਰੀ ਪਾਤਰਾਂ ਦੇ ਜੀਵਨ-ਸੰਘਰਸ਼ ਦੀਆਂ ਹੀ ਕਹਾਣੀਆਂ ਹਨ। ਇਹਨਾਂ ਕਹਾਣੀਆਂ ਵਿਚ ਟੀ.ਵੀ.ਸੀਰੀਅਲਾਂ ਤੇ ਫਿਲਮਾਂ ਦੀਆਂ ਹੀਰੋਇਨਾਂ ਤੇ ਨਿਰਮਾਤਾਵਾਂ/ਨਿਰਦੇਸ਼ਕਾਂ, ਦਫਤਰਾਂ ਵਿਚ ਕੰਮ ਕਰਨ ਵਾਲੀਆਂ ਔਰਤਾਂ, ਕਾਲਿਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਨ-ਪੜ੍ਹਾਉਣ ਵਾਲੀਆਂ ਕੁੜੀਆਂ ਤੇ ਪ੍ਰੋਫੈਸਰਨੀਆਂ, ਘਰੇਲੂ ਸੁਆਣੀਆਂ, ਜੱਟਾਂ-ਜ਼ਿਮੀਂਦਾਰਾਂ ਦੇ ਘਰਾਂ ਵਿਚ ਗੋਹਾ-ਕੂੜਾ ਕਰਨ ਵਾਲੀਆਂ ਪੇਂਡੂ ਸੁਆਣੀਆਂ ਆਦਿ ਨਾਰੀ ਪਾਤਰ ਵਜੋਂ ਪੇਸ਼ ਹੋਈਆਂ ਹਨ।ਇਹ ਪਾਤਰ ਜ਼ਿੰਦਗੀ ਦੀ ਵੱਡੀ ਤੋਂ ਵੱਡੀ ਮੁਸੀਬਤ ਅੱਗੇ ਹਾਰ ਨਹੀਂ ਮੰਨਦੀਆਂ ਬਲਕਿ ਹਰ ਪ੍ਰਕਾਰ ਦੀਆਂ ਸਮੱਸਿਆਵਾਂ, ਪਿਆਰ ਵਿਚ ਬੇਵਫਾਈ, ਅਤਿ ਦਰਜੇ ਦੀ ਗ਼ਰੀਬੀ, ਸਮਾਜ ਦੇ ਤਾਅਨੇ-ਮਿਹਣੇ, ਪਰਿਵਾਰਕ ਤੇ ਸਮਾਜਕ ਬੰਦਿਸ਼ਾਂ, ਕੰਮਕਾਰ ਵਾਲੀ ਥਾਂ ਉੱਤੇ ਮਿਲਣ ਵਾਲੇ ਮਾਨਸਿਕ ਤਨਾਉ ਅਤੇ ਬੇਗਾਨੇ ਸ਼ਹਿਰਾਂ ਵਿਚ ਸਮਾਜਕ ਅਸੁਰੱਖਿਆ ਆਦਿ ਦਾ ਡਟ ਕੇ ਮੁਕਾਬਲਾ ਕਰਦੀਆਂ ਹਨ।

ਠੁੱਕ ਵਾਲੀ ਮੁਹਾਵਰੇਦਾਰ ਭਾਸ਼ਾ-ਸ਼ੈਲੀ ਦੀ ਪਿਉਂਦ ਚੜ੍ਹੀਆਂ ਇਹ ਕਹਾਣੀਆਂ ਇਕੋ ਸਮੇਂ ਜਿੱਥੇ ਅਤਿ ਆਧੁਨਿਕ ਜੀਵਨ-ਜਾਚ ਦੇ ਬਦਲ ਰਹੇ ਮਾਪਦੰਡਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ ਉੱਥੇ ਹੀ ਪਰੰਪਰਕ ਪੰਜਾਬ ਦੀ ਪੇਂਡੂ ਜੀਵਨ-ਜਾਚ ਦੀ ਅਮੀਰੀ ਦੇ ਦਰਸ਼ਨ ਦੀਦਾਰੇ ਵੀ ਕਰਾਉਂਦੀਆਂ ਹਨ। ਪੰਜਾਬੀ ਸਭਿਆਚਾਰ ਤੇ ਲੋਕਧਾਰਈ ਕਦਰਾਂ-ਕੀਮਤਾਂ ਦੀ ਵਰਤਮਾਨ ਜੀਵਨ-ਜਾਚ ਵਿਚ ਪ੍ਰਸੰਗਕਤਾ ਦੀ ਬਾਤ ਪਾਉਂਦੀਆਂ ਅਜਿਹੀਆਂ ਕਹਾਣੀਆਂ ਨੂੰ ਤਾਂ ਪੜ੍ਹਨਾ ਹੀ ਬਣਦਾ ਹੈ।

**-(ਡਾ.) ਗੁਰਦੀਪ ਕੌਰ**

## ਸੁਪਨੇ ਅਤੇ ਵਾਟਾਂ (ਸਵੈ-ਜੀਵਨੀ) ਜਰਨੈਲ ਸਿੰਘ

ਪੰਜਾਬੀ ਕਹਾਣੀ ਦੇ ਖੇਤਰ ਵਿਚ ਪ੍ਰੌੜ ਤੇ ਸਥਾਪਤ ਲੇਖਕ ਵਜੋਂ ਜਰਨੈਲ ਸਿੰਘ ਦਾ ਨਾਮ ਵਿਸ਼ੇਸ਼ ਹੈ। ਉਹ ਪਰਵਾਸੀ ਪੰਜਾਬੀ ਕਹਾਣੀ ਦੇ ਪ੍ਰਤੀਨਿਧ ਕਥਾਕਾਰ ਵਜੋਂ ਪਾਠਕਾਂ ਅੰਦਰ ਪ੍ਰਵਾਨਤ ਲੇਖਕ ਹੈ ਜਿਸ ਦੀ ਕਹਾਣੀ ਦਾ ਸਿਰਜਣਾਤਮਕ ਸਫ਼ਰ ਅੱਠਵੇਂ ਦਹਾਕੇ ਤੋਂ ਸ਼ੁਰੂ ਹੋ ਕੇ ਵਰਤਮਾਨ ਤਕ ਨਿਰੰਤਰ ਚੱਲਦਾ ਆ ਰਿਹਾ ਹੈ। ਮੱਧਵਰਗੀ ਕਿਸਾਨੀ ਪਿਛੋਕੜ ਵਾਲੇ ਲੇਖਕਾਂ ਨੂੰ ਕਿਸਾਨੀ ਜੀਵਨ ਦੀਆਂ ਜਿਹੜੀਆਂ ਗੁੱਝੀਆਂ ਤਹਿਆਂ ਦਾ ਸੁਤੇ ਸਿਧ ਅਨੁਭਵ ਹੁੰਦਾ ਹੈ, ਜਰਨੈਲ ਸਿੰਘ ਦੀ ਮੁੱਢਲੀ ਕਹਾਣੀ ਦਾ ਲਕੀਰੀ ਵਰਨਣ ਇਸ ਅਨੁਭਵ ਨੂੰ ਪ੍ਰਗਟ ਕਰਦਾ ਰਿਹਾ। ਏਅਰ ਫੋਰਸ ਦੀ ਨੌਕਰੀ ਦੌਰਾਨ ਉਸਨੇ ਦੇਸ਼ ਦੇ ਅਨੇਕਾਂ ਹਿੱਸਿਆਂ ਦਾ ਜੋ ਭ੍ਰਮਣ ਕੀਤਾ, ਉਸਦਾ ਪ੍ਰਗਟਾਵਾ ਉਸਦੀ ਕਹਾਣੀ ਦੇ ਦੂਜੇ ਦੌਰ ਵਿਚ ਸਪਲੀਮੈਂਟ ਹੋਇਆ। ਉਸ ਨੇ ਫੌਜੀ ਜੀਵਨ ਨਾਲ ਜੁੜੀਆਂ ਮਿੱਥਾਂ, ਅੰਤਰ ਵਿਰੋਧਾਂ ਅਤੇ ਫੌਜੀ ਮਨੁੱਖ ਕੋਲ਼ ਸਾਂਭੇ ਵੱਖਰੇ ਅਨੁਭਵਾਂ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ। ਲੇਖਕ ਦੇ ਤੀਜੇ ਦੌਰ ਦੀ ਕਹਾਣੀ ਉਸਦੇ ਪਰਵਾਸੀ ਜੀਵਨ ਦੌਰਾਨ ਹੱਡੀਂ ਹੰਢਾਏ ਕੌੜੇ ਮਿੱਠੇ ਅਨੁਭਵਾਂ ਦੀ ਦਾਸਤਾਨ ਹੈ। ਇਸ ਪੜਾਅ 'ਤੇ ਪੁੱਜ ਕੇ ਜਰਨੈਲ ਸਿੰਘ ਪਰਵਾਸ ਦੇ ਰਵਾਇਤੀ ਮੁੱਦਿਆਂ ਦੀ ਥਾਂ ਗਲੋਬਲੀ ਵਿਸ਼ਿਆਂ ਨੂੰ ਵੀ ਆਪਣਾ ਕਥਾ ਮਰਕਜ਼ ਬਣਾਉਂਦਾ ਹੈ। ਉਸਦੀ ਕਹਾਣੀ ਨਵ ਪੂੰਜੀਵਾਦੀ ਦੇਸ਼ਾਂ ਦੀ ਧੌਂਸਮੁੱਖੀ ਸੱਤਾ ਸਿਆਸਤ ਦੇ ਧੁਰ ਅੰਦਰ ਝਾਕਣ ਅਤੇ ਗਲੋਬਲੀ ਪੂੰਜੀ ਦੇ ਅੱਥਰੇ ਵੇਗ ਵਿਚ ਰੁੜ੍ਹਦੇ ਜਾਂਦੇ ਬੰਦੇ ਦੀ ਸੰਵੇਦਨਾ ਨੂੰ ਚਿੰਤਨ ਕੇਂਦਰਤ ਬਿਰਤਾਂਤਕਾਰੀ ਨਾਲ ਰੂਪਮਾਨ ਕਰਦੀ ਹੈ। 'ਟਾਵਰਜ਼', 'ਦੋ ਟਾਪੂ', 'ਕਾਲ਼ੇ ਵਰਕੇ' ਅਤੇ 'ਪੱਤਿਆਂ ਨਾਲ ਢਕੇ ਜਿਸਮ' ਵਰਗੀਆਂ ਯਾਦਗਾਰੀ ਕਹਾਣੀਆਂ ਨਾਲ ਉਹ ਵਿਕਸਤ ਪੰਜੀਵਾਦੀ ਦੇਸ਼ਾਂ ਦੀ ਵਿਸ਼ਵ ਸਮਾਜ ਵਿਚ ਖੜਪੈਂਚ ਵਾਲੀ ਭੂਮਿਕਾ ਦਾ ਕੱਚ ਸੱਚ ਪੇਸ਼ ਕਰਨ ਦੇ ਨਾਲ ਨਾਲ ਆਰਥਿਕ ਵਿਸ਼ਵੀਕਰਨ ਦੀ ਚਕਾਚੌਂਧ ਦੇ ਹੱਲੇ ਵਿਚ ਆਪੋ ਆਪਣੀ ਧਰਤੀ ਦੇ ਸੱਚ ਤੋਂ ਦੂਰ ਕੀਤੇ ਜਾ ਰਹੇ ਤੀਜੀ ਦੁਨੀਆ ਦੇ ਬੰਦੇ ਦਾ ਦਰਦ ਵੀ ਦ੍ਰਿਸ਼ਟਮਾਨ ਕਰਦਾ ਹੈ। ਉਸਦੀ ਕਹਾਣੀ ਵਿਚ ਪਰਵਾਸੀ ਸਮਾਜ ਦੇ ਅੰਤਰ ਸਭਿਆਚਾਰਕ ਤੇ ਪਾਰ ਸਭਿਆਚਾਰਕ ਮੁੱਦਿਆਂ ਦਾ ਬਿਰਤਾਂਤ ਉਸਦੀ ਗਲਪੀ ਪੈਂਠ ਹੋਰ ਗੂੜ੍ਹੀ ਕਰਦਾ ਹੈ।

ਜਰਨੈਲ ਸਿੰਘ 1944 ਵਿਚ ਹੁਸ਼ਿਆਰਪੁਰ ਦੇ ਨਿੱਕੇ ਜਿਹੇ ਪਿੰਡ ਵਿਚ ਜਨਮ ਲੈਂਦਾ ਦੇਸ਼ਾਂ ਦੇਸ਼ਾਂਤਰਾਂ ਦਾ ਰਟਣ ਕਰਦਾ ਕੈਨੇਡਾ ਦੀ ਧਰਤੀ 'ਤੇ ਟਿਕਿਆ ਜੀਵਨ ਯਾਤਰੂ ਹੈ। ਉਸਨੇ ਆਪਣੇ ਸਮੁੱਚੇ ਜੀਵਨ ਦਾ ਬਾਰੀਕਬਾਨੀ ਨਾਲ ਚਿਤਰਣ ਆਪਣੀ ਹੱਥਲੀ ਸਵੈ ਜੀਵਨੀ 'ਸੁਪਨੇ ਅਤੇ ਵਾਟਾਂ' (ਪੰਨੇ 283, ਮੁੱਲ 500 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ) ਵਿਚ ਕੀਤਾ ਹੈ। ਜਰਨੈਲ ਸਿੰਘ ਦੁਆਬੇ ਦੇ ਪਿੰਡ ਮੇਘੋਵਾਲ ਗੰਜਿਆਂ ਦੀ ਮੈਰੀ ਜ਼ਮੀਨ ਵਿਚੋ ਆਪਣੀ ਮਿਹਨਤ, ਲਗਨ ਅਤੇ ਦ੍ਰਿੜ ਇਰਾਦੇ ਦੀ ਭਾਵਨਾ ਨਾਲ ਉੱਠਣ, ਪਰਿਵਾਰ ਦੀ ਸ਼ਰੀਕੇਬਾਜ਼ੀ ਵਿਚ ਆਪਣਾ ਆਪ ਖਚਿਤ ਕਰਨ ਦੀ ਥਾਂ ਉੱਚੇ ਸੁੱਚੇ ਮਨੋਰਥ ਨਾਲ ਉਚੇਰੀ ਸਿੱਖਿਆ ਹਾਸਲ ਕਰਨ, ਏਅਰ ਫੋਰਸ ਵਿਚ ਭਰਤੀ ਹੋਣ ਦੇ ਵਿਲੱਖਣ ਅਨੁਭਵ, ਸੇਵਾ ਮੁਕਤੀ ਉਪਰੰਤ ਕੋਆਪਰੇਟਿਵ ਬੈਂਕ ਦੀ ਨੌਕਰੀ ਅਤੇ ਕੈਨੇਡਾ ਵਿਚ ਸਕਿਉਰਟੀ ਕੰਪਨੀ ਵਿਚ ਸੇਵਾਵਾਂ ਨਿਭਾਉਣ ਤਕ ਦੇ ਮਾਣ ਮੱਤੇ ਸਫਰ ਨੂੰ ਰੌਚਿਕ ਗਲਪੀ ਬਿਰਤਾਂਤ ਦੁਆਰਾ ਪੇਸ਼ ਕਰਦਾ ਹੈ। ਲੇਖਕ ਦੀ ਇਹ ਸਵੈ ਜੀਵਨੀ ਪੰਜਾਬੀ ਮਨੁੱਖ ਦੇ ਮਿਹਨਤੀ, ਕਰਮਸ਼ੀਲ ਅਤੇ ਨਿਰੰਤਰ ਜਗਦੇ ਮਘਦੇ ਵਿਅਕਤੀਤਵ ਦੀ ਵਾਰਤਾ ਹੈ, ਜਿਸ ਦਾ ਨਾਇਕ ਜਰਨੈਲ ਸਿੰਘ ਪ੍ਰਤੀਕੂਲ ਸਥਿਤੀਆਂ ਵਿਚ ਵੀ ਜ਼ਿੰਦਗੀ ਦਾ 'ਜਰਨੈਲ' ਬਣ ਕੇ ਨਿੱਤਰਦਾ ਪੇਸ਼ ਹੋਇਆ ਹੈ। ਜੀਵਨ ਸੰਘਰਸ਼ ਦੇ ਮੁੱਢਲੇ ਸਾਲਾਂ ਵਿਚ ਲੇਖਕ ਸਾਂਝੇ ਪਰਿਵਾਰ ਵਿਚ ਬਤੀਤ ਹੋਏ ਬਚਪਨ, ਜ਼ਮੀਨਾਂ ਦੀ ਵੰਡ ਵੰਡਾਈ ਪਿੱਛੇ ਹੁੰਦੇ ਪਰਿਵਾਰਕ ਝਗੜੇ, ਘਰ ਵਿਚੋਂ ਮਿਲੇ ਕਿਰਤੀ ਭਾਵਨਾ ਦੇ ਸਬਕ ਅਤੇ ਮੁੱਢਲੀ ਪੜ੍ਹਾਈ ਬਾਰੇ ਵੇਰਵੇ ਦਰਜ ਕਰਦਾ ਹੈ। ਇਸ ਸਵੈ ਜੀਵਨੀ ਵਿਚ ਹਰੀ ਕ੍ਰਾਂਤੀ ਤੋਂ ਪਹਿਲਾਂ ਦੇ ਸਵੈ ਪਾਲ਼ੂ ਪਿੰਡ ਦੀਆਂ ਰਵਾਇਤੀ ਬਰਕਤਾਂ ਦੇ ਅਨੇਕਾਂ ਦ੍ਰਿਸ਼ ਹਾਜ਼ਰ ਰਹਿੰਦੇ ਹਨ ਜਿੱਥੇ ਖੇਤੀ ਅਰਥਚਾਰੇ ਵਿਚ ਮਨੁੱਖ ਦੀਆਂ ਸੀਮਤ ਲੋੜਾਂ, ਆਪਸੀ ਆਤਮ ਨਿਰਭਰਤਾ, ਹੱਥੀਂ ਕਿਰਤ ਕਰਨ ਦੇ ਉੱਦਮ ਅਤੇ ਲੋਕਾਂ ਦੀ ਆਪਸੀ ਸਹਿਹੋਂਦ, ਸਾਂਝ ਅਤੇ ਭਾਈਚਾਰਕ ਇਕਜੁੱਟਤਾ ਦੇ ਬਿਰਤਾਂਤ ਸ਼ਾਮਲ ਹੋਏ

ਹਨ। ਲੇਖਕ ਬਲਦਾਂ ਨਾਲ ਖੇਤੀ ਦੇ ਪਰੰਪਰਕ ਢੰਗ, ਲੋਕ ਮਨੋਰੰਜਨ ਦੇ ਸਾਧਨ, ਸਾਂਝੇ ਅਕੀਦੇ, ਲੋਕ ਵਿਸ਼ਵਾਸ, ਸਿੱਖਿਆ ਦੇ ਪਰੰਪਰਕ ਵਿਸ਼ੇ, ਪੇਂਡੂ ਸੁਆਣੀਆਂ ਦੇ ਕੰਮ ਕਾਰ ਆਦਿ ਦਾ ਵਰਨਣ ਆਪਣੇ ਘਰੇਲੂ ਤੇ ਵਿਅਕਤੀਗਤ ਸਰੋਕਾਰਾਂ ਦੇ ਪ੍ਰਸੰਗ ਵਿਚ ਪੇਸ਼ ਕਰਦਾ ਹੈ।

ਚਾਰ ਭਰਾਵਾਂ ਵਿਚੋਂ ਸਭ ਤੋਂ ਛੋਟਾ ਜਰਨੈਲ ਜਦੋਂ ਏਅਰ ਫੋਰਸ ਵਿਚ ਹਵਾਈ ਜਹਾਜ਼ਾਂ ਦੇ ਮੁਰੰਮਤੀ ਅਮਲੇ ਵਿਚ ਭਰਤੀ ਹੋਇਆ ਤਾਂ ਮਦਰਾਸ ਦੀ ਮੁੱਢਲੀ ਕਰਮਭੂਮੀ ਨੇ ਉਸਦੀ ਸਵੈ ਪਾਲੂ ਪਿੰਡ ਤੋਂ ਬਾਹਰ ਵਸਦੀ ਖੁੱਲ੍ਹੀ ਦੁਨੀਆ ਤਕ ਰਸਾਈ ਕਰ ਦਿੱਤੀ। ਮਦਰਾਸ, ਅਸਾਮ, ਪੂਨੇ ਅਤੇ ਹੋਰ ਥਾਵਾਂ 'ਤੇ ਨੌਕਰੀਪੇਸ਼ਾ ਜੀਵਨ ਦੌਰਾਨ ਲੇਖਕ ਉਕਤ ਸ਼ਹਿਰਾਂ ਦੇ ਭੂਗੋਲ, ਸੰਸਕ੍ਰਿਤੀ, ਲੋਕ ਜੀਵਨ, ਆਰਥਿਕਤਾ ਆਦਿ ਸਰੋਕਾਰਾਂ ਦਾ ਮੁਤਾਲਿਆ ਕਰਦਾ ਪੁਸਤਕ ਦੇ ਪਾਠਕਾਂ ਨੂੰ ਗਿਆਨਮੂਲਕ ਜਾਣਕਾਰੀ ਦੇ ਘੇਰੇ ਵਿੱਚ ਲੈ ਜਾਂਦਾ ਹੈ। ਏਅਰ ਫੋਰਸ ਵਿਚ ਸਕੁਆਡਰਨ ਦੇ ਪੇਸ਼ਾਗਤ ਅਨੁਭਵਾਂ ਦੇ ਨਾਲ ਨਾਲ ਲੇਖਕ ਭਾਰਤ ਪਾਕਿਸਤਾਨ ਯੁੱਧ ਉਪਰੰਤ ਦੋਵੇਂ ਪਾਸੇ ਮਨੁੱਖੀ ਜੀਵਨ ਦੇ ਹੋਏ ਘਾਣ ਬਾਰੇ ਚਿੰਤਨ ਕਰਦਾ ਯੁੱਧਾਂ ਪਿੱਛੋਂ ਵਾਪਰਦੀ ਉਦਾਸੀ ਤੇ ਉਪਰਾਮਤਾ ਦੇ ਪਸਮੰਜ਼ਰ ਪੇਸ਼ ਕਰਦਾ ਹੈ। ਨੌਕਰੀ ਪੇਸ਼ਾ ਜੀਵਨ ਦੌਰਾਨ ਲੇਖਕ ਨਾਵਲ ਲਿਖਣ ਦਾ ਪ੍ਰਾਜੈਕਟ ਆਰੰਭ ਕਰਦਾ ਹੈ ਪਰ ਸਿਰੇ ਨਹੀਂ ਚੜ੍ਹਦਾ। ਇਸ ਤੋਂ ਪਿੱਛੋਂ ਵੱਖ ਵੱਖ ਲੇਖਕਾਂ ਦੀਆਂ ਲਿਖਤਾਂ ਦਾ ਅਧਿਐਨ ਲੇਖਕ ਨੂੰ ਕਹਾਣੀ ਰਚਨਾ ਵੱਲ ਮੋੜ ਲੈਂਦਾ ਹੈ। ਇਸ ਤੋਂ ਇਲਾਵਾ ਏਅਰ ਫੋਰਸ ਦੀ ਨੌਕਰੀ ਦੌਰਾਨ 1967 ਵਿਚ ਵਿਆਹ, ਪ੍ਰਾਈਵੇਟ ਤੌਰ 'ਤੇ ਉਚੇਰੀ ਪੜ੍ਹਾਈ ਅਤੇ ਸਾਹਿਤ ਸਿਰਜਣਾ ਦੇ ਮੁੱਢਲੇ ਸਰੋਤਾਂ ਬਾਰੇ ਪੁਸਤਕ ਵਿਚ ਸ਼ਾਮਲ ਬਿਰਤਾਂਤਕ ਵੇਰਵੇ ਲੇਖਕ ਅੰਦਰ ਛੁਪੀ ਸਿਰਜਣਾਤਮਕ ਤਾਸੀਰ ਦੇ ਦੀਦਾਰ ਕਰਵਾਉਂਦੇ ਪਹਿਲੂ ਹਨ।

ਪੁਸਤਕ ਅੰਦਰ 1984 ਦੇ ਸਿੱਖ ਕਤਲੇਆਮ, ਪੰਜਾਬ ਸੰਕਟ ਅਤੇ ਪੰਜਾਬ ਅੰਦਰ ਧਾਰਮਿਕ ਤਣਾਅ ਨਾਲ ਜੁੜੇ ਘਟਨਾਵੀ ਪ੍ਰਸੰਗ ਲੇਖਕ ਦੀ ਸਮਾਜਕ ਚੇਤਨਾ ਨੂੰ ਪ੍ਰਗਟ ਕਰਦੇ ਹਨ। ਸੇਵਾ ਮੁਕਤੀ ਉਪਰੰਤ ਕੋਆਪਰੇਟਿਵ ਬੈਂਕ ਵਿਚ ਨੌਕਰੀ ਦੌਰਾਨ ਭ੍ਰਿਸ਼ਟਾਚਾਰੀ ਅਫਸਰਾਂ ਨਾਲ ਵਾਹ ਪੈਣ, ਬਾਬੂਸ਼ਾਹੀ ਕਲਚਰ ਦੀ ਰਹਿੰਦ ਖੂੰਹਦ ਨਾਲ ਲੋਕਾਂ ਦੀ ਲੁੱਟ ਖਸੁੱਟ ਅਤੇ ਮੁਲਾਜ਼ਮਾਂ ਦੀਆਂ ਹੜਤਾਲਾਂ ਤੇ ਰੋਸ ਧਰਨਿਆਂ ਨਾਲ ਜੁੜੀਆਂ ਘਟਨਾਵਾਂ ਦੇ ਵੇਰਵੇ ਲੇਖਕ ਦੇ ਆਦਰਸ਼ਵਾਦੀ ਤੇ ਲੋਕ ਪੱਖੀ ਬਿੰਬ ਨੂੰ ਦ੍ਰਿੜ ਕਰਦੀਆਂ ਹਨ। ਪੁਸਤਕ ਦੇ ਅੰਤ ਨੇੜੇ ਲੇਖਕ ਪਰਿਵਾਰ ਸਮੇਤ ਕੈਨੇਡਾ ਸੈੱਟਲ ਹੋਣ, ਕੈਨੇਡਾ ਵਿਚ ਨੌਕਰੀ, ਕੈਨੇਡਾ ਦੀ ਪੰਜਾਬੀ ਕਮਿਊਨਿਟੀ ਦੇ ਸਰੋਕਾਰ, ਸਾਹਿਤਕ ਜਥੇਬੰਦੀਆਂ ਵਿਚ ਕੰਮ ਅਤੇ ਆਪਣੇ ਕਹਾਣੀ ਸੰਗ੍ਰਿਹਾਂ ਬਾਰੇ ਵੱਖ ਵੱਖ ਮੰਚਾਂ 'ਤੇ ਵਿਚਾਰ ਚਰਚਾ ਸੰਬੰਧੀ ਵਾਪਰੀਆਂ ਗਤੀਵਿਧੀਆਂ ਨੂੰ ਪੁਨਰ ਸੁਰਜੀਤ ਕਰਦਾ ਹੈ। ਲੇਖਕ ਦੀ ਇਹ ਸਵੈ ਜੀਵਨੀ ਉਸ ਦੇ ਵਿਅਕਤੀਗਤ ਜੀਵਨ, ਪੇਸ਼ਾਗਤ ਸਰੋਕਾਰ, ਸਮਾਜਕ ਚੇਤਨਾ, ਸਿਰਜਣਤਾਮਕ ਸੰਦਰਭ ਆਦਿ ਸਮੇਤ ਉਸਦੇ ਸਮੁੱਚੇ ਜੀਵਨ ਦੇ ਸੰਘਰਸ਼ਸ਼ੀਲ ਸਫਰ ਨੂੰ ਬਿਰਤਾਂਤ ਦੀ ਰਵਾਨਗੀ ਨਾਲ ਪੇਸ਼ ਕਰਦੀ ਹੈ। ਲੇਖਕ ਦੇ ਕਹਾਣੀਕਾਰ ਹੋਣ ਦੀ ਪ੍ਰਕਿਰਿਆ, ਸਫਲ ਨੌਕਰੀਪੇਸ਼ਾ ਜੀਵਨ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਤੇ ਸਮਾਜਕ ਸਰੋਕਾਰਾਂ ਨੂੰ ਇਕ ਕੋਲਾਜ਼ ਵਾਂਗ ਇਸ ਪੁਸਤਕ ਵਿਚ ਪੇਸ਼ ਕੀਤਾ ਗਿਆ ਹੈ। ਵੇਰਵਿਆਂ ਦੀ ਬਾਰੀਕਬਾਨੀ, ਤੀਖਣ ਯਾਦ ਸ਼ਕਤੀ, ਘਟਨਾਵਾਂ ਦਾ ਕ੍ਰਮਬੱਧ ਵਰਨਣ, ਸੁਹਜਮਈ ਬਿਰਤਾਂਤ ਅਤੇ ਚਰਿੱਤਰ ਨਾਇਕ ਦੇ ਸੰਘਰਸ਼ ਰੱਤੇ ਜੀਵਨ ਦੇ ਪ੍ਰੇਰਕ ਤੱਥ ਇਸ ਸਵੈ ਜੀਵਨੀ ਨੂੰ ਯਾਦਗਾਰੀ ਕ੍ਰਿਤ ਬਣਾਉਂਦੇ ਹਨ। ਅਤੀਤ ਦੀ ਸੁਹਜਮਈ ਢੰਗ ਨਾਲ ਪੇਸ਼ਕਾਰੀ ਪੱਖੋਂ ਇਸ ਪੁਸਤਕ ਦਾ ਆਪਣਾ ਮੁੱਲ ਹੈ। ਲੇਖਕ ਦਾ ਆਦਰਸ਼ਕ, ਜ਼ਿੰਮੇਵਾਰ ਅਤੇ ਮਾਨਵ ਪੱਖੀ ਤੰਦੋਆ ਸਵੈ ਜੀਵਨੀ ਦੇ ਅੰਦਰ ਪੂਰੀ ਤਰ੍ਹਾਂ ਤਣਿਆ ਰਹਿੰਦਾ ਹੈ ਜਿਸ ਨਾਲ ਸਵੈ ਪੜਚੋਲ ਦੇ ਅੰਸ਼ ਪੁਸਤਕ ਵਿਚੋਂ ਖਾਰਿਜ ਵੀ ਹੋ ਜਾਂਦੇ ਹਨ। ਲੇਖਕ ਕਈ ਥਾਵਾਂ 'ਤੇ ਆਪਣੀਆਂ ਕਹਾਣੀਆਂ ਬਾਰੇ ਵੱਖ ਵੱਖ ਵਿਦਵਾਨਾਂ ਦੇ ਪ੍ਰਸ਼ੰਸਾਭਾਵੀ ਵਿਚਾਰ ਪੇਸ਼ ਕਰਦਾ ਹੈ ਜਿਹੜੇ ਪਾਠਕਾਂ ਨੂੰ ਪ੍ਰਸੰਗ ਵਿਹੂਣੇ ਜਾਪਦੇ ਹਨ।

ਕੁੱਲ ਮਿਲਾ ਕੇ ਜਰਨੈਲ ਸਿੰਘ ਦੀ ਇਹ ਪੁਸਤਕ ਲੇਖਕ ਵੱਲੋਂ ਲਏ ਸੁਪਨਿਆਂ ਦੀ ਪ੍ਰਾਪਤੀ ਲਈ ਜ਼ਿੰਦਗੀ ਦੇ ਸਫ਼ਰ ਵਿਚ ਕੱਢੀਆਂ ਲੰਮੀਆਂ ਵਾਟਾਂ ਦੇ ਸੰਘਰਸ਼ ਦਾ ਬਿਰਤਾਂਤ ਹੈ।

**–(ਡਾ.) ਜੇ.ਬੀ. ਸੇਖੋਂ**

## ਤ੍ਰਿਕਾਲ ਸੰਧਿਆ (ਕਹਾਣੀ ਸੰਗ੍ਰਹਿ) ਦੀਪ ਦਵਿੰਦਰ ਸਿੰਘ

ਪੰਜਾਬੀ ਕਹਾਣੀ ਪਰੰਪਰਾ ਦੇ ਸਮਕਾਲ ਵਿਚ ਕਥਾਕਾਰ ਦੀਪ ਦਵਿੰਦਰ ਸਿੰਘ ਦਾ ਨਾਮ ਵਿਸ਼ੇਸ਼ ਹੈ ਜਿਸ ਨੇ ਆਪਣੀਆਂ ਕਹਾਣੀਆਂ ਵਿਚ ਵਰਗੀ ਬਣਤਰਾਂ ਵਾਲੀ ਕਰੂਰ ਸਮਾਜਕ ਵਿਵਸਥਾ ਵਿਚ ਦੁਖਾਂਤ ਬੋਧ ਨਾਲ ਪਰੁੰਨੇ ਪਾਤਰਾਂ ਦਾ ਵੱਖਰਾ ਸੰਸਾਰ ਪੇਸ਼ ਕੀਤਾ ਹੈ। ਉਹ ਆਪਣੇ ਕਹਾਣੀ ਸੰਗ੍ਰਹਿ 'ਧੁੱਪ ਛਾਂ ਤੇ ਰੁੱਖ' ਨਾਲ ਹੀ ਚਰਚਿਤ ਕਥਾਕਾਰਾਂ ਦੀ ਕਤਾਰ ਵਿਚ ਆ ਸ਼ਾਮਿਲ ਹੋਇਆ ਸੀ। ਉਸ ਕੋਲ ਆਰਥਿਕ, ਸਮਾਜਕ, ਲਿੰਗਕ ਵੱਖਰੇਵਿਆਂ ਤੋਂ ਉਤਪੰਨ ਵਿਸ਼ਾਦ ਅਤੇ ਜ਼ਿੰਦਗੀ ਦੀ ਟੁੱਟ ਭੱਜ ਨੂੰ ਪੇਸ਼ ਕਰਨ ਦੇ ਅਨੂਠੇ ਗਲਪੀ ਪ੍ਰਸੰਗ ਹਨ, ਜੋ ਵਾਸਤਵਿਕਤਾ ਦੀ ਓਪਰੀ ਸਤਾਹ ਨਾਲੋਂ ਇਸਦੀਆਂ ਧੁਰ ਡੂੰਘਾਣਾਂ ਵਿਚ ਪਏ ਯਥਾਰਥ ਨੂੰ ਰੂਪਮਾਨ ਕਰਦੇ ਹਨ। ਵਿਚਾਰ ਅਧੀਨ ਕਥਾ ਸੰਗ੍ਰਹਿ 'ਤ੍ਰਿਕਾਲ ਸੰਧਿਆ' (ਪੰਨੇ 104, ਮੁੱਲ 275 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ) ਦੀਪ ਦਵਿੰਦਰ ਸਿੰਘ ਦੀ ਦੂਜੀ ਕਥਾ ਪੁਸਤਕ ਹੈ ਜਿਸ ਵਿਚ ਛੇ ਕਹਾਣੀਆਂ ਸ਼ਾਮਲ ਹਨ। ਇਨ੍ਹਾਂ ਕਹਾਣੀਆਂ ਵਿਚ ਲੇਖਕ ਨੇ ਦਮਿਤ ਵਰਗ ਦੀਆਂ ਅਨੇਕਾਂ ਦੁਸ਼ਵਾਰੀਆਂ, ਦੁਬਿਧਾਵਾਂ ਅਤੇ ਦੱਬੀਆਂ-ਘੁੱਟੀਆਂ ਅਕਾਂਖਿਆਵਾਂ ਨੂੰ ਮਾਝੇ ਦੀ ਭਾਸ਼ਾ ਦੇ ਜੀਵੰਤ ਮੁਹਾਵਰੇ ਵਿਚ ਪੇਸ਼ ਕੀਤਾ ਹੈ।

'ਗੰਢਾਂ' ਕਹਾਣੀ ਦਾ ਦਲਿਤ ਪਾਤਰ ਇਕ ਪਾਸੇ ਮੱਧਵਰਗੀ ਜੀਵਨ ਦੀਆਂ ਵਿਸੰਗਤੀਆਂ ਅਤੇ ਦੂਜੇ ਪਾਸੇ ਦਲਿਤ ਅਵਚੇਤਨ ਵਿਚ ਰੀਂਘਦਾ ਤਹਿਸੀਲਦਾਰ ਕੁਲਬੀਰ ਸਿੰਘ ਸ਼ਹਿਰ ਦੇ ਪੌਸ਼ ਏਰੀਏ ਵਿਚ ਰਹਿੰਦਾ ਜਾਤੀ ਹੀਣਤਾ ਦੇ ਸੰਤਾਪ ਨੂੰ ਭੋਗਦਾ ਹੈ। ਉਹ ਆਪਣੇ ਪਿਤਾ ਦੇ ਸੰਸਕਾਰ ਲਈ ਪਿੰਡ ਦੇ ਸਿਵੇ ਵਿਚ ਖੜ੍ਹਾ ਅਖੌਤੀ ਨੀਵੀਂ ਜਾਤੀ ਦੇ ਹੀਣ ਬੋਧ ਨਾਲ ਜੁੜੀਆਂ ਗੰਢਾਂ ਵਿਚ ਕਤਰਾ ਕਤਰਾ ਮਨਫੀ ਹੁੰਦਾ ਜਾਂਦਾ ਹੈ। ਆਰਥਿਕ ਸੰਪੰਨਤਾ ਅਤੇ ਅਫਸਰੀ ਰੁਤਬੇ ਦੇ ਬਾਵਜੂਦ ਉਸਨੂੰ ਆਪਣੇ ਦਲਿਤ ਹੋਣ ਦਾ ਦਰਦ ਹੀਣ ਬੋਧ ਤੇ ਅਪਰਾਧੀ ਬਿਰਤੀ ਨਾਲ ਦੱਬੀ ਰੱਖਦਾ ਹੈ। ਉਸਨੂੰ ਜਿੱਥੇ ਆਪਣੇ ਪਿਤਾ ਰਤਨ ਸਿੰਘ ਨਾਲ ਪਿੰਡ ਵਿਚ ਹੁੰਦੇ ਭੇਦਭਾਵ ਯਾਦ ਆਉਂਦੇ ਹਨ, ਉੱਥੇ ਹੀ ਸ਼ਹਿਰ ਦੀ ਕੋਠੀ ਵਿਚ ਕੰਮ ਕਰਦੇ 'ਜੱਟ' ਦਾ ਟੈਗ ਲੱਗੇ ਮਜ਼ਦੂਰ ਦੇਬਾ ਦੀਆਂ ਤੰਗੀਆਂ ਤੁਰਸ਼ੀਆਂ ਦਿੱਸਦੀਆਂ ਹਨ। ਮੱਧਵਰਗੀ ਦ੍ਰਿਸ਼ਟੀਕੋਣ ਤੋਂ ਕਹਾਣੀਕਾਰ ਦਲਿਤ ਚਿੰਤਨ ਨੂੰ ਜਾਤੀ ਅਤੇ ਜਮਾਤੀ ਹੀਣ ਬੋਧ ਤਕ ਫੈਲਾ ਦੇ ਸਮਾਜ ਦੇ ਦੱਬੇ ਕੁਚਲੇ ਵਰਗ ਦੀ ਹੂਕ ਨੂੰ ਨਿਵੇਕਲੇ ਭਾਸ਼ਾਈ ਮੁਹਾਵਰੇ ਵਿਚ ਪ੍ਰਗਟ ਕਰਦਾ ਹੈ। ਕਹਾਣੀ 'ਪਰਿਕਰਮਾ' ਵਿਚ ਬਾਲ ਮਨ ਦੀ ਕੋਰੀ ਸਲੇਟ 'ਤੇ ਬਾਪੂ ਦੀ ਮੌਤ ਤੋਂ ਬਾਅਦ ਮਾਂ ਵੱਲੋਂ ਘਰ ਛੱਡ ਕੇ ਚਲੇ ਜਾਣ ਨਾਲ ਉਕਰੀਆਂ ਕਰੂਰ ਯਾਦਾਂ ਜੀਵਨ ਗੜਬੜਾ ਰੱਖਦੀਆਂ ਹਨ। ਕਹਾਣੀ ਦਾ 'ਮੈਂ' ਬਿਰਤਾਂਤਕਾਰ ਪਿਤਾ ਦੀ ਮੌਤ ਤੋਂ ਬਾਅਦ ਮਾਂ ਨਾਲ ਕਿਤੇ ਖਰੋੜਿਆਂ ਦੀ ਰੇਹੜੀ 'ਤੇ ਹੱਥ ਵਟਾਉਂਦਾ, ਕਿਤੇ ਮਾਂ ਨਾਲ ਹੁੰਦੀਆਂ ਛੇੜਖਾਨੀਆਂ ਦੇਖਦਾ ਅਜੀਬੋ ਗਰੀਬ ਕਿਸਮ ਦਾ ਦਮਿਤ ਬਚਪਨ ਭੋਗਦਾ ਹੈ। ਉਸਦੀ ਮਾਂ ਜੀਵਨ ਸਾਥੀ ਤੋਂ ਵਾਂਝੀ ਜ਼ਿੰਦਗੀ ਦੇ ਘਿਣਾਉਣੇ ਤੇ ਕਰੂਰ ਸੱਚ ਤੋਂ ਉਪਰਾਮ ਹੋ ਕੇ ਘਰ ਛੱਡ ਜਾਂਦੀ ਹੈ। 'ਮੈਂ' ਦਾ ਅਨਾਥ ਜੀਵਨ ਇੰਨਾ ਵਿਕ੍ਰਤ ਤੇ ਉਲਝਵਾਂ ਹੋ ਜਾਂਦਾ ਹੈ ਕਿ ਉਹ ਤਾਉਮਰ ਦੱਬੂ, ਬੇਵੱਸ ਅਤੇ ਦਮਿਤ ਜੀਵਨ ਹੰਢਾਉਂਦਾ ਹੈ। ਪਿੱਛਲਝਾਤ ਕਥਾ ਤਕਨੀਕ ਨਾਲ ਉਸਰੀ ਇਸ ਕਹਾਣੀ ਦਾ ਸਮੁੱਚਾ ਵਾਤਾਵਰਣ ਨਿਮਨ ਸ਼੍ਰੇਣੀਆਂ ਦੇ ਅਪਰਾਧ ਬੋਧ ਹੀਣ ਭਾਵਨਾ ਨਾਲ ਭਰੇ ਜੀਵਨ ਦੀ ਬਿਰਤਾਂਤਕਾਰੀ ਹੈ। ਘਰ ਦੀ ਸੰਸਥਾ ਵਿਚ ਔਰਤ ਮਰਦ ਵਿਚੋਂ ਇਕ ਦੀ ਅਣਹੋਂਦ ਨਾਲ ਪੈਦਾ ਹੁੰਦੀਆਂ ਮਾਨਸਿਕ ਗੰਢਾਂ ਨੂੰ ਵੀ ਕਹਾਣੀ ਆਪਣੇ ਵਸਤੂ ਦਾ ਹਿੱਸਾ ਬਣਾਉਂਦੀ ਹੈ। ਇਹ ਮਨੋ-ਗੰਢਾਂ ਰੋਗ ਬਣ ਕੇ ਬੱਚਿਆਂ ਦੀ ਮਾਨਸਿਕ ਖਲਬਲੀ ਤੇ ਦਾਬੂ ਜੀਵਨ ਦਾ ਹਿੱਸਾ ਬਣ ਜਾਂਦੀਆਂ ਹਨ। ਇਸੇ ਤਰ੍ਹਾਂ ਕਹਾਣੀ 'ਤ੍ਰਿਕਾਲ ਸੰਧਿਆ' ਵਿਚ ਔਰਤ ਵਿਹੂਣੇ ਘਰ ਵਿਚ ਮਰਦ ਦੀ ਅਜਨਬੀਅਤ ਭਰੀ ਹੋਂਦ ਦੇ ਪਲ ਪਲ ਪਿਘਲਣ ਦਾ ਬਿਰਤਾਂਤ ਮੱਧਵਰਗੀ ਕਥਾ ਦ੍ਰਿਸ਼ਟੀ ਤੋਂ ਸਿਰਜਿਆ ਗਿਆ ਹੈ। ਕਹਾਣੀ ਦੇ ਬਿਰਤਾਂਤਕਾਰ ਪਾਤਰ ਬਾਜਵਾ ਦੀ ਪਤਨੀ ਦੀ ਅੱਗ ਵਿਚ ਝੁਲਸਣ ਨਾਲ ਮੌਤ ਮਗਰੋਂ ਬਾਜਵਾ ਦੀਆਂ ਮਾਨਸਿਕ ਤੇ ਸਰੀਰਕ ਲੋੜਾਂ ਸਮਾਜਕ ਸਦਾਚਾਰ ਅਤੇ ਲੋਕ ਸਮਝੌਤੀਆਂ ਉੱਤੇ ਹਾਵੀ ਰਹਿੰਦੀਆਂ ਹਨ। ਉਹ ਔਰਤ ਦੇ ਸਾਥ ਲਈ ਬਿਹਬਲ ਹੋਇਆ ਮਾਨਸਿਕ ਟੁੱਟ-ਭੱਜ ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਸਮਾਜਕ ਮਾਨਤਾਵਾਂ ਦੇ ਤ੍ਰਾਹ, ਡਰ ਅਤੇ ਤੌਖਲਿਆਂ ਵਿਚ ਆਪਣੀਆਂ ਸਰੀਰਕ ਤੇ ਮਾਨਸਿਕ ਲੋੜਾਂ ਦਾ

ਦਮਨ ਕਰਦਾ ਜਾਂਦਾ ਹੈ। ਰਾਜਵੰਤ ਨਾਲ ਉਸਦੇ ਦੋਸਤਾਨਾ ਸੰਬੰਧ ਜਵਾਨ ਬੱਚਿਆਂ ਨੂੰ ਆਪਣੀ ਸਮਾਜਕ ਹੋਂਦ ਲਈ 'ਦਾਗ' ਲੱਗਦੇ ਹਨ। ਇੰਝ ਘਰ ਦੀ ਸੰਸਥਾ ਵਿਚ ਔਰਤ ਤੋਂ ਸੱਖਣੇ ਰਿਸ਼ਤਿਆਂ ਵਿਚ ਪਤੀ ਤੇ ਬੱਚੇ ਆਪੋ ਆਪਣੀਆਂ ਟਾਪੂਨੁਮਾ ਹਸਤੀਆਂ ਵਿਚ ਕੈਦ ਹੋਏ ਰਹਿੰਦੇ ਹਨ। ਬਾਜਵਾ ਆਪਣੀਆਂ ਦੇਹੀ ਲੋੜਾਂ ਦੀ ਪੂਰਤੀ ਲਈ ਜਿਸਮਫਰੋਸ਼ੀ ਦਾ ਧੰਦਾ ਕਰਦੀਆਂ ਔਰਤਾਂ ਦੇ ਝਾਂਸੇ ਵਿਚ ਆ ਕੇ ਆਰਥਿਕ ਤੇ ਮਾਨਸਿਕ ਲੁੱਟ ਕਰਵਾ ਕੇ ਅਤੀ ਮਾਯੂਸੀ ਵਿਚੋਂ ਗੁਜ਼ਰਦਾ ਹੈ। ਕਹਾਣੀ ਦੇ ਅੰਤ ਵਿਚ ਸਮਸ਼ੇਰ ਬਾਜਵਾ ਦੀ ਸੱਸ ਦੇ ਨਸੀਹਤੀ ਬੋਲ ਜ਼ਿੰਦਗੀ ਦੀ ਉਸ 'ਤ੍ਰਿਕਾਲ ਸੰਧਿਆ' ਦੇ ਦਰਸ਼ਨ ਨੂੰ ਸਪਲੀਮੈਂਟ ਕਰਦੇ ਹਨ ਜਿੱਥੇ ਅੰਦਰਲੀਆਂ ਦੁਬਿਧਾਵਾਂ ਅਤੇ ਬਾਹਰਲਾ ਸੰਸਾਰ ਇਕਮਿੱਕ ਤੇ ਇਕਚਿੱਤ ਹੋ ਕੇ ਸਬਰ ਸੰਤੋਖ ਭਰੇ ਜੀਵਨ ਵੱਲ ਅਹੁਲਦਾ ਹੋਵੇ। ਕਹਾਣੀ ਦੇ ਅੰਤ ਵਿਚ ਰਾਜਵੰਤ ਦੇ ਫੋਨ ਨੰਬਰ ਦੀ ਬੈੱਲ ਨਾਲ ਬਿਰਤਾਂਤਕਾਰ ਦੀਆਂ ਅੱਖਾਂ ਵਿਚਲੀ ਲਿਸ਼ਕ ਤੇ ਬੱਚਿਆਂ ਦੇ ਚਿਹਰੇ 'ਤੇ ਗਹਿਰੀ ਮੁਸਕਾਨ ਔਰਤ ਮਰਦ ਦੇ ਸਹਿਚਾਰ, ਸਹਿਹੋਂਦ ਤੇ ਸਮਨਵੈ ਨਾਲ ਉਸਰਦੇ 'ਘਰ' ਦੇ ਸੰਸਥਾਵੀ ਸਰੂਪ ਨੂੰ ਉਦਘਾਟਤ ਕਰਦੀ ਹੈ।

ਦੀਪ ਦੇਵਿੰਦਰ ਸਿੰਘ ਦੀਆਂ ਕਹਾਣੀਆਂ ਦੇ ਅਵਚੇਤਨ ਵਿਚ ਸਮਕਾਲ ਦੀ ਰਵਾਇਤੀ ਕਹਾਣੀ ਵਿਚਲੇ ਔਰਤ-ਮਰਦ ਸੰਬੰਧਾਂ ਦੇ ਅੰਤਰ ਵਿਰੋਧਾਂ ਦੀ ਥਾਂ ਔਰਤ ਤੇ ਮਰਦ ਤੋਂ ਸੱਖਣੇ 'ਘਰ' ਦੀਆਂ ਬੇਤਰਤੀਬੀਆਂ ਜਾ ਜ਼ਿਕਰ ਭਾਰੂ ਹੈ। ਉਹ ਜਿੱਥੇ ਮਾਂ ਬਾਹਰੇ ਬਚਪਨ ਦੇ ਵਿਕ੍ਰਿਤ ਰੂਪ ਦਾ ਕੁਸ਼ਲ ਚਿਤੇਰਾ ਹੈ, ਉੱਥੇ ਹੀ ਔਰਤ ਦੀਆਂ ਮਰਦ ਵਿਹੂਣੇ ਘਰ ਵਿਚ ਦਮਿਤ ਇੱਛਾਵਾਂ ਦਾ ਪੇਸ਼ਕਾਰ ਵੀ ਹੈ। ਔਰਤ, ਮਰਦ ਅਤੇ ਔਲਾਦ ਦੀ ਤਿਕੋਣ ਵਿਚ ਮਾਨਵੀ ਹੋਂਦ ਦੇ ਹਾਸ਼ੀਅਤ ਬੋਧ ਉਸਦੀਆਂ ਕਹਾਣੀਆਂ ਦੇ ਕੇਂਦਰ ਵਿਚ ਘੜੀ ਮੁੜੀ ਉਭਰਦੇ ਹਨ ਜਿਸ ਨਾਲ ਉਸਦੀ ਕਹਾਣੀ ਵਿਚਾਰਾਂ ਦੀ ਦੁਹਰਾਅ ਤੇ ਪਰਿਚਿਤ ਪੇਸ਼ਕਾਰੀ ਤਕ ਵੀ ਸਿਮਟਦੀ ਰਹਿੰਦੀ ਹੈ। 'ਪਰਿਕਰਮਾ' ਕਹਾਣੀ ਦਾ ਅਗਲਾ ਪਾਸਾਰ ਕਹਾਣੀ 'ਓੜਕਿ ਸਚਿ ਰਹੀ' ਵਿਚ ਦਰਜ ਹੈ। ਕਹਾਣੀ ਵਿਚ ਉਤਮ ਪੁਰਖੀ ਬਿਰਤਾਂਤਕਾਰ ਆਪਣੇ ਪਿਤਾ ਦੀ ਮੌਤ ਤੋਂ ਸਦਮੇ ਵਿੱਚ ਹੈ। ਉਸਨੂੰ ਆਪਣੀ ਮਾਂ ਦੇ ਹੋਰ ਮਰਦਾਂ ਨਾਲ ਸੰਬੰਧਾਂ ਦਾ ਭੇਤ ਪਤਾ ਹੈ ਤੇ ਇਹ ਭੇਤ ਉਸਦੇ ਮਨ ਅੰਦਰ ਬਰਮ ਬੱਝ ਕੇ ਬੈਠਾ ਰਹਿੰਦਾ ਹੈ। ਪਿਤਾ ਦੀ ਮੌਤ 'ਤੇ ਉਸਨੂੰ ਆਪਣੇ 'ਬਾਪ' ਦੇ ਕਿੰਨਰ ਹੋਣ ਦਾ ਪਤਾ ਚੱਲਦਾ ਹੈ ਤਾਂ ਉਸਨੂੰ ਆਪਣੀ ਮਾਂ ਦੇ ਆਪਹੁਦਰੇਪਨ, ਅਵੈੜੇ ਸੁਭਾਅ, ਪਿਤਾ ਨਾਲ ਕਲੇਸ਼ ਅਤੇ ਚਿੜਚਿੜੇ ਜੀਵਨ ਦਾ ਅਹਿਸਾਸ ਹੁੰਦਾ ਹੈ। ਕਹਾਣੀ ਆਪਣੇ ਗ਼ੈਰ ਵਿਸ਼ਵਾਸਯੋਗ ਵੇਰਵਿਆਂ ਤੇ ਅੰਤ ਦੇ ਬਾਵਜੂਦ ਪਾਠਕਾਂ ਨੂੰ ਪਾਤਰਾਂ ਦੀ ਮਾਨਸਿਕ ਟੁੱਟ-ਭੱਜ, ਨਿੱਕੇ-ਨਿੱਕੇ ਪਿੱਛਲਝਾਤੀ ਪ੍ਰਸੰਗਾਂ ਅਤੇ ਮਾਝੀ ਭਾਸ਼ਾ ਦੇ ਸੁਹਜ ਨਾਲ ਜੋੜੀ ਰੱਖਦੀ ਹੈ।

ਪੁਸਤਕ ਵਿਚਲੀਆਂ ਦੋ ਕਹਾਣੀਆਂ 'ਰੁੱਤੀ ਫਿਰੀ ਵਣ ਕੰਬਿਆ' ਅਤੇ 'ਵੇਲਾ ਕੁਵੇਲਾ' ਦੇਸ਼ ਦੀ 'ਆਜ਼ਾਦੀ ਤੇ ਉਜਾੜੇ' ਦੇ ਦਵੰਦ ਵਿਚ ਗੁਆਚੀ ਮਾਨਵੀ ਪਛਾਣ ਦੇ ਸੰਕਟਾਂ ਨੂੰ ਸੰਬੋਧਤ ਹਨ। ਪਹਿਲੀ ਕਹਾਣੀ ਵਿੱਚ ਉਜਾੜੇ ਦੇ ਦਰਦ ਨੂੰ ਲੇਖਕ 'ਰੁੱਤੀ ਫਿਰੀ ਵਣ ਕੰਬਣ' ਦੇ ਮੈਟਾਫਰ ਨਾਲ ਪੇਸ਼ ਕਰਦਾ ਤਾਰੋ ਨਾਂ ਦੀ ਗੂੰਗੀ ਔਰਤ ਦੇ ਉਧਾਲੇ ਤੇ ਦਰਬਦਰ ਹੋਣ ਦੀ ਭਾਵਪੂਰਤ ਪੇਸ਼ਕਾਰੀ ਕਰਦਾ ਹੈ। ਉਜਾੜੇ ਮੌਕੇ ਧਰਮ ਦਾ ਅਪਹਰਨ ਕਰਨ ਵਾਲੀ ਮਜ਼ਹਬੀ ਫਿਰਕਾਪ੍ਰਸਤੀ ਵਿਚ ਤਾਰੋ ਦੀ ਮਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ ਤੇ ਧਾੜਵੀ ਤਾਰੋ ਨੂੰ ਉਧਾਲ ਲੈਂਦੇ ਹਨ ਜਿਸਦੀ ਕੁੱਖੋਂ ਪੁੱਤਰ ਜਨਮ ਲੈਂਦਾ ਹੈ। ਤਾਰੋ ਕਰਮੇ ਅਤੇ ਗੁਲਜ਼ਾਰੀ ਦੇ ਘਰਾਂ ਵਿਚ ਪੈਸੇ ਵੱਟੇ ਵੇਚੀ ਜਾਂਦੀ ਹੈ ਤੇ ਉਸਦਾ ਪੁੱਤਰ ਇਸ ਘਿਣਾਉਣੀ ਜੂਨ ਵਿਚ ਪਲਦਾ ਖੁਰਦੁਰੇ, ਬੇਚੈਨ ਅਤੇ ਭਵੰਤਰੇ ਜੀਵਨ ਦਾ ਭਾਗੀ ਬਣਿਆ ਰਹਿੰਦਾ ਹੈ। ਕਹਾਣੀ ਵਿਚ ਤਾਰੋ ਨਾਲ ਹੋਏ ਵਹਿਸ਼ੀਪੁਣੇ ਦੀਆਂ ਧੁਨਾਂ ਵੰਡ ਦੇ ਸੰਤਾਪ ਦੇ ਨਾਲ ਨਾਲ ਮਰਦ ਪ੍ਰਧਾਨ ਪਿੱਤਰੀ ਸੱਤਾ ਦੀ ਕਰੂਰਤਾ ਵਿਚ ਪਈਆਂ ਪੇਸ਼ ਹੋਈਆਂ ਹਨ। ਇਹ ਧੁਨਾਂ ਉਸਦੇ ਪੁੱਤਰ ਨੂੰ ਆਪਣੀ ਖੰਡਿਤ ਪਛਾਣ ਦੇ ਸੰਕਟ ਵਜੋਂ ਭੋਗਣੀਆਂ ਪੈਂਦੀਆਂ ਹਨ। ਇਸੇ ਲਹਿਜੇ ਦੀ ਦੂਜੀ ਕਹਾਣੀ 'ਵੇਲਾ-ਕੁਵੇਲਾ' ਵਿਚ ਉੱਤਮ ਪੁਰਖੀ ਬਿਰਤਾਂਤਕਾਰ ਵੰਡ ਦੇ ਉਜਾੜੇ ਮੌਕੇ ਮੁਸਲਮਾਨਾਂ ਦੇ ਕਤਲੇਆਮ ਵਿਚ ਸ਼ਰੀਕ ਰਿਹਾ ਬਾਪੂ ਭੂਤਕਾਲ ਦੀਆਂ ਭਿਆਨਕ ਤੇ ਕਰੂਰ ਯਾਦਾਂ ਨਾਲ ਬੇਪਛਾਣ ਤੇ ਅਪਰਾਧੀ ਬਿਰਤੀ ਦਾ ਗੁਲਾਮ ਹੋ ਕੇ ਰਹਿ ਗਿਆ ਹੈ। ਬਾਪੂ ਚੈਂਚਲ ਸਿੰਘ ਜਿੱਥੇ ਪ੍ਰਵਾਨਤ ਰਿਸ਼ਤਿਆਂ ਦੀ ਥਾਂ

ਵਰਜਿਤ ਸੰਬੰਧਾਂ ਦੀ ਰਾਮਕਾਰ ਵਿਚ ਉੱਖੜਿਆ ਜੀਵਨ ਜੀਉਂਦਾ ਰਿਹਾ ਉੱਥੇ ਹੀ ਉਸਦੇ ਅਵਚੇਤਨ ਵਿਚ ਸੰਤਾਲੀ ਦੇ ਰੌਲੇ ਮੌਕੇ ਵੱਢੇ ਟੁੱਕੇ ਮੁਸਲਮਾਨ, ਬੇਪਤ ਔਰਤਾਂ ਅਤੇ ਕੁਰਲਾਂਦੇ ਬੱਚਿਆਂ ਦੇ ਚਿਹਰੇ ਖੌਰੂ ਪਾਉਂਦੇ ਰਹੇ। ਕਹਾਣੀ ਦਾ ਸਮੁੱਚਾ ਨਿਭਾਅ ਬਾਪੂ ਦੇ ਅੰਤਿਮ ਸੰਸਕਾਰਾਂ ਮੌਕੇ ਪੁੱਤਰ ਦੇ ਚੇਤਨ ਅਵਚੇਤਨ ਘੋਲਾਂ ਵਿਚੋਂ ਗੁਜ਼ਰਦਾ ਅੰਤ ਮੌਕੇ ਬਾਪੂ ਨੂੰ 'ਬਦੀ ਦੇ ਅੰਤ' ਨਾਲ ਤਸਲੀਮ ਕਰਦਾ ਹੈ।

ਦੀਪ ਦੇਵਿੰਦਰ ਸਿੰਘ ਦੇ ਇਸ ਕਥਾ ਸੰਗ੍ਰਹਿ ਨੂੰ ਪੰਜਾਬੀ ਕਹਾਣੀ ਦਾ ਅਹਿਮ ਵਾਧਾ ਕਹਿ ਸਕਦੇ ਹਾਂ। **-(ਡਾ.) ਜੇ.ਬੀ. ਸੇਖੋਂ**

## ਆਈ ਲਾਚਾ (ਕਹਾਣੀ ਸੰਗ੍ਰਹਿ) ਅਨੇਮਨ ਸਿੰਘ

ਅਨੇਮਨ ਪੰਜਾਬੀ ਕਹਾਣੀ ਜਗਤ ਵਿਚ ਚਰਚਿਤ ਨਾਂ ਹੈ। ਅੱਜੋਕੇ ਸਮੇਂ ਵਿਚ ਪੰਜਾਬੀ ਕਹਾਣੀ ਵਿਚ ਕਾਰਜਸ਼ੀਲ ਪ੍ਰਤਿਭਾਸ਼ਾਲੀ ਕਹਾਣੀਕਾਰਾਂ ਦੀ ਗਿਣਤੀ ਕਰੀਏ ਤਾਂ ਅਨੇਮਨ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਉਸ ਨੇ ਹੁਣ ਤਕ ਦੋ ਕਹਾਣੀ ਸੰਗ੍ਰਹਿ 'ਗਲੀ ਨੰਬਰ ਕੋਈ ਨਹੀਂ' ਅਤੇ 'ਨੂਰੀ' ਪੰਜਾਬੀ ਕਹਾਣੀ ਦੇ ਪਾਠਕਾਂ ਦੀ ਝੋਲੀ ਵਿਚ ਪਾਏ ਹਨ। ਇਨ੍ਹਾਂ ਤੋਂ ਇਲਾਵਾ ਉਹ ਸੰਪਾਦਨਾ ਤੇ ਅਨੁਵਾਦ ਦੇ ਕਾਰਜ ਖੇਤਰ ਵਿਚ ਵੀ ਕਿਰਿਆਸ਼ੀਲ ਹੈ। 'ਸੰਗਲੀ', 'ਸਪੀਡ ਪੋਸਟ' ਤੇ 'ਬੀ ਪੌਜ਼ੇਟਿਵ ਯਾਰ' ਉਸ ਦੇ ਸੰਪਾਦਤ ਕਹਾਣੀ ਸੰਗ੍ਰਹਿ ਹਨ ਅਤੇ 'ਆਤਮ ਵਿਕਾਸ ਦਾ ਮਾਰਗ' (ਲਾਲਾ ਹਰਦਿਆਲ) ਅਤੇ 'ਤਮਸ' (ਭੀਸ਼ਮ ਸਾਹਨੀ) ਉਸ ਦੇ ਗੌਲਣਯੋਗ ਅਨੁਵਾਦ ਕਾਰਜ ਹਨ। ਹੁਣ ਅਨੇਮਨ ਆਪਣਾ ਤੀਜਾ ਕਹਾਣੀ ਸੰਗ੍ਰਹਿ 'ਆਈ ਲਾਚਾ' (ਪੰਨੇ 111, ਕੀਮਤ 250 ਰੁਪਏ, ਸਾਹਿਬਦੀਪ ਪਬਲੀਕੇਸ਼ਨ) ਲੈ ਕੇ ਹਾਜ਼ਰ ਹੋਇਆ ਹੈ।

ਹੱਥਲੀ ਪੁਸਤਕ ਵਿਚ ਕੁਲ ਅੱਠ ਕਹਾਣੀਆਂ ਦਰਜ ਹਨ ਜੋ ਵੱਖਰੇ ਤੇ ਨਿਵੇਕਲੇ ਵਿਸ਼ਿਆਂ ਨੂੰ ਕਲਾਵੇ ਵਿਚ ਲੈਂਦੀਆਂ ਹਨ। ਪੁਸਤਕ ਦੀ ਸਿਰਨਾਵੀਂ ਕਹਾਣੀ 'ਆਈ ਲਾਚਾ' ਕਬੀਲਾਈ ਰਵਾਇਤਾਂ, ਕਬੀਲਾਈ ਜੀਵਨ, ਮਨੋਵਿਗਿਆਨ ਤੇ ਮਨੁੱਖੀ ਹੋਣੀ ਨੂੰ ਆਧੁਨਿਕ ਸਮਾਜ ਦੇ ਪ੍ਰਸੰਗ ਵਿਚ ਪੇਸ਼ ਕਰਦੀ ਹੈ। ਕਹਾਣੀ ਉੱਤਮ ਪੁਰਖੀ ਬਿਰਤਾਂਤਕਾਰ ਦੀ ਸ਼ੈਲੀ ਰਾਹੀਂ ਬਿਆਨ ਕੀਤੀ ਗਈ ਹੈ। ਅਸਲ ਵਿਚ ਕਹਾਣੀ ਮੈਂ ਪਾਤਰ ਦੇ ਕਬੀਲਾਈ ਜੀਵਨ ਪੱਧਰ ਤੋਂ ਅੱਜੋਕੇ ਸਮਾਜ ਦਾ ਹਿੱਸਾ ਬਣਨ ਤਕ ਦੇ ਸਫ਼ਰ ਦੀ ਅਤੇ ਸਫ਼ਰ ਵਿਚ ਆਈਆਂ ਸਮੱਸਿਆਵਾਂ, ਚਣੌਤੀਆਂ, ਦੁਸ਼ਵਾਰੀਆਂ ਆਦਿ ਦੇ ਨਾਲ-ਨਾਲ ਮਾਨਵੀ ਸੰਵੇਦਨਾ, ਕਾਮੁਕ ਲੋੜਾਂ, ਮਨੋਵਿਗਿਆਨਕ ਸੂਝ ਤੇ ਅਕਾਂਖਿਆਵਾਂ ਦੇ ਸਰੂਪ ਵਿਚ ਆਏ ਰੂਪਾਂਤਰਨ ਨੂੰ ਰੂਪਮਾਨ ਕਰਦੀ ਹੈ। ਮੈਂ ਪਾਤਰ ਆਪਣੀ ਧੀ ਰੂਪਨ ਦੇ ਪੁਲਿਸ ਵਿਚ ਭਰਤੀ ਹੋਣ ਤੇ ਉਸ ਦੇ ਸੰਵੇਦਨਸ਼ੀਲ ਤੇ ਆਪਣੀ ਜੱਦ ਪ੍ਰਤੀ ਚੇਤੰਨ ਹੋਣ ਨਾਲ ਆਪਣੇ ਜੀਵਨ ਨੂੰ ਸਫ਼ਲ ਹੋਇਆ ਮੰਨਦੀ ਹੈ ਅਤੇ ਪੁੱਤਰ ਦੇ ਪਰਵਾਸ ਜਾਣ ਦੇ ਸੁਖਦ ਅਹਿਸਾਸ ਨਾਲ ਕਹਾਣੀ ਅੰਤ ਵੱਲ ਵੱਧਦੀ ਹੈ। ਆਈ ਲਾਚਾ ਦੇ ਸਰਾਪ ਦੀ ਮਿੱਥ ਅਤੇ ਕਬੀਲਾਈ ਕਦਰਾਂ-ਕੀਮਤਾਂ, ਸਭਿਆਚਾਰ ਨੂੰ ਕਹਾਣੀ ਵਿਚ ਗੋਕਲ ਦੇ ਵਿਵਹਾਰ ਦੇ ਪ੍ਰਸੰਗ ਵਿਚ ਪੇਸ਼ ਕੀਤਾ ਗਿਆ ਹੈ।

ਕਹਾਣੀ 'ਸਾਂਈ' ਮੈਂ ਪਾਤਰ ਦੀਆਂ ਮਾਨਸਿਕ ਗੁੰਝਲਾਂ ਨੂੰ ਉਜਾਗਰ ਕਰਦੀ ਹੈ। ਮੈਂ ਪਾਤਰ ਦਾ ਪਤੀ ਰਵੀ ਮਾਪਿਆਂ ਦਾ ਲਾਡਲਾ ਹੋਣ ਕਾਰਨ ਵਿਹਲੜ, ਆਵਾਰਾਗਰਦ ਤੇ ਫਿਰ ਨਸ਼ਈ ਬਣ ਜਾਂਦਾ ਹੈ। ਰਵੀ ਨੂੰ ਸਿੱਧੇ ਰਾਹ 'ਤੇ ਪਾਉਣ ਲਈ ਪੰਜਾਬੀ ਸਮਾਜ ਦੀ ਆਮ ਸੂਝ ਮੁਤਾਬਕ ਉਸਦਾ ਵਿਆਹ ਕਰ ਦਿੱਤਾ ਜਾਂਦਾ ਹੈ, ਜਿੱਥੋਂ ਮੈਂ ਪਾਤਰ ਦੇ ਦੁਖਾਂਤ ਦਾ ਆਰੰਭ ਹੁੰਦਾ ਹੈ, ਅਤੇ ਉਸਦੀ ਅਗਲੀ ਪੀੜ੍ਹੀ ਅਥਵਾ ਧੀ ਸਨੇਹ ਦੁਆਰਾ ਪਿਉ ਨੂੰ ਬਚਾਉਣ ਲਈ ਆਪਣਾ ਗੁਰਦਾ ਦੇਣ ਦੀ ਕੱਥ ਨਾਲ ਸਿਖਰ ਨੂੰ ਛੂੰਹਦਾ ਹੈ। ਕਹਾਣੀ ਵਿਚ ਪੰਜਾਬੀ ਸਮਾਜ ਵਿਚ ਗ਼ੈਰ-ਜ਼ਿੰਮੇਵਾਰ ਮਰਦ ਦੇ ਵਿਵਹਾਰ ਅਤੇ ਪਰਿਵਾਰਕ ਤੇ ਸਮਾਜਕ ਜ਼ਿੰਮੇਵਾਰੀਆਂ ਰੂਪੀ ਪੁੜਾਂ ਵਿਚ ਪਿਸ ਰਹੀ ਔਰਤ ਨੂੰ ਵਿਖਾਇਆ ਗਿਆ ਹੈ। ਕਹਾਣੀ ਵਿਚ ਮੈਂ ਪਾਤਰ ਰਾਹੀਂ ਔਰਤ ਦੇ ਵਰਤਮਾਨ, ਸੱਸ ਦੇ ਰੂਪ ਵਿਚ ਅਤੀਤ ਤੇ ਸਨੇਹ (ਧੀ) ਦੇ ਰੂਪ ਵਿਚ ਭਵਿੱਖ ਨੂੰ ਜ਼ਿੰਦਗੀ ਨੂੰ ਆਪਣੇ ਮੋਢਿਆਂ 'ਤੇ ਢੋਂਹਦੀ ਵੇਖਿਆ ਜਾ ਸਕਦਾ ਹੈ।

'ਚੁਸਕੂ' ਕਹਾਣੀ ਮਵਿਚ ਨੁੱਖ ਦੀਆਂ ਅਧੂਰੀਆਂ ਇੱਛਾਵਾਂ ਤੇ ਅਕਾਂਖਿਆਵਾਂ ਕਾਰਨ ਮਨ

ਵਿਚ ਬਣੀਆਂ ਗੰਢਾਂ ਤੇ ਗੁੰਝਲਾਂ ਤੋਂ ਪ੍ਰਭਾਵਤ ਮਨੋਵਿਗਿਆਨ ਨੂੰ ਗਲਪੀ ਬਿੰਬ ਵਿਚ ਪੇਸ਼ ਕੀਤਾ ਗਿਆ ਹੈ। ਇਹ ਕਹਾਣੀ ਵੀ ਬਾਕੀ ਕਹਾਣੀਆਂ ਵਾਂਗ ਉੱਤਮ ਪੁਰਖੀ ਬਿਰਤਾਂਤਕਾਰ ਦੀ ਸ਼ੈਲੀ ਵਿਚ ਬਿਆਨੀ ਗਈ ਹੈ। ਕਹਾਣੀ ਦਾ ਮੁੱਖ ਪਾਤਰ ਸੁਰੇਸ਼ ਆਪਣੀਆਂ ਬਚਪਨ ਦੀਆਂ ਅਤ੍ਰਿਪਤ ਇੱਛਾਵਾਂ ਕਾਰਨ ਮਨੋਵਿਗਿਆਨਕ ਵਿਗਾੜ ਜਾਂ ਰੋਗ ਦਾ ਸ਼ਿਕਾਰ ਹੁੰਦਾ ਹੈ। ਉਹ ਕਹਾਣੀ ਵਿਚ ਪਹਿਲਾਂ ਸੋਨੀਆ ਤੇ ਫਿਰ ਰਾਵੀ ਦੀ ਛਾਤੀ ਦੇ ਉਭਾਰਾਂ ਵੱਲ ਆਕਰਸ਼ਤ ਹੁੰਦਾ ਹੈ ਅਤੇ ਬੱਚੇ ਵਾਂਗ ਛਾਤੀ ਨਾਲ ਖੇਡਣ ਦੀ ਇੱਛਾ ਦੇ ਰੋਗ ਬਣਨ ਤਕ ਦਾ ਸਫ਼ਰ ਤੈਅ ਕਰ ਚੁੱਕਿਆ ਹੈ। ਸੋਨੀਆ ਦੇ ਘਰ ਮਿਲਣ ’ਤੇ ਸੁਰੇਸ਼ ਦੇ ਮਾਨਸਿਕ ਬਿਮਾਰ ਹੋਣ ਦੀ ਪੁਸ਼ਟੀ ਹੋ ਜਾਂਦੀ ਹੈ ਹਾਲਾਂਕਿ ਜਿਸ ਤੋਂ ਉਹ ਖੁਦ ਵੀ ਅਣਜਾਨ ਨਹੀਂ। ਆਪਣੇ ਮਾਨਸਿਕ ਵਿਗਾੜ ਨੂੰ ਠੀਕ ਕਰਨ ਲਈ ਉਸਨੂੰ ਮਨੋਵਿਗਿਆਨੀ ਦਾ ਸਹਾਰਾ ਲੈਣਾ ਪੈਂਦਾ ਹੈ। ਪਰ ਰਾਵੀ ਦੀ ਸਰੀਰਕ ਬਣਤਰ ਕਾਰਨ ਉਸ ਦੀਆਂ ਵਿਹਾਰ ਵਿਚ ਮੁੜ ਤੋਂ ਆਏ ਪਰਿਵਰਤਨ ਕਾਰਨ ਮੁੱਖ ਪਾਤਰ ਦੀ ਸਮੱਸਿਆ ਕਹਾਣੀ ਦੇ ਅੰਤ ਤਕ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ।

ਕਹਾਣੀ ‘ਵਿਗੋਚਾ’ ਵੀ ਮਾਨਸਿਕ ਰੋਗ ਦੀਆਂ ਪਰਤਾਂ ਨੂੰ ਉਜਾਗਰ ਕਰਨ ਵੱਲ ਅਗਰਸਰ ਹੁੰਦੀ ਹੈ। ਇਸ ਵਿਚ ਪਹਿਲਾ ਪੱਖ ਤਾਂ ਇੰਸਪੈਕਟਰ ਦੁਰਯੋਧ ਦੇ ਕਾਮੁਕ ਉਲਾਰ, ਜੋ ਮਾਨਸਿਕ ਵਿਕਾਰ ਦੀ ਹੱਦ ਤਕ ਪਹੁੰਚ ਚੁੱਕਾ ਹੈ, ਦੇ ਰੂਪ ਵਿਚ ਪੇਸ਼ ਹੋਇਆ ਹੈ। ਉਹ ਆਪਣੇ ਇਸੇ ਮਨੋਵਿਗਿਆਨਕ ਵਿਕਾਰ ਕਾਰਨ ਪਹਿਲਾਂ ਆਪਣੀ ਪਤਨੀ ਤੇ ਧੀ ਨੂੰ ਕਤਲ ਕਰਦਾ ਹੈ ਅਤੇ ਅੰਤ ਆਪ ਵੀ ਕਾਮ ਉਤੇਜਕ ਗੋਲੀਆਂ ਦੀ ਵੱਧ ਮਾਤਰਾ ਕਾਰਨ ਮਰ ਜਾਂਦਾ ਹੈ। ਕਹਾਣੀ ਵਿਚ ਦੂਜਾ ਪੱਖ ਇਕ ਵਿਧਵਾ ਔਰਤ ਪ੍ਰਤੀ ਸਮਾਜਕ ਰਵੱਈਆ ਹੈ। ਹਰਨੀਤ ਨੂੰ ਉਸਦੇ ਪਤੀ ਦੇ ਮਰਨ ਮਗਰੋਂ ਦੁਰਯੋਧ ਦੁਆਰਾ ਬਲੈਕਮੇਲ ਕਰਕੇ ਆਪਣੀਆਂ ਸਰੀਰਕ ਲੋੜਾਂ ਦੀ ਪੂਰਤੀ ਲਈ ਸਾਧਨ ਵਜੋਂ ਵਰਤਿਆ ਜਾਂਦਾ ਹੈ ਅਤੇ ਸੈਕਸ ਵਰਕਰ ਵਰਗੀ ਜ਼ਿੰਦਗੀ ਬਤੀਤ ਕਰਨ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ। ਸਮਾਜ ਵਿਚ ਇਕੱਲੀ ਔਰਤ ਦੇ ਦੁਖਾਂਤ ਦਾ ਸਿਖਰ ਉਸ ਵੇਲੇ ਹੋ ਜਾਂਦਾ ਹੈ ਜਦੋਂ ਦੁਰਯੋਧ ਦੇ ਮਰਨ ਬਾਅਦ ਵੀ ਹਰਨੀਤ ਦੇ ਸ਼ੋਸ਼ਣ ਦਾ ਸਿਲਸਿਲਾ ਰੁਕਦਾ ਵਿਖਾਈ ਨਹੀਂ ਦਿੰਦਾ।

‘ਕਾਰਾ ਮਹੰਤ’ ਕਹਾਣੀ ਵਿਚ ਪੰਜਾਬ ਦੇ ਗੁਰਦੁਆਰਿਆਂ ਦੇ ਪ੍ਰਸ਼ਾਸਨਕ ਤੇ ਸਮਾਜਕ ਪ੍ਰਬੰਧ ਦੀ ਜ਼ਮੀਨੀ ਹਾਲਤ ਨੂੰ ਪ੍ਰਗਟ ਕੀਤਾ ਗਿਆ ਹੈ। ਕਹਾਣੀ ਦਾ ਮੁੱਖ ਪਾਤਰ ਕਾਰਾ ਆਪਣੀ ਮਾਂ ਨਾਲ ਬਿਹਾਰ ਵਿਚਲੀ ਕਮਜੋਰ ਆਰਥਿਕਤਾ ਕਾਰਨ ਟਰੱਕ ਡਰਾਈਵਰ ਦੇ ਨਾਲ ਪੰਜਾਬ ਵਿਚ ਆ ਕੇ ਵਸ ਜਾਂਦਾ ਹੈ ਅਤੇ ਘੱਟ ਜ਼ਮੀਨ ਕਾਰਨ ਗੁਰਦੁਆਰੇ ਦਾ ਮਹੰਤ ਬਣ ਜਾਂਦਾ ਹੈ। ਸਿਆਸਤ ਆਪਣੀ ਹੋਂਦ ਤੇ ਤਾਕਤ ਬਣਾਈ ਰੱਖਣ ਲਈ ਕਿਵੇਂ ਕਿਸੇ ਵੀ ਹੱਦ ਤਕ ਜਾ ਸਕਦੀ ਹੈ ਅਤੇ ਕਿਵੇਂ ਵਿਰੋਧੀ ਤਾਕਤਾਂ ਨਾਲ ਗਠਜੋੜ ਕਰਦੀ ਹੈ, ਇਸ ਵੱਲ ਕਹਾਣੀ ਵਿਚ ਸੰਕੇਤ ਮਿਲਦਾ ਹੈ।

‘ਪਾਰਟੀ’ ਕਹਾਣੀ ਪੰਜਾਬ ਸੰਕਟ ਦੇ ਸਮੇਂ ਦੀ ਬਾਤ ਪਾਉਂਦੀ ਹੈ ਅਤੇ ਨਾਲ ਹੀ ਪੰਜਾਬ ਦੇ ਪੇਂਡੂ ਖੇਤਰ ਵਿਚਲੇ ਸਿਖਿਆ ਪ੍ਰਬੰਧ ਵਿਚ ਆ ਚੁੱਕੀਆਂ ਅਲਾਮਤਾਂ ਦਾ ਪਰਦਾ ਚਾਕ ਕਰਦੀ ਹੈ। ਕਹਾਣੀ ਵਿਚ ਪੇਂਡੂ ਸਕੂਲ ਦੇ ਡੀ.ਪੀ.ਈ. ਮਾਸਟਰ ਵੱਲੋਂ ਬੱਚਿਆਂ ਲਈ ਵਰਤੀ ਜਾਂਦੀ ਭਾਸ਼ਾ ’ਤੇ ਸਵਾਲੀਆ ਨਿਸ਼ਾਨ ਲਗਾਇਆ ਗਿਆ ਹੈ ਅਤੇ ਨਾਲ ਹੀ ਸਕੂਲੀ ਮਾਸਟਰਾਂ ਦੇ ਇਖ਼ਲਾਕ ਤੇ ਗ਼ੈਰ-ਜ਼ਿੰਮੇਵਾਰਨਾ ਰਵੱਈਏ ਨੂੰ ਨਸ਼ਰ ਕੀਤਾ ਗਿਆ ਹੈ। ‘ਚੀਸ’ ਕਹਾਣੀ ਵਿਚ 1947 ਦੀ ਪੰਜਾਬ ਦੀ ਵੰਡ ਵੇਲੇ ਦੇ ਜ਼ਖ਼ਮਾਂ ਦੇ ਸਮਾਨਾਂਤਰ ਭਾਰਤ-ਪਾਕਿ ਲਾਂਘਾ ਖੁੱਲਣ ਨਾਲ ਪੰਜਾਬੀ ਮਾਨਸਿਕਤਾ ’ਤੇ ਪਏ ਪ੍ਰਭਾਵ ਨੂੰ ਰੂਪਮਾਨ ਕੀਤਾ ਗਿਆ ਹੈ। ‘ਰਾਮ ਕਹਾਣੀ’ ਮੈਂ ਪਾਤਰ ਦੇ ਪਰਿਵਾਰਕ, ਸਮਾਜਕ, ਆਰਥਿਕ ਤੇ ਮਨੋਵਿਗਿਆਨਕ ਸੰਕਟਾਂ ਦੀ ਕਹਾਣੀ ਹੈ। ਇਸ ਵਿਚ ਨਸ਼ਿਆਂ ਕਾਰਨ ਹੋ ਰਹੀ ਪਰਿਵਾਰਕ ਬਰਬਾਦੀ ਤੇ ਮਾਨਸਿਕ ਵਿਗਾੜਾਂ ਨੂੰ ਕੇਂਦਰੀ ਸਮੱਸਿਆ ਦੇ ਰੂਪ ਵਿਚ ਚਿਤਰਿਆ ਗਿਆ ਹੈ। ਕਹਾਣੀ ਦਾ ਪਾਤਰ ਭਾਗਾ ਵੀ ਆਪਣੇ ਬਾਪ ਵਾਂਗ ਸਰਦਾਰਾਂ ਲਈ ਸ਼ਰਾਬ ਕੱਢਦਾ ਪਹਿਲਾਂ ਪੀਣ ਲੱਗਦਾ ਹੈ ਤੇ ਫਿਰ ਆਦੀ ਹੋ ਆਪਣੇ ਮਾਨਵੀ ਇਖ਼ਲਾਕ ਤੋ ਵੀ ਗਿਰ ਜਾਂਦਾ ਹੈ। ਮੈਂ ਪਾਤਰ ਭਾਗੇ ਦੇ ਅੰਬੋ ਨਾਲ ਕੀਤੀ ਕੁਕਰਮ ਦੀ ਕੋਸ਼ਿਸ਼ ਦੀ ਸਜ਼ਾ ਵਜੋਂ, ਉਸ ਨੂੰ ਮਾਰ ਦਿੰਦਾ ਹੈ ਅਤੇ ਆਪ ਮਾਨਸਿਕ ਤੌਰ ’ਤੇ ਪੀੜਾ ਹੰਢਾਉਂਦਾ ਹੈ।

ਕਹਾਣੀਕਾਰ ਨੇ ਹੱਥਲੀ ਪੁਸਤਕ ਵਿਚ ਜਿੱਥੇ ਕੁਝ ਨਵੇਂ ਵਿਸ਼ਿਆ ਨੂੰ ਚੁਣਨ ਦੀ ਦਲੇਰੀ ਵਿਖਾਈ ਹੈ, ਉੱਥੇ ਵਿਸ਼ਿਆਂ ਨਾਲ ਨਿਆਂ ਵੀ ਕੀਤਾ ਹੈ। ਪੁਸਤਕ ਵਿਚਲੀਆਂ ਕਹਾਣੀਆਂ ਪੰਜਾਬੀ ਬੰਦੇ ਦੀਆਂ ਆਰਥਿਕ, ਸਮਾਜਕ, ਸਭਿਆਚਾਰਕ, ਰਾਜਨੀਤਕ, ਨੈਤਿਕ ਤੇ ਮਨੋਵਿਗਿਆਨਕ ਸਮੱਸਿਆਵਾਂ ਪੇਸ਼ ਕਰਨ ਦੇ ਨਾਲ ਉਹਨਾਂ ਸਮੱਸਿਆਵਾਂ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਤੱਤਾਂ ਦੀ ਪਛਾਣ ਵੱਲ ਵੀ ਅਗਰਸਰ ਹਨ। ਲਗਪਗ ਸਾਰੀਆਂ ਕਹਾਣੀਆਂ ਵਿਚ ਉੱਤਮ ਪੁਰਖੀ ਬਿਰਤਾਂਤਕਾਰ ਦੀ ਜੁਗਤ ਵਰਤੀ ਗਈ ਹੈ। ਬਿਰਤਾਂਤ ਦੀ ਗਤੀ ਤੇਜ਼ ਅਤੇ ਗੋਂਦ ਗੁੰਦਵੀਂ ਹੋਣ ਕਾਰਨ ਕਹਾਣੀਆਂ ਵਿਚ ਕਥਾ ਰਸ ਬਣਿਆ ਰਹਿੰਦਾ ਹੈ। ਕਹਾਣੀਆਂ ਦਾ ਆਰੰਭ ਰਹੱਸਾਤਮਕ ਹੈ ਜਿਸ ਕਾਰਨ ਪਾਠਕ ਦੇ ਮਨ ਵਿਚ ਅੱਗੇ ਜਾਣਨ ਦੀ ਜਿਗਿਆਸਾ ਬਣੀ ਰਹਿੰਦੀ ਹੈ। ਕਿਤੇ-ਕਿਤੇ ਵਰਣਨਾਤਮਕਤਾ ਵਧੇਰੇ ਜਾਪਦੀ ਹੈ ਪਰ ਕਹਾਣੀ ਰਹੱਸ ਤੇ ਘਟਨਾਵਾਂ ਦਾ ਸੰਘਣਾਪਣ ਉਸ ਨੂੰ ਢਕ ਲੈਂਦਾ ਹੈ। ਨਿਰਸੰਦੇਹ ਅਨੇਮਨ ਸਿੰਘ ਦੀ ਇਹ ਪੁਸਤਕ ਪੰਜਾਬੀ ਕਹਾਣੀ ਸਾਹਿਤ ਵਿਚ ਮੁੱਲਵਾਨ ਵਾਧਾ ਹੈ। **–ਪਰਗਟ ਸਿੰਘ**

## 1947 (ਨਾਵਲ) ਪਰਗਟ ਸਿੰਘ ਸਤੌਜ

ਦੇਸ਼ ਦੀ ਵੰਡ ਬਾਰੇ ਸਾਹਿਤ ਦੀ ਹਰ ਵਿਧਾ ਵਿਚ ਲਿਖਿਆ ਗਿਆ, ਕਲਾ ਦੀਆਂ ਹੋਰ ਵੰਨਗੀਆਂ ਵਿਚ ਵੀ ਇਸ ਦਰਦ ਨੂੰ ਉਭਾਰਿਆ ਗਿਆ। ਪਰ ਇਹ ਸੰਤਾਪ ਐਸਾ ਸੀ ਕਿ ਅਜੇ ਤਕ ਵੀ ਪੂਰੀ ਤਰ੍ਹਾਂ ਚਿਤਰਿਆ ਨਹੀਂ ਜਾ ਸਕਿਆ। ਹੋਣੀਆਂ ਕਹਾਣੀਆਂ ਅਜੇ ਵੀ ਇਸ ਸੰਤਾਪ ਦੀ ਯਾਦ ਕਰਵਾਉਣ ਕਿਸੇ ਨਾ ਕਿਸੇ ਰੂਪ ਵਿਚ ਚੇਤਿਆਂ ਦੀ ਚਿਲਮਣ ਵਿਚੋਂ ਚਮਕ ਪੈਂਦੀਆਂ ਹਨ। ਸਾਹਿਤ ਅਤੇ ਦੂਜੀਆਂ ਕਲਾ ਵੰਨਗੀਆਂ ਰਾਹੀਂ ਨਵੀਂ ਪੀੜ੍ਹੀ ਤਕ ਪਹੁੰਚਿਆ ਇਹ ਦਰਦ ਅਨੁਭਵ ਕੀਤਾ ਜਾ ਸਕਦਾ ਹੈ ਪਰ ਇਸਦੀ ਭਿਆਨਕਤਾ ਨੂੰ ਅੱਖੀਂ ਦੇਖਣ ਵਾਲਿਆਂ ਵਾਂਗ ਮਹਿਸੂਸ ਨਹੀਂ ਕੀਤਾ ਜਾ ਸਕਦਾ। ਨਵੀਂ ਪੀੜ੍ਹੀ ਦੇ ਲੇਖਕਾਂ ਵਿਚੋਂ ਪਰਗਟ ਸਿੰਘ ਸਤੌਜ ਨੂੰ ਇਸ ਵਿਸ਼ੇ ਨਾਲ ਖਾਸਾ ਲਗਾਵ ਹੈ। ਪਹਿਲਾਂ ਉਹ ਵੰਡ ਨਾਲ ਸੰਬੰਧਤ ਕਹਾਣੀਆਂ ਦੀ ਕਿਤਾਬ 'ਸੰਤਾਪ 1947' ਸੰਪਾਦਤ ਕਰ ਚੁੱਕਾ ਹੈ। ਉਸਦੀ ਉਤਸੁਕਤਾ ਵਿਚੋਂ ਹੱਥਲਾ ਛੇਵਾਂ ਨਾਵਲ '1947' (ਕੈਲੀਬਰ ਪ੍ਰਕਾਸ਼ਨ, ਪਟਿਆਲਾ, ਪੰਨੇ 144, ਮੁੱਲ 195 ਰੁਪਏ) ਇਸੇ ਵਿਸ਼ੇ ਦੀਆਂ ਸੰਭਾਵਨਾਵਾਂ ਭਰੀਆਂ ਤੰਦਾਂ ਫੜਨ ਦੀ ਕੋਸ਼ਿਸ਼ ਵਿਚੋਂ ਨਿਕਲਿਆ ਹੈ।

ਨਾਵਲ ਦਾ ਬਿਰਤਾਂਤ ਨਫ਼ਰਤ ਅਤੇ ਮੁਹੱਬਤ ਦੇ ਆਪਸੀ ਟਕਰਾਓ ਦਾ ਵਿਸਥਾਰ ਹੈ। ਇਕ ਪਾਸੇ ਫ਼ਿਰਕੂ ਨਫ਼ਰਤ ਹੈ ਜਿਸਨੇ ਮਨੁੱਖਤਾ ਨੂੰ ਮੱਚਦੀ ਅੱਗ ਵਿਚ ਸੁੱਟਿਆ, ਭਾਈਚਾਰਕ ਸਾਂਝ ਨੂੰ ਤੋੜਿਆ, ਦੂਜੇ ਪਾਸੇ ਮੁੱਹਬਤ ਹੈ ਜਿਸਨੇ ਇਸ ਅੱਗ 'ਤੇ ਪਾਣੀ ਪਾਇਆ ਅਤੇ ਸਾਂਝ ਨੂੰ ਬਰਕਰਾਰ ਰੱਖਿਆ। ਪਰਗਟ ਸਿੰਘ ਸਤੌਜ ਦਾ ਇਹ ਨਾਵਲ ਮੁੱਹਬਤ ਅਤੇ ਹਿੰਮਤ ਦੀ ਕਹਾਣੀ ਹੈ। ਇਹ ਨਾਵਲ ਇਸਦੇ ਮੁੱਖ ਪਾਤਰ ਅਜਮੇਰ ਅਤੇ ਮਾਮਦੀਨ ਦੇ ਜਿਗਰੀਪਣ ਦੀ ਕਥਾ ਵੀ ਹੈ, ਅਜਮੇਰ ਅਤੇ ਨਜੀਰਾਂ ਦੀ ਮੁਹੱਬਤ ਦਾ ਨਗ਼ਮਾ ਵੀ ਹੈ, ਫ਼ਿਰਕੂ ਜ਼ਹਿਨੀਅਤ ਕਾਰਨ ਕੀਤੀ ਲੁੱਟ-ਮਾਰ ਅਤੇ ਕਤਲੋਗਾਰਤ ਦੀ ਪੀੜ ਵੀ ਹੈ ਅਤੇ ਉਜੜਨ-ਵਸਣ ਵਿਚੋਂ ਝਾਕਦੀ ਜ਼ਿੰਦਗੀ ਦਾ ਬਿਰਤਾਂਤ ਵੀ ਹੈ। ਪਰਗਟ ਸਿੰਘ ਦੀ ਨਾਵਲੀ ਬੁਣਤਰ ਦੀ ਖਾਸੀਅਤ ਹੈ ਕਿ ਇਹ ਸਾਰੇ ਬਿਰਤਾਂਤ ਵੱਖ-ਵੱਖ ਹੋਣ ਦੇ ਬਾਵਜੂਦ ਇਕ ਸਾਰ ਚੱਲਦੇ ਹੋਏ ਇਕੋ ਲੜੀ ਵਿਚ ਪਰੁੱਚੇ ਜਾਪਦੇ ਹਨ।

ਨਾਵਲੀ ਬਿਰਤਾਂਤ ਦਾ ਆਰੰਭ ਅਣਵੰਡੇ ਪੰਜਾਬ ਵਿਚ ਪੇਂਡੂ ਜੀਵਨ ਵਿਚ ਭਾਈਚਾਰਕ ਸਾਂਝ ਵਿਚ ਬੱਝੇ ਅਜਮੇਰ ਅਤੇ ਮਾਮਦੀਨ ਦੇ ਜੀਵਨ ਤੋਂ ਸ਼ੁਰੂ ਹੁੰਦਾ ਹੈ। ਉਹ ਦੋਵੇਂ ਪੱਗ ਵੱਟ ਭਰਾ ਬਣੇ ਹੋਏ ਹਨ। ਇਕ ਦੂਜੇ ਦੇ ਖੇਤੀ ਦੇ ਕੰਮਾਂ ਨੂੰ ਰਲ-ਮਿਲ ਕੇ ਕਰਦੇ ਹਨ। ਮੇਲਿਆਂ-ਮੁਸਾਹਬਿਆਂ 'ਤੇ ਜਾਣਾ, ਸੂਫ਼ੀ ਫ਼ਕੀਰ ਸੁਲੇਮਾਨ ਦੀ ਦਰਗਾਹ 'ਤੇ ਹੀਰ ਦਾ ਕਿੱਸਾ ਸੁਣਨ ਜਾਣਾ ਅਤੇ ਮਾਮਦੀਨ ਦੀ ਭੈਣ ਦੀ ਨਣਦ ਨਜੀਰਾਂ ਨਾਲ ਮੁਹੱਬਤੀ ਜਜ਼ਬਿਆਂ ਨੂੰ ਸਾਂਭਣਾ ਇਹ ਸਭ ਉਹਨਾਂ ਦੇ ਮਨੋਰੰਜਨ ਅਤੇ ਰਿਸ਼ਤਿਆਂ ਨੂੰ ਉਸਾਰਨ ਵਾਲੇ ਕਰਮ ਹਨ। ਇਹ ਖੁਸ਼ੀ ਬਹੁਤਾ ਸਮਾਂ ਨਹੀਂ ਰਹਿੰਦੀ ਤੇ ਵੰਡ ਦਾ ਫ਼ਿਰਕੂ ਭਾਂਬੜ ਮੱਚਣ ਲੱਗ ਜਾਂਦਾ ਹੈ। ਇਸ ਵਿਚ ਇਹ ਸਾਂਝ ਟੁੱਟਦੀ ਨਹੀਂ ਪਰ ਵਿਛੜ

ਜਾਂਦੀ ਹੈ। ਅਜਮੇਰ ਆਪਣੇ ਗਰਾਈਂ ਕਾਮਰੇਡ ਅਮਰ ਦੀ ਮੱਦਦ ਨਾਲ ਨਜੀਰਾਂ ਨੂੰ ਰਾਹਤ ਕੈਂਪ ਵਿਚੋਂ ਚੋਰੀ ਭਜਾ ਲਿਆਉਂਦਾ ਹੈ ਤੇ ਨਸੀਬ ਬਣਾ ਕੇ ਆਪਣੇ ਘਰ ਵਸਾ ਲੈਂਦਾ ਹੈ। ਅਜਮੇਰ ਖੇਤਾਂ ਵਿਚੋਂ ਮਿਲਿਆ ਇਕ ਬੱਚਾ ਜਿਸਦਾ ਸਾਰਾ ਮੁਸਲਮਾਨ ਟੱਬਰ ਮਾਰਿਆ ਜਾਂਦਾ ਹੈ ਆਪਣੇ ਘਰ ਲੈ ਆਉਂਦਾ ਹੈ। ਦੂਜੇ ਪਾਸੇ ਮਾਮਦੀਨ ਦਾ ਸਾਰਾ ਟੱਬਰ ਮਾਰਿਆ ਜਾਂਦਾ ਹੈ ਤੇ ਮਾਮਦੀਨ ਬੁਰੀ ਹਾਲਤ ਵਿਚ ਵਾਪਸ ਅਜਮੇਰ ਕੋਲ ਪਹੁੰਚ ਜਾਂਦਾ ਹੈ। ਥੋੜ੍ਹੇ ਸਮੇਂ ਬਾਅਦ ਮਾਮਦੀਨ ਨੂੰ ਆਪਣਾ ਭਤੀਜਾ ਵੀ ਕਿਸੇ ਪਿੰਡ ਤੋਂ ਲੱਭ ਜਾਂਦਾ ਹੈ। ਕੁਝ ਸਮੇਂ ਬਾਅਦ ਮਾਮਦੀਨ ਦਾ ਵਿਆਹ ਹੋ ਜਾਂਦਾ ਹੈ। ਇਸ ਤਰ੍ਹਾਂ ਉਹਨਾਂ ਦੀ ਉੱਖੜੀ ਜ਼ਿੰਦਗੀ ਮੁੜ ਲੀਹ 'ਤੇ ਪੈਣ ਲੱਗ ਜਾਂਦੀ ਹੈ। ਦੂਜੇ ਪਾਸੇ ਅਜਮੇਰ ਤੇ ਨਸੀਬ ਨੂੰ ਇਹ ਉਜਾੜਾ ਮੁੜ ਝੱਲਣਾ ਪੈਂਦਾ ਹੈ। ਇਧਰ ਰਹਿ ਗਈਆਂ ਔਰਤਾਂ ਨੂੰ ਮੁੜ ਵਾਪਸ ਪਾਕਿਸਤਾਨ ਲੈ ਕੇ ਜਾਣ ਦੀ ਮੁਹਿੰਮ ਵਿਚ ਫੌਜੀ ਅਧਿਕਾਰੀ ਨਸੀਬ ਨੂੰ ਪਾਕਿਸਤਾਨ ਲੈ ਜਾਂਦੇ ਹਨ। ਸਮਾਂ ਪਾ ਕੇ ਨਸੀਬ ਉੱਥੋਂ ਮੌਕਾ ਮਿਲਦੇ ਹੀ ਭੱਜ ਆਉਂਦੀ ਹੈ ਤੇ ਮੁਸੀਬਤਾਂ ਝੱਲਦੀ ਅੰਤ ਅਜਮੇਰ ਕੋਲ਼ ਆ ਜਾਂਦੀ ਹੈ। ਇਸ ਤਰ੍ਹਾਂ ਨਾਵਲ ਉਜਾੜੇ ਤੋਂ ਵਸਣ ਤੇ ਮੁੜ ਉਜੜ ਕੇ ਵਸਣ ਦੀ ਗੱਲ ਕਰਦਾ ਹੋਇਆ ਜ਼ਿੰਦਗੀ ਦੇ ਪੱਖ ਵਿਚ ਖੜ੍ਹਦਾ ਹੈ।

ਨਾਵਲ ਵਿਚ ਅਜਮੇਰ ਤੇ ਨਜੀਰਾਂ (ਨਸੀਬ) ਦੇ ਆਪਸੀ ਰਿਸ਼ਤੇ ਨੂੰ ਬੜੀ ਭਾਵੁਕਤਾ ਤੇ ਕੋਮਲਤਾ ਨਾਲ ਸਿਰਜਿਆ ਗਿਆ ਹੈ। ਵੰਡ ਦੀ ਲਕੀਰ ਵੀ ਉਹਨਾਂ ਦੇ ਪਿਆਰ ਵਿਚ ਵਿੱਥਾਂ ਨਹੀਂ ਪਾ ਸਕੀ। ਹੋਣੀ ਅੱਗੇ ਹਾਰ ਮੰਨਣ ਦੀ ਥਾਂ ਆਪਣੀ ਹਿੰਮਤ ਨਾਲ ਉਹ ਮੁੜ ਵਸਲ ਦੀ ਪ੍ਰਾਪਤੀ ਕਰਦੇ ਹਨ। ਮਾਮਦੀਨ ਦੇ ਭਤੀਜੇ ਦਾ ਮਿਲਣਾ ਅਤੇ ਵਿਆਹ ਰਾਹੀਂ ਮੁੜ ਵਸੇਬਾ ਮਨੁੱਖੀ ਜ਼ਿੰਦਗੀ ਨੂੰ ਹਰ ਹੀਲੇ ਜਿਉਣ ਦੀ ਚਾਹਨਾ ਨਾਲ ਜੁੜਿਆ ਹੋਇਆ ਹੈ। ਇਸ ਤਰ੍ਹਾਂ ਨਾਵਲਕਾਰ ਨੇ ਨਫ਼ਰਤ ਦੇ ਮਾਹੌਲ ਵਿਚ ਮੁਹੱਬਤ ਦੀ ਕਥਾ ਛੋਹੀ ਹੈ।

ਨਾਵਲ ਵਿਚ ਫ਼ਿਰਕੂ ਕਤਲੇਆਮ ਦੇ ਅਨੇਕਾਂ ਦ੍ਰਿਸ਼ ਚਿਤਰੇ ਗਏ ਹਨ ਜਿਨ੍ਹਾਂ ਨੂੰ ਪੜ੍ਹ ਕੇ ਮਨ ਕਰੁਣਾ ਨਾਲ ਭਰ ਜਾਂਦਾ ਹੈ। ਆਪਣੇ ਘਰ-ਬਾਰ, ਖੇਤ ਖਲਿਹਾਣ, ਆਂਢ-ਗੁਆਂਢ ਤੇ ਰਿਸ਼ਤੇਦਾਰਾਂ ਨੂੰ ਛੱਡਣ ਦਾ ਦੁਖਾਂਤ ਤਸੱਵਰ ਕਰਨਾ ਹੀ ਬਹੁਤ ਔਖਾ ਹੈ ਪਰ ਜਿਨ੍ਹਾਂ ਲੋਕਾਂ ਨੇ ਇਹ ਦੁਖਾਂਤ ਹੰਢਾਇਆ ਉਹ ਕਿਵੇਂ ਵੱਲ ਸਿਰ ਹੋਏ ਹੋਣਗੇ, ਇਹ ਸਮਝਣਾ ਬਹੁਤ ਔਖਾ ਹੈ। ਸ਼ਾਇਦ ਇਸੇ ਗੱਲ ਨੂੰ ਸਮਝਣ ਲਈ ਵਾਰ-ਵਾਰ ਇਸ ਵਿਸ਼ੇ 'ਤੇ ਕਲਮ ਅਜ਼ਮਾਈ ਹੋ ਰਹੀ ਹੈ। ਉਜਾੜੇ ਦਾ ਇਹ ਦੁਖਾਂਤ ਇਕ ਵਾਰ ਵਾਪਰ ਕੇ ਨਹੀਂ ਰੁਕਦਾ। ਬਹੁਤਿਆਂ ਨੂੰ ਮੁੜ ਬਰਾਮਦਗੀ ਤਹਿਤ ਦੋ ਵਾਰ ਇਸ ਉਜਾੜੇ ਦਾ ਸੰਤਾਪ ਝੱਲਣਾ ਪਿਆ। ਨਾਵਲ ਵਿਚ ਇਸ ਦੁਖਾਂਤ ਨੂੰ ਪੇਸ਼ ਕਰਨ ਸਮੇਂ ਇਸ ਵਿਚਾਰ 'ਤੇ ਵਧੇਰੇ ਫੋਕਸ ਕੀਤਾ ਗਿਆ ਹੈ ਕਿ ਫ਼ਿਰਕੂ ਮਾਹੌਲ ਵਿਚ ਵੀ ਜ਼ਿੰਦਗੀ ਅਤੇ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਲੋਕ ਆਪਣੇ ਮਕਸਦ ਤੋਂ ਨਹੀਂ ਭਟਕਦੇ। ਨਾਵਲ ਵਿਚ ਕਾਮਰੇਡ ਅਮਰ ਤੇ ਅਜਮੇਰ ਇਸ ਸਾਂਝ ਦੇ ਰਾਖੇ ਬਣ ਕੇ ਪੇਸ਼ ਹੁੰਦੇ ਹਨ।

ਨਾਵਲ ਦਾ ਕਲਾਤਮਿਕ ਪੱਖ ਇਸਦੇ ਵਿਸ਼ੇ ਵਾਂਗ ਮਜ਼ਬੂਤ ਹੈ। ਪਰਗਟ ਸਿੰਘ ਸਤੌਜ ਨੂੰ ਨਾਵਲ ਦੀ ਬਣਤਰ ਤੇ ਬੁਣਤਰ ਬਾਰੇ ਚੰਗੀ ਸੋਝੀ ਹੈ। ਸਭ ਤੋਂ ਅਹਿਮ ਗੱਲ ਉਸ ਕੋਲ਼ ਪਾਠਕ ਨੂੰ ਬਿਰਤਾਂਤ ਨਾਲ ਬੰਨ੍ਹ ਕੇ ਰੱਖਣ ਦੀ ਮੁਹਾਰਤ ਹੈ। ਬਿਰਤਾਂਤਕ ਉਸਾਰੀ ਸਾਧਾਰਨ ਅਤੇ ਐਨੀ ਦਿਲਚਸਪ ਹੈ ਕਿ ਜਿਸਨੂੰ ਪੜ੍ਹਦਿਆਂ ਮਨ ਹਰ ਤਰ੍ਹਾਂ ਦੇ ਰਸ ਨਾਲ ਸਰਸ਼ਾਰ ਹੋ ਜਾਂਦਾ ਹੈ। ਪਰਗਟ ਕੋਲ ਪੇਂਡੂ ਪਾਤਰਾਂ ਦਾ ਲਹਿਜਾ ਅਤੇ ਠਹਾਕਾ ਹੈ। ਉਸ ਕੋਲ਼ ਖੇਤਾਂ, ਰੇਤਲੇ ਟਿੱਬਿਆਂ, ਪਹਿਆਂ, ਨਹਿਰਾਂ ਤੋਂ ਚੜ੍ਹਦੇ ਅਤੇ ਢਲ਼ਦੇ ਸੂਰਜ ਨੂੰ ਦੇਖਣ ਵਾਲੀ ਅੱਖ ਹੈ। ਉਸ ਕੋਲ਼ ਸਿਰਫ਼ ਫਸਲਾਂ ਤੇ ਪੇਂਡੂ ਵਾਤਾਵਰਣ ਦੀ ਵਿਸ਼ਾਲ ਜਾਣਕਾਰੀ ਹੀ ਨਹੀਂ, ਉਸ ਜਾਣਕਾਰੀ ਨੂੰ ਢੁਕਵੇਂ ਬਿਰਤਾਂਤ ਵਿਚ ਵਰਤਣ ਦੀ ਕਲਾ ਵੀ ਹੈ। ਇਸ ਬਾਰੇ ਨਾਵਲ ਵਿਚ ਸਿਰਜੇ ਦ੍ਰਿਸ਼ ਚਿਤਰਨ ਕਮਾਲ ਦੇ ਹਨ। ਨਾਵਲ 'ਚੋਂ ਸਾਂਝੇ ਪੰਜਾਬ ਦੀ ਮਿੱਠੀ ਖੁਸ਼ਬੂ ਆਉਂਦੀ ਹੈ, ਸੂਫ਼ੀ ਤੇ ਕਿੱਸਾ ਸਾਹਿਤ ਦਾ ਰੰਗ ਵੀ ਝਲਕਦਾ ਹੈ ਤੇ ਫ਼ਿਰਕੂ ਨਫ਼ਰਤੀ ਮਾਹੌਲ ਵਿਚ ਮੁਹੱਬਤ ਦਾ ਨਾਦ ਵੀ ਸੁਣਦਾ ਹੈ। ਇਹਨਾਂ ਗੁਣਾਂ ਕਰਕੇ ਇਹ ਨਾਵਲ ਨਵੀਂ ਪੀੜ੍ਹੀ ਲਈ ਪੜ੍ਹਨਯੋਗ ਤੇ ਸਾਂਭਣਯੋਗ ਦਸਤਾਵੇਜ਼ ਹੈ।

**-(ਡਾ.) ਹਰਿੰਦਰ ਸਿੰਘ**

## ਮਨ ਦਾ ਮੌਸਮ (ਕਾਵਿ ਸੰਗ੍ਰਹਿ) ਅਰਤਿੰਦਰ ਸੰਧੂ

ਪੰਜਾਬੀ ਕਾਵਿ ਖ਼ੇਤਰ ਵਿਚ ਕਵਿੱਤਰੀਆਂ ਦੀ ਗਿਣਤੀ ਹਮੇਸ਼ਾ ਘੱਟ ਰਹੀ ਹੈ। ਇਸ ਘੱਟ ਗਿਣਤੀ ਦੇ ਵਿਕੋਲਿਤਰੇ ਕਾਰਨ ਤਲਾਸ਼ੇ ਜਾ ਸਕਦੇ ਹਨ। 21ਵੀਂ ਸਦੀ ਦੇ ਤੀਜੇ ਦਹਾਕੇ ਵਿਚ ਵਿਚਰਦਿਆਂ ਵੀ ਇਹ ਗਿਣਤੀ ਨਿਗੂਣੀ ਹੀ ਹੈ। ਭਾਵੇਂ ਕਿ ਸੰਤੋਖਜਨਕ ਗੱਲ ਇਹ ਵੇ ਕਿ ਇਹ ਗਿਣਤੀ ਲਗਾਤਾਰ ਵਧ ਰਹੀ ਹੈ। ਨਵੀਆਂ ਕਵਿੱਤਰੀਆਂ ਆ ਰਹੀਆਂ ਹਨ। ਪੰਜਾਬੀ ਮੈਗ਼ਜ਼ੀਨਾਂ ਦੇ ਨਾਰੀ ਵਿਸ਼ੇਸ਼ ਅੰਕ ਵੀ ਛਪ ਰਹੇ ਹਨ। ਇਸ ਨਾਲ਼ ਹੋਣਾ ਇਹ ਹੁੰਦਾ ਹੈ ਕਿ ਪੰਜਾਬੀ ਸਮਾਜ ਦੇ ਅੱਧ ਦੀ ਆਵਾਜ਼ ਬਾਕੀ ਅੱਧ ਤਕ ਪਹੁੰਚਦੀ ਹੈ। ਮਰਦਾਵੀਂ ਕਵਿਤਾ ਵਿਚ ਨਾਰੀ ਕਵਿਤਾ ਦੀ ਹੋਂਦ, ਵਿਸ਼ਿਆਂ ਅਤੇ ਨਿਭਾਅ ਦੇ ਪੱਖ ਤੋਂ ਵੱਖਰੀ ਬੁਣਤੀ ਰੱਖਦੀ ਹੈ। ਇਸ ਦਾ ਇਕ ਫ਼ਾਇਦਾ ਸੰਬੰਧਤ ਸਮਾਜ ਨੂੰ ਇਹ ਹੁੰਦਾ ਹੈ ਕਿ ਇਸ ਨਾਲ਼ ਸਮਾਜ ਆਪਣੇ ਸਮੁੱਚ ਨੂੰ ਵੇਖ ਸਕਦਾ ਹੈ। ਜੇਕਰ ਅਜਿਹਾ ਨਾ ਹੋਵੇ ਤਾਂ ਸਮਾਜ ਦੀ ਆਪਣੇ ਬਾਰੇ ਬਣੀ ਧਾਰਨਾ ਇਕ ਪਾਸੜ ਹੁੰਦੀ ਹੈ। ਇਸ ਦੁਵੱਲੀ ਪਹੁੰਚ ਵਿਚੋਂ ਵਧੇਰੇ ਢੁਕਵੇਂ ਨਤੀਜੇ ਪ੍ਰਾਪਤ ਹੁੰਦੇ ਹਨ। ਹਰ ਪ੍ਰਾਣੀ ਭਾਵੇਂ ਉਹ ਨਰ ਹੈ ਜਾਂ ਮਾਦਾ, ਮਾਨਵੀ ਸੱਭਿਅਤਾ ਦੇ ਇਤਿਹਾਸਕ ਵਿਕਾਸਵਾਦੀ ਸਿਧਾਂਤ ਨੂੰ ਜੇਕਰ ਸਾਹਵੇਂ ਰੱਖ ਕੇ ਵੇਖੀਏ ਤਾਂ ਉਸਦੇ ਵਿਚਾਰਾਂ ਦਾ ਆਧਾਰ ਉਸਦੀ ਇਤਿਹਾਸਕ ਬਣਤਰ ਅਤੇ ਸਥਿਤੀ ਵਿਚੋਂ ਉਗਮਦਾ ਹੈ। ਇਸ ਨਾਲ਼ ਹੁੰਦਾ ਇਹ ਹੈ ਕਿ ਅਸੀਂ ਸੰਬੰਧਤ ਸਮਾਜ ਦਾ ਸਾਰਾ ਚੌਖਟਾ, ਉਸਦੀ ਉਸਾਰੀ/ਸਮੱਗਰੀ/ਆਧਾਰ ਆਦਿ ਨੂੰ ਸਮਝ ਸਕਦੇ ਹਾਂ। ਪੰਜਾਬੀ ਨਾਰੀ ਦੀ ਸਮਕਾਲੀ ਹਾਲਤ ਉਸਦੇ ਇਤਿਹਾਸਕ ਵਿਕਾਸ ਦਾ ਕੁੱਲ ਜਮ੍ਹਾਂ ਹੈ। ਸਮਕਾਲ ਤਕ ਪਹੁੰਚਦਿਆਂ ਉਸ ਕੋਲ਼ ਆਦਿ ਕਾਲ ਤੋਂ ਵੀ ਪਹਿਲਾਂ ਦਾ ਅਭਿਆਸ ਹੈ ਜਿਸ ਵਿਚ ਵੱਖੋ-ਵੱਖ ਸਮਿਆਂ ਅੰਦਰ ਉਸਦੀ ਜੱਦੋ-ਜਹਿਦ ਦਾ ਅਮਲ ਸਮੋਇਆ ਹੋਇਆ ਹੈ। ਹੁਣਵੇਂ ਦੌਰ ਵਿਚ ਵਿਚਰਦਿਆਂ ਉਹ ਇਸ ਸਭ ਨੂੰ ਪਾਸੇ ਨਾ ਕਰਕੇ ਸਗੋਂ ਸਾਹਵੇਂ ਰੱਖਦਿਆਂ ਆਪਣੀ ਹੋਂਦ ਨੂੰ ਜ਼ਾਹਰ ਕਰਦੀ ਹੈ। ਅਜਿਹਾ ਹੋਣ ਨਾਲ਼ ਹੀ ਉਸਦੀ ਬਰਾਬਰ ਦੀ ਭਾਗੀਦਾਰਤਾ ਨੂੰ ਆਂਕਿਆ ਜਾ ਸਕਦਾ ਹੈ। ਪਰ ਇਸ ਵਿਚ ਇਕ ਗੱਲ ਇਹ ਜ਼ਰੂਰ ਕਾਬਿਲੇ-ਗ਼ੌਰ ਹੈ ਕਿ ਉਪਰੋਕਤ ਸਾਰੀ ਚਰਚਾ ਹਰ ਇਕ ਨਿੱਜ ਤਕ ਘਟਾ ਕੇ ਨਹੀਂ ਵੇਖੀ ਜਾ ਸਕਦੀ ਕਿਉਂਕਿ ਜੀਵ ਵਿਗਿਆਨਕ ਵਿਕਾਸਵਾਦੀ ਸਿਧਾਂਤ ਅਨੁਸਾਰ ਇਕੋ ਸਮੇਂ ਇਕੋ ਪ੍ਰਜਾਤੀ ਦੇ ਇਕੋ ਜਿਹੇ ਦਿਖਣ ਵਾਲੇ ਜੀਵ ਵੀ ਵਿਕਾਸ ਦੇ ਇਕੋ ਪੜਾਅ 'ਤੇ ਨਹੀਂ ਹੁੰਦੇ (ਇਸ ਵਿਚ ਸਰੀਰਕ ਅਤੇ ਮਾਨਸਿਕ ਦੋਵੇਂ ਤਰ੍ਹਾਂ ਦੇ ਵਿਕਾਸ ਵੱਲ ਇਸ਼ਾਰਾ ਹੈ)। ਮਨੁੱਖ ਵਰਗੇ ਜੀਵ ਲਈ ਇਹ ਪੜਾਅ ਹੋਰ ਵੀ ਵੱਖਰੇ ਹੁੰਦੇ ਹਨ ਕਿਉਂਕਿ ਮਨੁੱਖ ਸਮਾਜਕ ਜੀਵ ਹੈ। ਉਸਦੇ ਵਿਕਾਸ ਦਾ ਕਾਰਨ ਉਹ ਖ਼ੁਦ ਨਾ ਹੋ ਕੇ ਉਸਦਾ ਸੰਬੰਧਤ ਸਮਾਜ ਹੁੰਦਾ ਹੈ। ਇਸ ਲਈ ਇਕ ਨਿੱਜ ਆਪਣੇ ਆਪ ਵਿਚ ਉਸਦਾ ਸਮਾਜ ਹੀ ਹੁੰਦਾ ਹੈ। ਸੋ ਇਸ ਤਰ੍ਹਾਂ ਇਹ ਕਹਿਣਾ ਆਸਾਨ ਹੋ ਜਾਂਦਾ ਹੈ ਕਿ ਸਮਕਾਲੀ ਪੰਜਾਬੀ ਨਾਰੀ ਕਵਿਤਾ ਪੰਜਾਬੀ ਸਮਾਜ ਵਿਚ ਨਾਰੀ ਦੀ ਸਮਕਾਲੀ ਸਥਿਤੀ ਦਾ ਪ੍ਰਗਟਾਅ ਹੈ ਜਿਸ ਵਿਚ ਉਸਦਾ ਨਿੱਜ ਸੰਬੰਧਤ ਸਮਾਜ ਦਾ ਹੀ ਦਰਪਣ ਹੈ।

ਅਰਤਿੰਦਰ ਸੰਧੂ ਪੰਜਾਬੀ ਕਵਿਤਾ ਦੇ ਖ਼ੇਤਰ ਵਿਚ ਬਹੁਤ ਪੁਰਾਣਾ ਨਾਂ ਹੈ। ਹੁਣ ਤੱਕ ਸਵਾ ਦਰਜਨ ਦੇ ਕਰੀਬ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੀ ਕਵਿੱਤਰੀ ਆਪਣੇ ਨਵੇਂ ਕਾਵਿ ਸੰਗ੍ਰਹਿ 'ਮਨ ਦਾ ਮੌਸਮ' (ਪੰਨੇ 80, ਕੀਮਤ 300 ਰੁਪਏ, ਯੂਨੀਸਟਾਰ ਬੁਕਸ, ਚੰਡੀਗੜ੍ਹ) ਨਾਲ਼ ਫੇਰ ਹਾਜ਼ਰ ਹੈ। 'ਮਨ ਦਾ ਮੌਸਮ' ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਪ੍ਰਗੀਤਕ ਹਨ। ਸਰੋਦੀ ਗੁਣ ਇਹਨਾਂ ਕਵਿਤਾਵਾਂ ਨੂੰ ਖ਼ਾਸ ਬਣਾਉਂਦਾ ਹੈ। ਇਹ ਕਵਿਤਾਵਾਂ ਕਿਸੇ ਤਲਾਸ਼ ਦੀ ਸਦਾਅ ਨੇ, ਵਾਰ ਵਾਰ ਕਵਿੱਤਰੀ ਕਿਸੇ ਉਡੀਕ ਦਾ ਜ਼ਿਕਰ ਕਰਦੀ ਹੈ, ਕੁਝ ਅਦਿੱਸ ਦੀ ਭਾਲ ਹੈ ਜਿਹੜੀ ਥਾਂ-ਪੁਰ-ਥਾਂ ਇਹਨਾਂ ਕਵਿਤਾਵਾਂ ਵਿਚ ਪਸਰੀ ਨਜ਼ਰ ਆਉਂਦੀ ਹੈ।

'ਕਦੇ ਮਿਲ ਮਨ ਦਿਆ ਮੌਸਮਾਂ' ਤੋਂ ਸ਼ੁਰੂ ਹੋ ਕੇ 'ਇਹ ਭਾਲ ਜੀਣ ਲਈ ਸੌਖਾ ਜਿਹਾ ਨੁਸਖ਼ਾ ਬਣਾ ਲਿਆ' ਉੱਤੇ ਜਾ ਕੇ ਖ਼ਤਮ ਹੁੰਦੀ ਹੈ। ਇਹਨਾਂ ਨਿੱਕੇ ਨਿੱਕੇ ਗੀਤਾਂ ਵਿਚ ਮਨ ਦੇ ਮੌਸਮਾਂ ਦਾ ਅਹਿਵਾਲ ਬਿਆਨ ਹੈ। ਪੱਤਝੜ ਦੀ ਰੁੱਤੇ ਬਹਾਰ ਦੀ ਆਸ ਦਾ ਵਿਸ਼ਵਾਸ਼ ਹੈ। ਬਿਗਾਨੇਪਣ ਦੀ

ਆਪਣੀਅਤ ਵਿਚ ਉਲ੍ਹਾਮੇ ਨੇ, ਨਿਹੋਰੇ ਨੇ, ਪਰ ਯਕੀਨ ਹੈ ਕਿਸੇ ਦੇ ਪਰਤ ਆਉਣ ਦਾ ਤੇ ਉਸ ਖ਼ਲਾਅ ਦੇ ਭਰੇ ਜਾਣ ਦਾ। ਸੁਆਲ ਉੱਭਰਦਾ ਹੈ ਕਿ ਇਹ ਖਲਾਅ ਕਿੰਝ ਪੈਦਾ ਹੁੰਦਾ ਹੈ? ਬੇਯਕੀਨੇ ਮੌਸਮਾਂ ਵਿਚ ਜੀਂਵਦਿਆਂ ਕਵੀ ਮਨ 'ਤੇ ਜੋ ਗੁਜ਼ਰਦੀ ਹੈ ਉਸ ਦਾ ਅਨੁਮਾਨ ਉਹਦੀਆਂ ਕਵਿਤਾਵਾਂ ਤੋਂ ਲਗਦਾ ਹੈ। ਕਵਿੱਤਰੀ ਆਖ਼ਦੀ ਹੈ:

*ਕਿੱਥੋਂ ਤੇ ਫੁੱਟਦੀ ਏਂ, ਨਦੀਏ ਨੀ ਜਿੰਦ ਦੀਏ*
*ਸੋਚਾਂ ਦਾ ਡਾਢਾ ਲੈ ਵਹਾਅ*
*ਘੁਲਦਿਆਂ ਮਿੱਟੀ ਵਿਚ, ਖੁਦ ਵਿਚ ਘੋਲ ਮਿੱਟੀ*
*ਅੰਬਰ ਦਾ ਰੰਗ ਵੀ ਰਲਾਅ*

*ਉੱਚੇ ਜਿਹੇ ਪਰਬਤਾਂ 'ਤੇ, ਉੱਗਦੇ ਫੁੱਲ ਸੋਹਣੇ*
*ਲੈਂਦੀ ਸਾਰੇ ਆਪਣੇ ਬਣਾ*
*ਉੱਤਰੀ ਤੇ ਆਵੇਂ ਜਦੋਂ, ਮਨ ਦੀ ਜ਼ਮੀਨ ਵੱਲ*
*ਕੋਈ ਨਾ ਨਾਲ਼ ਤੁਰੇ ਆ*

ਮਨ ਦੀ ਜ਼ਮੀਨ ਦਾ ਸਾਂਨਵੀਂ ਰਹਿ ਜਾਣਾ ਫੇਰ ਇਹੋ ਜਿਹੇ ਖ਼ਿਆਲਾਂ ਦੀਆਂ ਕਵਿਤਾਵਾਂ ਲਈ ਜ਼ਰਖ਼ੇਜ਼ ਜ਼ਮੀਨ ਬਣ ਜਾਣਾ ਹੀ ਇਹਨਾਂ ਕਵਿਤਾਵਾਂ ਦਾ ਹਾਸਿਲ ਖ਼ਾਸਾ ਹੈ। *'ਆ ਵੀ ਜਾਹ ਐ ਜ਼ਿੰਦਗੀ / ਸਾਹਾਂ ਚ ਤਰਨ ਲਈ / ਖ਼ੁਦ ਨੂੰ ਉਲੀਕਿਆ ਮੈਂ / ਤੇਰੇ ਰੰਗ ਭਰਨ ਲਈ'* ਇਹ ਇਕ ਨਿਰੰਤਰਤਾ ਹੈ ਜਿਹੜੀ ਇਹਨਾਂ ਸਮੁੱਚੀਆਂ ਕਵਿਤਾਵਾਂ ਵਿਚ ਵਸਤਰ ਬਦਲ ਬਦਲ ਕੇ ਆ ਰਹੀ ਹੈ। ਜ਼ਿੰਦਗੀ ਦੇ ਪ੍ਰੀਤਮ ਦੀ ਉਡੀਕ ਤੇ ਸੋਹਣੇਰੇ ਅਹਿਸਾਸਾਂ ਦੀ ਆਸ ਵਿਚ ਬੱਝੀ ਇਸ ਕਵਿਤਾ ਦੀ ਮੁਹਾਰ ਕਿਸੇ ਬੇਓੜਕ ਬਦਲੋਟੀ ਵਾਂਙ ਨਿਰਾਸ਼ਤਾ ਦੀ ਜ਼ਮੀਨ 'ਤੇ ਚਾਂਦੀ ਦੀ ਵਰਖ਼ਾ ਕਰਦੀ ਜਾਂਦੀ ਹੈ। ਨਾਰੀ ਮਨ ਦੇ ਇਹਨਾਂ ਅਹਿਸਾਸਾਂ ਨੂੰ ਇਤਿਹਾਸਕ ਤੋਰ ਵਿਚ ਵੇਖਿਆਂ ਹੀ ਸਮਝ ਆਉਂਦੀ ਹੈ ਕਿ ਏਸ ਬਿਰਹਾ ਦਾ ਔਰਤ ਨਾਲ਼ ਢੇਰ ਚਿਰ ਪੁਰਾਣਾ ਨਾਤਾ ਹੈ। ਆਦਿ ਦੁਨੀਆਂ ਤੋਂ ਹੀ ਕਮਾਉਣ ਗਿਆ ਮਰਦ ਦੰਮਾਂ ਦਾ ਲੋਭੀ ਬਣਕੇ ਪ੍ਰਗਟ ਹੁੰਦਾ ਰਿਹਾ ਹੈ ਅਤੇ ਉਸਦੀ ਉਡੀਕ ਵਿਚ ਬੈਠੀ ਬਿਰਹਣ/ਜੋਗਣ ਨੇ ਗ਼ਮਾਂ ਦੇ ਗੀਤ ਗਾਏ ਨੇ। ਇਹ ਗੀਤ ਕਦੇ ਹਰਖ਼ ਬਣਕੇ ਆਏ, ਦੇ ਮੋਹ। ਕਦੇ ਇਹਨਾਂ ਵਿਚੋਂ ਪੀੜ ਦੀ ਚਸਕ ਉੱਭਰੀ ਤੇ ਕਦੇ ਮਿੱਠਾ ਨਿਹੋਰਾ। ਔਰਤ ਮਨ ਦਾ ਮੌਸਮ ਕਦੇ ਵੀ ਇਕਸਾਰ ਨਾ ਹੋਇਆ ਤੇ ਇਹ ਮੌਸਮ ਫੇਰ ਪ੍ਰੀਤਮ ਨੂੰ ਪਰਮਾਤਮਾ ਜਿਹਾ ਭਾਸਣ ਲਈ ਮਜਬੂਰ ਹੋਇਆ। ਇਕਦਮ ਕਿਸੇ ਸੂਫ਼ੀਆਨਾ ਵਿਚਾਰ ਦੀ ਭਾਅ ਇਹਨਾਂ ਗੀਤਾਂ ਵਿਚ ਰਮਜ਼ਣ ਲੱਗੀ।

ਹੱਥਲੀ ਪੁਸਤਕ ਵਿਚਲੀਆਂ ਕਵਿਤਾਵਾਂ ਵੀ ਲੋਕ-ਮੁਖੀ ਸੁਭਾਅ ਵਾਲੀਆਂ ਹਨ। ਜਿਹਨਾਂ ਵਿਚੋਂ ਉਪਰੋਕਤ ਬਿਆਨ ਦੀ ਝਲਕ ਦੇਖੀ ਜਾ ਸਕਦੀ ਹੈ। ਇਹਨਾਂ ਕਵਿਤਾਵਾਂ ਅੰਦਰ ਕਿਧਰੇ ਵੀ ਸ਼ੋਰ ਨਹੀਂ, ਹੰਗਾਮਾ ਨਹੀਂ, ਬਲਕਿ ਇਕ ਸਹਿਜਤਾ ਹੈ ਜਿਹੜੀ ਸੰਬੰਧਤ ਵਰਤਾਰਿਆਂ ਨੂੰ ਉਸਾਰਦੀ/ਘੜਦੀ ਹੋਈ ਵੀ ਸਹਿਜ ਰਹਿੰਦੀ ਹੈ ਅਤੇ ਕਿਸੇ ਸ਼ਾਂਤ ਨਦੀ ਵਾਂਙ ਆਪਣੀ ਤੌਰੇ ਤੁਰਦੀ ਅਗਾਂਹ ਵਧ ਰਹੀ ਹੈ। ਪੰਜਾਬੀ ਕਾਵਿ ਖ਼ੇਤਰ ਵਿਚ ਇਸ ਤਰ੍ਹਾਂ ਦੀ ਕਵਿਤਾ ਦਾ ਹੋਣਾ ਹੀ ਇਹਨਾਂ ਸਮਿਆਂ ਦੀ ਕਵਿਤਾ ਦੀ ਪ੍ਰਾਪਤੀ ਹੈ। **–ਹਰਵਿੰਦਰ ਸਿੰਘ**

## ਵਗਦੀਆਂ ਵਾਵਾਂ ਵਹਿੰਦੇ ਦਰਿਆ (ਕਾਵਿ ਰੇਖਾ ਚਿੱਤਰ) ਮੋਹਨਜੀਤ

ਪੰਜਾਬੀ ਕਾਵਿ ਦੇ ਖ਼ੇਤਰ ਵਿਚ ਮੋਹਨਜੀਤ ਦਾ ਨਾਂ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ ਹੈ। ਪੰਜਾਬੀ ਕਵਿਤਾ ਕਾਵਿ ਰੇਖਾ ਚਿੱਤਰ ਲਿਖਣ ਦੀ ਪਿਰਤ ਪਾਉਣ ਵਾਲਾ ਮੋਹਨਜੀਤ ਪਹਿਲਾ ਨਾਂ ਹੈ। ਉਸ ਤੋਂ ਮਗਰੋਂ ਹੋਰ ਕਈਆਂ ਨੇ ਕੋਸ਼ਿਸ਼ ਕੀਤੀ ਕਾਵਿ ਰੇਖਾ ਚਿੱਤਰ ਲਿਖਣ ਦੀ ਪਰ ਕੋਈ ਵੀ ਅਜੇ ਤਕ ਮੋਹਨਜੀਤ ਤਕ ਨਹੀਂ ਪਹੁੰਚ ਸਕਿਆ। ਮੋਹਨਜੀਤ ਦੇ ਇਹਨਾਂ ਰੇਖਾ ਚਿੱਤਰਾਂ ਬਾਰੇ

ਥੀਸਸ ਇਹ ਹੈ ਕਿ ਉਹ ਮਿਥ ਕੇ ਵਿਅਕਤੀ ਬਾਰੇ ਨਹੀਂ ਲਿਖਦਾ ਬਲਕਿ ਲਿਖ ਕੇ ਵਿਅਕਤੀ ਮਿੱਥਦਾ ਹੈ। ਉਹ ਰੇਖਾ ਚਿੱਤਰ ਨੂੰ ਲਿਖਦਾ ਨਹੀਂ ਬਲਕਿ ਚਿੱਤਰਦਾ ਹੈ ਤੇ ਉਸਦੀ ਚਿੱਤਰਕਲਾ ਲਕੀਰੀ ਤਸਵੀਰਾਂ ਵਾਹੁਣ ਵਾਲੀ ਹੈ। ਕਿਧਰੇ ਕੋਈ ਇਕ ਲਕੀਰ ਤੁਹਾਨੂੰ ਸੰਬੰਧਤ ਵਿਅਕਤੀ ਨਾਲ਼ ਮੇਲ਼ ਖਾਂਦੀ ਦਿਖਦੀ ਹੈ ਤੇ ਉਹੀ ਲਕੀਰ ਓਸ ਦਾ ਸਮੁੱਚ ਬਣ ਬਹਿੰਦੀ ਹੈ। ਰੇਖਾ ਚਿੱਤਰ ਬਾਰੇ ਇਹ ਮਿੱਥ ਹੈ ਕਿ ਜਿਸ ਨਾਲ਼ ਤੁਸੀਂ ਵਿਚਰੇ ਹੋਵੋਂ ਜਾਂ ਨੇੜੇ ਤੋਂ ਜਾਣਦੇ ਹੋਵੋਂ ਉਸੇ ਵਿਅਕਤੀ ਦਾ ਹੀ ਲਿਖਿਆ ਜਾ ਸਕਦਾ ਹੈ, ਪਰ ਮੋਹਨਜੀਤ ਦੇ ਰੇਖਾ ਚਿੱਤਰ ਇਸ ਮਿੱਥ ਤੋਂ ਪਰ੍ਹਾਂ ਹਨ। ਉਹ ਉਸਨੂੰ ਵੀ ਚਿੱਤਰ ਸਕਦਾ ਹੈ ਜਿਸ ਨੇ ਅਜੇ ਪੈਦਾ ਹੋਣਾ ਹੈ। ਉਸਦੀ ਪਹੁੰਚ ਵਿਅਕਤੀ ਆਧਾਰਤ ਹੁੰਦਿਆਂ ਵੀ ਵਿਅਕਤੀ ਤੋਂ ਪਾਰ ਹੁੰਦੀ ਹੈ। ਖਾਸ ਗੱਲ ਇਹ ਹੈ ਕਿ ਉਸਦੀ ਪਹਿਲ ਅਜੇ ਵੀ ਰੇਖਾ ਚਿੱਤਰ ਨਾ ਹੋ ਕੇ ਕਵਿਤਾ ਹੁੰਦੀ ਹੈ। ਉਹ ਪਹਿਲਾਂ ਕਵੀ ਹੈ, ਫੇਰ ਹੋਰ ਕੁਝ ਵੀ ਹੋ ਸਕਦਾ ਹੈ। ਇਹਨਾਂ ਕਾਵਿ ਰੇਖਾ ਚਿੱਤਰਾਂ ਨੂੰ ਪੜ੍ਹਦਿਆਂ ਮੋਹਨਜੀਤ ਦੀ ਕਵਿਤਾ ਪਹਿਲ 'ਤੇ ਹੁੰਦੀ ਹੈ। ਉਹਦੀ ਕਵਿਤਾ ਦਾ ਜਲੌਅ ਹੈ ਕਿ ਕਿਧਰੇ ਕਿਧਰੇ ਐਸੀਆਂ ਤਸ਼ਬੀਹਾਂ ਹਨ ਕਿ ਕਮਾਲ ਹੋ ਜਾਂਦੀ ਹੈ ਤੇ ਪੜ੍ਹਨ ਵਾਲਾ ਅਸ਼-ਅਸ਼ ਕਰ ਉੱਠਦਾ ਹੈ, ਸੰਤ ਸਿੰਘ ਸੇਖੋਂ ਬਾਰੇ ਲਿਖਦਿਆਂ ਉਸਦੀ ਕਵਿਤਾ ਦਾ ਕਮਾਲ ਦੇਖੋ:

*ਉਹਨੂੰ ਖੁਰਮਾਨੀਆਂ ਖਾਣ ਦਾ ਬੜਾ ਸ਼ੌਕ ਹੈ*
*ਬਾਹਰਲੀ ਜਿਲਦ ਤੇ ਅੰਦਰਲੀ ਗਿਰੀ ਚੱਖਣ ਦਾ ਲੁਤਫ਼*
*ਵੱਖਰੀ ਗੱਲ ਹੈ ਕਿ ਇਹ ਰੀਝ ਕਦੇ ਪੂਰੀ ਨਹੀਂ ਹੋਈ*

*ਉਹ ਐਸੀ ਬੋਤਲ ਹੈ ਜਿਸਦਾ ਬਾਹਰਲਾ ਲੇਬਲ ਘਸ ਗਿਆ ਹੈ*
*ਪਰ ਵਿਚਲੇ ਘੋਲ਼'ਚ ਸਾਰਿਆਂ ਸਤਾਂ ਦੀ ਵਾਸ਼ਨਾ ਹੈ।*

ਹੁਣ ਇਹ ਦੋ ਮੌਕੇ ਸੇਖੋਂ ਬਾਰੇ ਚੁਲਬੁਲੀ ਗੱਲ ਕਰਦਿਆਂ ਵੀ ਕਿਤੇ ਸ਼ਾਇਸਤਗੀ ਦਾ ਪੱਲਾ ਨਹੀਂ ਛੱਡਦੇ ਤੇ ਕਮਾਲ ਇਹ ਹੈ ਕਿ ਕਵਿਤਾ ਰਾਹੀਂ ਏਨੀ ਠੱਠੇ ਵਾਲੀ ਗੱਲ ਕਹਿਣੀ ਮੋਹਨਜੀਤ ਦੇ ਹਿੱਸੇ ਆਈ ਹੈ। ਏਥੇ ਉਹ ਸੇਖੋਂ ਬਾਰੇ ਚੁਲਬੁਲੀ ਕਰਦਾ ਹੋਇਆ ਉਹਦਾ ਸੰਤਾਪ ਵੀ ਸਿਰਜਦਾ ਹੈ।

'ਵਗਦੀਆਂ ਵਾਵਾਂ ਵਹਿੰਦੇ ਦਰਿਆ' (ਪੰਨੇ 318, ਕੀਮਤ 600 ਰੁਪਏ, ਨਵਯੁਗ ਪਬਲਿਸ਼ਰਜ਼, ਦਿੱਲੀ) ਵਿਚ ਅਠਾਹਠ ਵਿਅਕਤੀਆਂ ਦੇ ਕਾਵਿ ਰੇਖਾ ਚਿੱਤਰ ਸ਼ਾਮਿਲ ਹਨ। ਮਜਾਲ ਹੈ ਕਿ ਕਿਧਰੇ ਕਿਸੇ ਦਾ ਮੁਹਾਂਦਰੇ ਕਿਸੇ ਹੋਰ ਨਾਲ਼ ਮੇਲ ਖਾਣ ਦਿੱਤਾ ਹੋਵੇ। ਇਕੋ ਗੱਲ ਵਾਰ-ਵਾਰ ਕਰਦਿਆਂ ਵੀ ਕਿਧਰੇ ਕੋਈ ਦੁਹਰਾਅ ਨਹੀਂ ਹੈ। ਹਰ ਸ਼ਖ਼ਸੀਅਤ ਦਾ ਵੱਖਰਾ ਰੰਗ ਹੈ, ਵੱਖਰਾ ਅਕਾਰ ਤੇ ਉਸ ਲਈ ਵੱਖਰੀ ਕਵਿਤਾ। ਲੇਖਕ ਨੂੰ ਉਸਦੀ ਰਚਨਾ ਰਾਹੀਂ, ਕਲਾਕਾਰ ਨੂੰ ਉਸਦੀ ਕਲਾ ਰਾਹੀਂ ਚਿੱਤਰਦਿਆਂ ਜਿੱਥੇ ਉਸਦੇ ਆਪੇ ਬਾਰੇ ਗੱਲ ਹੁੰਦੀ ਹੈ ਓਥੇ ਹੀ ਉਸਦੇ ਕੰਮ ਦੀ ਵੀ ਪਾਠਕਾਂ ਨਾਲ਼ ਸਾਂਝ ਪਵਾ ਦਿੱਤੀ ਜਾਂਦੀ ਹੈ। ਇਸ ਨਾਲ ਹੁੰਦਾ ਇਹ ਹੈ ਕਿ ਜਿਸ ਪਾਠਕ ਨੂੰ ਸੰਬੰਧਤ ਵਿਅਕਤੀ ਬਾਰੇ ਜੇਕਰ ਜਾਣਕਾਰੀ ਨਹੀਂ ਵੀ ਤਾਂ ਵੀ ਉਹ ਉਸ ਲਈ ਓਪਰਾ ਨਹੀਂ ਰਹਿੰਦਾ ਤੇ ਪਾਠਕ ਇਸ ਕਾਵਿ ਰੇਖਾ ਚਿੱਤਰ ਦਾ ਲੁਤਫ਼ ਲੈਂਦਾ ਹੈ।

ਇਹਨਾਂ ਰੇਖਾ ਚਿੱਤਰਾਂ ਦੇ ਪਹਿਲਾਂ ਨਾਮ ਹੀ ਪੜ੍ਹਨ ਵਾਲ਼ੇ ਹਨ ਜਿਵੇਂ ਕੁਝ ਨਾਮ ਦੇਖੋ- ਅੰਬਰ ਜਿੱਡਾ ਕਾਫ਼ੀਆ: ਪੂਰਨ ਸਿੰਘ, ਸ਼ੱਕਰ ਦਾ ਸ਼ਰਬਤ: ਨਾਨਕ ਸਿੰਘ, ਫੁੱਲਾਂ ਦੀ ਵਰਣਮਾਲ਼ਾ: ਅੰਮ੍ਰਿਤਾ ਪ੍ਰੀਤਮ, ਸਿਰਜਣਾ ਦੀ ਝਨਾਂ: ਕਰਤਾਰ ਸਿੰਘ ਦੁੱਗਲ, ਅਧੂਰੀ ਕਵਿਤਾ ਦਾ ਸਿਰਲੇਖ ਨਹੀਂ ਹੁੰਦਾ: ਦੇਵਨੀਤ, ਦੀਵਾ ਬਲ਼ੇ ਸਾਰੀ ਰਾਤ: ਪਾਲ ਕੌਰ। ਇਸ ਤਰ੍ਹਾਂ ਬਾਕੀ ਸਾਰੇ ਨਾਂ ਹੀ ਵਿਅਕਤੀ ਬਾਰੇ ਸਾਰੀ ਦੱਸ ਪਾ ਦਿੰਦੇ ਹਨ। 'ਅੰਬਰ ਜਿੱਡਾ ਕਾਫ਼ੀਆ' ਨਾਂ ਵਰਤ ਕੇ ਪ੍ਰੋ. ਪੂਰਨ ਸਿੰਘ ਦੀ ਸਾਰੀ ਗੱਲ ਕਹਿ ਦਿੱਤੀ। ਇਸ ਤੋਂ ਅਗਾਂਹ ਜੋ ਵੀ ਕਿਹਾ ਜਾਵੇਗਾ, ਇਸ ਨਾਂ ਦੀ ਗਵਾਹੀ ਮਾਤਰ ਹੋਵੇਗੀ। ਏਸੇ ਤਰ੍ਹਾਂ ਬਾਕੀ ਸਾਰੇ ਨਾਵਾਂ ਬਾਰੇ ਕਿਹਾ ਜਾ ਸਕਦਾ ਹੈ। ਨਛੱਤਰ ਬਾਰੇ ਲਿਖੇ ਕਾਵਿ ਚਿੱਤਰ 'ਚੋਂ ਇਕ ਅੰਸ਼ ਵੇਖੋ:

*ਪੁੱਛਦਾਂ- ਕਹਾਣੀ ਕਦੋਂ ਲਿਖਦੈਂ?*
*ਕਹਿੰਦਾ: ਤਨ ਦਫ਼ਤਰ ਚ ਮਨ ਕਹਾਣੀ 'ਚ*

*ਪੁੱਛਦਾਂ- ਘਰਦਿਆਂ ਨੂੰ ਕਦੋਂ ਮਿਲਦੈਂ?*
*ਕਹਿੰਦਾ: ਕਹਾਣੀ 'ਚੋਂ ਵਕਤ ਕੱਢ ਕੇ*
*ਪੁੱਛਦਾਂ- ਕਹਾਣੀ 'ਚੋਂ ਵਕਤ ਕਿਵੇਂ ਨਿੱਕਲਦਾ?*
*ਕਹਿੰਦਾ: ਜਿਵੇਂ ਰਾਜਿੰਦਰ ਸਿੰਘ ਬੇਦੀ, ਰਾਮ ਲਾਲ, ਜੋਗਿੰਦਰਪਾਲ ਕੱਢਦੇ ਸਨ*
*ਜਿਵੇਂ ਪ੍ਰੇਮ ਪ੍ਰਕਾਸ਼ ਹਿੰਦ ਸਮਾਚਾਰ 'ਚੋਂ ਕੱਢਦਾ ਸੀ*

ਇਹ ਬਿਆਨ ਸਾਧਾਰਨ ਜਿਹਾ ਜਾਪਦਾ ਵੀ ਅਸਾਧਾਰਨ ਹੈ। ਲੇਖਕ ਦੀ ਪ੍ਰਤੀਬੱਧਤਾ ਨੂੰ ਪ੍ਰਗਟਾਉਣ ਦਾ ਇਸ ਤੋਂ ਵਧੀਆ ਤਰੀਕਾ ਹੋਰ ਕੀ ਹੋ ਸਕਦਾ ਹੈ।

ਦਲਬੀਰ ਚੇਤਨ ਨੂੰ ਹੱਸ ਦੰਦਾਂ ਦੀ ਪ੍ਰੀਤ ਕਹਿੰਦਿਆ ਮੋਹਨਜੀਤ ਲਿਖਦਾ ਹੈ:

*ਉਸਨੂੰ ਜਦ ਵੀ ਵੇਖਿਆ-ਹੱਸਦਿਆਂ ਵੇਖਿਆ*
*ਜਿਵੇਂ- ਬੰਨੇ 'ਤੇ ਮਹਿਬੂਬ ਆਏ*
*ਜਿਵੇਂ- ਰੁੱਖ ਓਹਲੇ ਯਾਰ ਦਿਸੇ*
*ਜਿਵੇਂ- ਕੋਈ ਪਾਣੀ ਦਾ ਘੁੱਟ ਪੁੱਛੇ*
*ਜਿਵੇਂ- ਕੋਈ ਹਵਾ ਪਿਆਜ਼ੀ ਹੋਇਆ ਫਿਰੇ*
*ਜਿਵੇਂ- ਸੁਹਣਿਆਂ ਦਾ ਹਿੱਕ ਉਭਾਰ ਦਿਸੇ*
*ਜਿਵੇਂ- ਬੜੇ ਗ਼ੁਲਾਮ ਅਲੀ ਦਾ ਤੀਜੇ ਪਹਿਰ ਦਾ ਅਲਾਪ ਹੋਏ*
*ਜਾਂ ਇਹੋ ਜਿਹਾ ਕੁਝ, ਕੁਝ ਜਿਹੋ ਜਿਹਾ*

ਇਹ ਉਹ ਤਸ਼ਬੀਹਾਂ ਨੇ ਜਿਹੜੀਆਂ ਮੋਹਨਜੀਤ ਹੀ ਦੇ ਸਕਦਾ ਹੈ। ਇਹਨਾਂ ਕਾਵਿ ਚਿੱਤਰਾਂ ਨੂੰ ਪੜ੍ਹਨਾ ਦੂਹਰਾ ਲੁਤਫ਼ ਹੈ, ਜਿੱਥੇ ਕਵਿਤਾ ਪੜ੍ਹੀ ਜਾਂਦੀ ਹੈ ਓਥੇ ਹੀ ਵਿਅਕਤੀ ਚਿੱਤਰ ਵੇਖੇ ਜਾਂਦੇ ਹਨ। ਇਹ ਕਾਵਿ ਰੇਖਾ ਚਿੱਤਰ ਲੁਕੋ ਕੇ ਰੱਖੀ ਰੰਮ ਦੀ ਬੋਤਲ ਨੇ ਜਿਹਦੀ ਮਹਿਕ ਜਦੋਂ ਖੋਲ੍ਹੋਂ ਸਾਵੀਂ ਰਹਿੰਦੀ ਹੈ। ਹੌਲ਼ੀ ਹੌਲ਼ੀ ਪੜ੍ਹਨ ਵਾਲੀ ਤੇ ਪੜ੍ਹਦੇ ਰਹਿਣ ਵਾਲੀ ਇਹ ਕਾਵਿ ਕਿਤਾਬ ਪੰਜਾਬੀ ਪਾਠਕਾਂ ਲਈ ਸੌਗਾਤ ਹੈ। **-ਹਰਵਿੰਦਰ ਸਿੰਘ**

## ਟੂਮਾਂ (ਗ਼ਜ਼ਲ ਸੰਗ੍ਰਹਿ) ਸੁਰਿੰਦਰਪ੍ਰੀਤ ਘਣੀਆਂ

ਸੁਰਿੰਦਰਪ੍ਰੀਤ ਘਣੀਆਂ ਲਗਪਗ ਚਾਰ ਦਹਾਕਿਆਂ ਤੋਂ ਗ਼ਜ਼ਲਗੋਈ ਨਾਲ ਜੁੜਿਆ ਹੋਇਆ ਹੈ, ਭਾਵੇਂ ਕਿ ਉਸਦਾ ਪਹਿਲਾ ਗ਼ਜ਼ਲ ਸੰਗ੍ਰਹਿ 'ਹਰਫਾਂ ਦੇ ਪੁਲ਼' 2006 ਵਿਚ ਹੀ ਛਪਿਆ ਸੀ। ਫੇਰ ਪਹਿਲੇ ਸੰਗ੍ਰਹਿ ਤੋਂ ਵੀ ਚੋਖੇ ਵਕਫੇ ਯਾਨੀ ਸੋਲ਼ਾਂ ਸਾਲ ਪਿੱਛੋਂ ਉਸਨੇ ਆਪਣੀਆਂ ਗ਼ਜ਼ਲਾਂ ਦਾ ਹੱਥਲਾ ਦੂਜਾ ਸੰਗ੍ਰਹਿ ('ਟੂਮਾਂ', ਆਟਮ ਆਰਟ, ਸਾਹਮਣੇ ਪੰਜਾਬੀ ਯੂਨੀਵਰਸਿਟੀ, ਪਟਿਆਲਾ) ਪੇਸ਼ ਕੀਤਾ ਹੈ। ਇਉਂ ਉਸਦੀ ਲਿਖਣ ਦੀ ਰਫਤਾਰ ਤਾਂ ਕਾਫੀ ਮੱਧਮ ਜਾਪਦੀ ਹੈ, ਪਰ ਜਿਵੇਂ ਉਸਨੇ ਇਕ ਸ਼ਿਅਰ ਵਿਚ ਆਖਿਆ ਹੈ, *'ਕੂੜ ਕਬਾੜਾ ਲਿਖ ਨਈਂ ਹੁੰਦਾ ਘਣੀਏਂ ਤੋਂ, ਘੱਟ ਲਿਖੇ ਪਰ ਸ਼ਿਅਰ ਲਿਖਦੈ ਖਰੇ-ਖਰੇ'*, ਉਸ ਵਿਚ ਗ਼ਜ਼ਲ ਕਹਿਣ ਦੀ ਪਕਿਆਈ ਅਵੱਸ਼ ਹੈ। ਅਰੂਜ਼ ਉੱਤੇ ਅਬੂਰ ਦੇ ਪੱਖ ਤੋਂ ਉਸ ਵਿਚ ਕੋਈ ਕਮਜ਼ੋਰੀ ਨਹੀਂ। ਉਸਤਾਦ ਸ਼ਾਇਰ ਦੀਪਕ ਜੈਤੋਈ ਤੋਂ ਬਾਕਾਇਦਾ ਹਾਸਲ ਕੀਤੀ ਸਿੱਖਿਆ ਦੀਖਿਆ ਦੀ ਮੋਹਰ ਘਣੀਆਂ ਦੀ ਰਚਨਾ ਉੱਤੇ ਪ੍ਰਤੱਖ ਨਜ਼ਰ ਆਉਂਦੀ ਹੈ। ਛੋਟੀ ਵੱਡੀ ਬਹਿਰ ਦੀਆਂ ਗ਼ਜ਼ਲਾਂ ਵਿਚ ਬੱਝੇ ਉਸਦੇ ਬੇਐਬ ਸ਼ਿਅਰ ਆਪਣੀ ਸਹਿਜਤਾ ਤੇ ਭਰਪੂਰ ਰਵਾਨੀ ਨਾਲ ਆਮ ਪਾਠਕ ਨੂੰ ਸਹਿਜੇ ਹੀ ਪ੍ਰਭਾਵਤ ਕਰਨ ਦੇ ਸਮਰੱਥ ਹਨ:

*ਨਿਰਾਸ਼ਾ ਕਿੰਨੀ ਵੀ ਹੋਵੇ, ਖੁਸ਼ੀ ਦੀ ਆਸ ਨਾ ਛੱਡੀਂ*
*ਤੂੰ ਭਾਵੇਂ ਹੋ ਗਿਆ ਟੁਕੜੇ, ਦਿਲਾ ਧਰਵਾਸ ਨਾ ਛੱਡੀਂ*
*ਕਿਹਾ ਮੈਂ ਕਿਰਤ ਕਰਨੀ ਹੈ ਤੇ ਰੱਬ ਨੂੰ ਇੰਝ ਹੀ ਪਾਉਣਾ ਹੈ*
*ਪੁਜਾਰੀ ਆਖਦੇ ਨੇ ਪੂਜਾ ਤੇ ਅਰਦਾਸ ਨਾ ਛੱਡੀਂ*

*ਮਸੀਹਾ ਸਮਝਿਆ ਹੂੰਗਰ ਨਾ, ਦਾਰੂ ਕੀ ਭਲਾ ਦਿੰਦਾ*
*ਚਲੋ ਛੱਡੋ! ਨਾ ਪੁੱਛੋ ਨਾਮ ਉਸ ਅਣਜਾਣ ਦਾ ਮੈਨੂੰ*

*ਸੁੱਕਾ ਹੈ, ਭਰਿਆ ਹੈ, ਘੱਟ ਡੂੰਘਾ ਹੈ, ਦਰਿਆ, ਦਰਿਆ ਤਾਂ ਹੈ*
*ਭੁੱਖਾ ਜਾਂ ਰੱਜਿਆ, ਕਮਲ਼ਾ ਜਾਂ ਸਿਆਣਾਮ, ਬੰਦਾ, ਬੰਦਾ ਤਾਂ ਹੈ*

*ਮੰਨਿਆ ਜਿੱਥੇ ਪੁੱਜਣਾ ਇਸ ਨੇ, ਹਾਲੇ ਤੀਕਰ ਪੁੱਜ ਨਾ ਸਕਿਆ*
*ਹੌਲ਼ੀ ਹੈ, ਪਰ ਮਨ ਦਾ ਰਾਹੀ ਰੁਕਿਆ ਤਾਂ ਨ੍ਹੀ, ਚੱਲਦਾ ਤਾਂ ਹੈ*

ਗ਼ਜ਼ਲ ਦੇ ਰੂਪਕ ਪੱਖ ਦੀ ਸਿਖਲਾਈ ਤੋਂ ਅਗਾਂਹ ਸੁਰਿੰਦਰਪ੍ਰੀਤ ਘਣੀਆਂ ਚੇਤੰਨ ਤੌਰ 'ਤੇ ਅਗਾਂਹਵਧੂ ਚਿੰਤਨ ਤੇ ਲਹਿਰ ਨਾਲ ਵੀ ਜੁੜਿਆ ਹੋਇਆ ਹੈ। ਜਿੱਥੇ ਰਵਾਇਤੀ ਕਿਸਮ ਦੇ ਗ਼ਜ਼ਲਗੋ ਸ਼ਬਦਾਂ ਦੀ ਗਿਣਤੀ ਮਿਣਤੀ ਤਕ ਹੀ ਸਿਮਟ ਕੇ ਰਹਿ ਜਾਂਦੇ ਹਨ, ਉੱਥੇ ਘਣੀਆਂ ਸ਼ਬਦ ਦੇ ਅਰਥਾਂ ਦੇ ਮਹੱਤਵ ਨੂੰ ਵੀ ਸਵੀਕਾਰਦਾ ਹੈ। ਸਿਰਫ ਹੁਸਨ ਇਸ਼ਕ ਦੀ ਗੱਲ ਕਰਨ ਵਾਲੀ ਗ਼ਜ਼ਲ ਦੀ ਧਾਰਨਾ ਤਾਂ ਖੈਰ ਪੰਜਾਬੀ ਵਿਚ ਬਹੁਤੀ ਪ੍ਰਚੱਲਤ ਨਹੀਂ ਹੋਈ। ਤਦ ਵੀ 'ਮਾਸ਼ੂਕ ਨਾਲ ਗੱਲਾਂ' ਦੀ ਗ਼ਜ਼ਲ ਬਾਰੇ ਮੁੱਢਲੀ ਧਾਰਨਾ ਦਾ ਕੁਝ ਅਸਰ ਤਾਂ ਗ਼ਜ਼ਲਗੋ ਸ਼ਾਇਰਾਂ ਉੱਤੇ ਰਹਿੰਦਾ ਹੀ ਹੈ। ਐਪਰ ਘਣੀਆਂ ਦੀ ਗ਼ਜ਼ਲ ਵਿਚ ਪਿਆਰ ਦੇ ਵਿਸ਼ੇ ਦਾ ਜ਼ਿਕਰ ਨਾ ਹੋਣ ਦੇ ਬਰਾਬਰ ਹੈ। *'ਜਿਉਣ ਦੀ ਭੱਜ-ਦੌੜ 'ਚ ਮੈਨੂੰ ਜਿਉਣ ਜੋਗੇ ਸਭ ਭੁੱਲ ਗਏ, ਮਾਰ ਗਈ ਜੋ ਮੈਨੂੰ, ਚੇਤਾ ਭੁੱਲੇ ਨਾ ਮਰ ਜਾਣੀ ਦਾ'* ਵਰਗੇ ਸ਼ਿਅਰਮ ਜਿਨ੍ਹਾਂ ਵਿਚ ਪਰੋਖ ਜਾਂ ਸੰਕੇਤਕ ਤੌਰ 'ਤੇ ਪਿਆਰ ਦਾ ਇਜ਼ਹਾਰ ਹੈ, ਹੱਥਲੀ ਪੁਸਤਕ ਵਿਚ ਟਾਵੇਂ ਟਾਵੇਂ ਹੀ ਹਨ। ਅਗਾਂਹਵਧੂ ਵਿਸ਼ਵਾਸ ਅਨੁਸਾਰ ਮਨੁੱਖਵਾਦੀ ਦ੍ਰਿਸ਼ਟੀ ਤੋਂ ਸਮਾਜਕ ਰਾਜਨੀਤਕ ਮਸਲਿਆਂ ਨੂੰ ਉਹ ਆਪਣੀ ਗ਼ਜ਼ਲ ਰਚਨਾ ਦੇ ਸਰੋਕਾਰਾਂ ਵਿਚ ਪ੍ਰਮੁਖਤ ਦਿੰਦਾ ਹੈ। ਪੁਸਤਕ ਦੀ ਪਹਿਲੀ ਹੀ ਗ਼ਜ਼ਲ ਦੇ ਇਹ ਸ਼ਿਅਰ ਉਸਦੇ ਅਜਿਹੇ ਸਰੋਕਾਰਾਂ ਨਾਲ ਤੁਆਰਫ ਕਰਾਉਂਦੇ ਹਨ:

*ਜ਼ਮੀਨਾਂ ਮਹਿੰਗੀਆਂ ਵਿਕੀਆਂ ਜ਼ਮੀਰਾਂ ਸਸਤੀਆਂ ਵਿਕੀਆਂ,*
*ਬੜੀ ਸਸਤੀ ਜ਼ੀ ਕੀਮਤ 'ਤੇ ਨੇ ਵੱਡੀਆਂ ਹਸਤੀਆਂ ਵਿਕੀਆਂ।*

*ਸਿਆਸਤ ਨੇ ਅਨੋਖੀ ਤੇ ਨਵੀਂ ਇਕ ਚਾਲ ਕੀ ਚੱਲੀ,*
*ਕਿ ਆਟੇ - ਦਾਲ਼ ਦੇ ਭਾਅ ਕੁੱਲ ਨਗਰ ਤੇ ਬਸਤੀਆਂ ਵਿਕੀਆਂ।*

*ਕੁੜੀ ਦੀਆਂ ਰੀਝਾਂ, ਯਾਦਾਂ, ਸੱਧਰਾਂ ਦਾ ਜਦ ਵਣਜ ਹੋਇਆ ਸੀ,*
*ਕਿ ਟੂਮਾਂ ਮਹਿੰਗੀਆਂ ਵਿਕੀਆਂ ਤੇ ਸੱਧਰਾਂ ਸਸਤੀਆਂ ਵਿਕੀਆਂ।*

ਇਹਨਾਂ ਸ਼ਿਅਰਾਂ ਵਿਚ ਭ੍ਰਸ਼ਟ ਸਿਆਸਤ ਦੇ ਰੰਗ ਰੂਪ, ਕਿਸਾਨਾਂ ਦੀ ਬਦਹਾਲੀ ਦੇ ਯਥਾਰਥ ਅਤੇ ਗ਼ਰੀਬ ਮੁਟਿਆਰ ਦੀ ਹੋਣੀ ਦੇ ਦਰਦ ਨੂੰ ਪਛਾਣ ਸਕਣਾ ਕੋਈ ਮੁਸ਼ਕਿਲ ਨਹੀਂ। ਏਸੇ ਤਰ੍ਹਾਂ ਹੀ ਸਮਕਾਲ ਦੇ ਯਥਾਰਥ ਨਾਲ ਜੋੜ ਕੇ ਉਸਨੇ ਪਰਵਾਸ, ਪਿੰਡ ਤੇ ਸ਼ਹਿਰ, ਬਾਜ਼ਾਰ, ਸਮਾਜਕ ਰਿਸ਼ਤਿਆਂ, ਇਕੱਲ, ਧਰਮ ਆਦਿ ਦੇ ਨਿੱਕੇ ਵੱਡੇ ਮਸਲਿਆਂ ਨੂੰ ਕਿਤੇ ਵਿਅੰਗ, ਕਿਤੇ ਚਿੰਤਾ, ਕਿਤੇ ਰੋਹ ਦੀ ਸੁਰ ਧਾਰ ਕੇ ਸ਼ਿਅਰਾਂ ਵਿਚ ਗੁੰਦਿਆ ਹੈ:

*ਹਾਕਮ ਤੈਨੂੰ ਮਨ ਦੀ ਬਾਤ ਸੁਣਾਵੇ ਰੋਜ਼*
*ਘਣੀਆਂ ਤੂੰ ਵੀ ਆਪਣੇ ਦਿਲ ਦੀ ਆਖ ਸੁਣਾ*

*ਟਾਹਲੀ ਉੱਤੇ ਲਾਸ਼ ਲਮਕ ਰਹੀ ਖੇਤਾਂ ਦੀ*

*ਖੇਤਾਂ ਵਿਚ ਹੁਣ ਲੋੜ ਕੀ ਡਰਨਾ ਗੱਡਣ ਦੀ*

*ਕੇਹਾ ਕਲਯੁਗ ਆਇਐ, ਬੈਠਾ ਰਾਮ ਸਿੰਘਾਸਣ ਉੱਤੇ*
*ਦੂਜੇ ਪਾਸੇ ਪਰਜਾ ਸਾਰੀ ਭੋਗ ਰਹੀ ਬਣਵਾਸ*

*ਸ਼ਿਕਾਰੇ ਡੁੱਬ ਗਏ ਲਾਸ਼ਾਂ ਲਹੂ ਵਿਚ ਤਰਦੀਆਂ ਨੇ*
*ਤੇ ਮਾਵਾਂ ਬੈਠ ਕੇ ਪੱਤਣ 'ਤੇ ਹਉਕੇ ਭਰਦੀਆਂ ਨੇ*

*ਅੱਲਾ ਦਾ ਕਰਮ ਨਈਂ ਇਹ ਰਹਿਮਤ ਜਨਾਬ ਦੀ*
*ਫੁੱਲਾਂ 'ਤੇ ਹੋ ਰਹੀ ਹੈ ਬਾਰਸ਼ ਤੇਜ਼ਾਬ ਦੀ*

*ਅਨੇਕਾਂ ਸੜ ਗਏ ਜੇਲ੍ਹਾਂ 'ਚ ਜਾਂ ਫਿਰ ਡੁੱਬ ਕੇ ਮਰ ਗਏ*
*ਖਪੇ ਨੇ ਕਿੱਥੇ ਕਿੱਥੇ ਮਾਵਾਂ ਦੇ ਪੁੱਤ ਲੱਭਦਿਆਂ ਰੋਟੀ*

*ਐਸੀ ਹੈ ਬਾਜ਼ਾਰ ਦੀ ਖਸਲਤ, ਮਿੱਠੀਆਂ ਮਿਰਚਾਂ ਮਿਲਦੀਆਂ ਏਥੇ*
*ਮਿਲਦੇ ਨੇ ਨਮਕੀਨ ਪਤਾਸੇ, ਸਾਬਤ ਸ਼ੀਸ਼ੇ ਤਿੜਕੇ ਚਿਹਰੇ*

ਗ਼ਜ਼ਲ ਦੀ ਖੂਬਸੂਰਤੀ ਸ਼ਿਅਰ ਵਿਚ ਨਿਵੇਕਲੇ 'ਅੰਦਾਜ਼ੇ-ਬਿਆਂ' ਅਤੇ ਬਿੰਬਾਂ ਅਲੰਕਾਰਾਂ ਦੀ ਮੌਲਿਕਤਾ ਤੇ ਨਵੀਨਤਾ ਨਾਲ ਉਭਰਦੀ ਹੈ। ਘਣੀਆ ਆਪਣੇ ਵੱਲੋਂ ਕਹੀ ਜਾਣ ਵਾਲੀ ਗੱਲ ਦੀ ਸੁੱਚਤਾ ਉੱਤੇ ਹੀ ਕੇਂਦਰਤ ਰਹਿੰਦਿਆਂ ਹੋਇਆਂ ਗ਼ਜ਼ਲ ਵਿਚ ਅਜਿਹੀ ਮੌਲਿਕਤਾ ਤੇ ਨਵੀਨਤਾ ਲਿਆਉਣ ਦੀ ਲੋੜ ਵੱਲ ਬਹੁਤਾ ਧਿਆਨ ਨਹੀਂ ਦਿੰਦਾ। ਸਰਲ ਸਾਦਾ ਭਾਸ਼ਾ ਦੀ ਵਰਤੋਂ ਅਵੱਸ਼ ਸਲਾਹੁਣਯੋਗ ਹੈ ਪਰ ਇਹ ਉਚਿਤ ਨਹੀਂ ਕਿ ਗ਼ਜ਼ਲ ਦੇ ਸ਼ਿਅਰ ਵਾਰਤਕ ਵਿਚ ਲਿਖੇ ਵਾਕਾਂ ਵਰਗੇ ਜਾਪਣ। ਅਲੰਕਾਰਾਂ ਬਿੰਬਾਂ ਦੀ ਵਰਤੋਂ ਦੇ ਸੰਬੰਧ ਵਿਚ ਵੀ ਸੱਜਰੇਪਣ ਦੀ ਘਾਟ ਰੜਕਦੀ ਹੈ। ਪਹਿਲੀ ਪੰਕਤੀ ਦੇ ਗ਼ਜ਼ਲਗੋ ਸ਼ਾਇਰਾਂ ਵਿਚ ਸ਼ੁਮਾਰ ਹੋਣ ਲਈ ਘਣੀਆ ਨੂੰ ਆਪਣੀ ਇਸ ਤਰੁਟੀ ਨੂੰ ਦੂਰ ਕਰਨ ਬਾਰੇ ਚੇਤੰਨ ਹੋਣ ਦੀ ਲੋੜ ਹੈ। **–ਰਘਬੀਰ ਸਿੰਘ**

## ਪ੍ਰਾਪਤ ਪੁਸਤਕਾਂ

**ਗੁਰੂ ਨਾਨਕ ਪਾਤਸ਼ਾਹ ਨੂੰ ਮਿਲਦਿਆਂ** (ਵਾਰਤਕ) ਵਰਿਆਮ ਸਿੰਘ ਸੰਧੂ
ਪੰਨੇ 128, ਸੰਗਮ ਪਬਲੀਕੇਸ਼ਨਜ਼, ਸਮਾਣਾ
**ਕੋਈ ਸਮਝੌਤਾ ਨਹੀਂ** (ਆਪਣੀ ਜਲਾਵਤਨੀ ਤਕ ਦੀ ਦਾਸਤਾਨ) ਸਾਧੂ ਸਿੰਘ
ਪੰਨੇ 144, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮੂਰਤਾਂ ਰੰਗ ਬਰੰਗੀਆਂ** (ਸਵੈ-ਜੀਵਨੀ ਆਧਾਰਿਤ ਸ਼ਬਦ ਚਿੱਤਰ) ਅਵਤਾਰ ਸਿੰਘ ਬਿਲਿੰਗ
ਪੰਨੇ 152, ਮੁੱਲ 295 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
**ਕਵਿਤਾ ਵਰਗੀਆਂ ਧੀਆਂ** (ਲੇਖ ਸੰਗ੍ਰਹਿ) ਕੁਲਵੰਤ ਸਿੰਘ ਔਜਲਾ
ਪੰਨੇ 160, ਮੁੱਲ 300 ਰੁਪਏ, ਸਾਂਝ ਪ੍ਰਕਾਸ਼ਨ, ਜਲੰਧਰ
**ਪੰਜਾਬੀ ਸਾਹਿਤ ਅਤੇ ਸਭਿਆਚਾਰ** (ਨਿਬੰਧ) ਸੰਪਾਦਕ ਸੁਖਿੰਦਰ, ਦਲਬੀਰ ਸਿੰਘ ਕਥੂਰੀਆ
ਪੰਨੇ 200, ਮੁੱਲ 300 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਰੰਗ ਆਪੋ ਆਪਣੇ** (ਮੁਲਾਕਾਤਾਂ) ਸਤਨਾਮ ਸਿੰਘ ਢਾਅ
ਪੰਨੇ 394, ਮੁੱਲ 550 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਚੁੱਪ ਦਾ ਮਰਮ ਪਛਾਣੀਏ** (ਵਾਰਤਕ) ਮਲਵਿੰਦਰ
ਪੰਨੇ 136, ਮੁੱਲ 220 ਰੁਪਏ, ਕੈਫੇ ਵਰਲਡ, ਜਲੰਧਰ-ਕਪੂਰਥਲਾ-ਬਠਿੰਡਾ
**ਕਿੱਥੇ ਨਹੀਂ ਭਗਤ ਸਿੰਘ** (ਵਾਰਤਕ) ਡਾ. ਸੁਦਰਸ਼ਨ ਗਾਸੋ
ਪੰਨੇ 124, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**ਓੜਕ ਸੱਚ ਰਹੀ** (ਸਵੈ-ਜੀਵਨੀ) ਗੁਰਨਾਮ ਢਿੱਲੋਂ
ਪੰਨੇ 140, ਮੁੱਲ 225 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਮੇਰੀ ਅਣਕਹੀ ਕਹਾਣੀ** (ਸਵੈ-ਜੀਵਨੀ) ਚੈਨ ਮਤਫੱਲੂ
ਪੰਨੇ 240, ਮੁੱਲ 350 ਰੁਪਏ, ਪੰਜ ਆਬ ਪ੍ਰਕਾਸ਼ਨ, ਜਲੰਧਰ
**ਇਕ ਹੋਰ ਪੁਲਸਰਾਤ** (ਨਾਵਲ) ਬਲਦੇਵ ਸਿੰਘ ਗਰੇਵਾਲ
ਪੰਨੇ 166, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਕਸਕ** (ਨਾਵਲ) ਧਰਮਪਾਲ ਸਾਹਿਲ
ਪੰਨੇ 188, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਵੇਸਵਾ ਨਹੀਂ ਹਾਂ ਮੈਂ** (ਨਾਵਲ) ਹਰਦੀਪ ਬਾਵਾ
ਪੰਨੇ 98, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਰਾਵੀ ਦੀਆਂ ਛੱਲਾਂ** (ਚੋਣਵੀਆਂ ਕਹਾਣੀਆਂ) ਮੁਖਤਾਰ ਗਿੱਲ
ਪੰਨੇ 240, ਮੁੱਲ 400 ਰੁਪਏ, ਆਜ਼ਾਦ ਬੁੱਕ ਡਿਪੂ, ਅੰਮ੍ਰਿਤਸਰ
**ਭੁੱਖ ਇਉਂ ਸਾਹ ਲੈਂਦੀ ਹੈ** (ਕਹਾਣੀ ਸੰਗ੍ਰਹਿ) ਦੀਪਤੀ ਬਬੂਟਾ
ਪੰਨੇ 142, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਖੁਸ਼ਬੂ ਜਾਤ ਨਾ ਜਾਣਦੀ** (ਕਹਾਣੀ ਸੰਗ੍ਰਹਿ) ਜੋਗੇ ਭੰਗਲ
ਪੰਨੇ 104, ਮੁੱਲ 150 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
**ਕੁਈਨਜ਼ ਲੈਂਡ** (ਕਹਾਣੀ ਸੰਗ੍ਰਹਿ) ਆਗਾਜ਼ਬੀਰ
ਪੰਨੇ 96, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਓਹਲਿਆਂ ਦੇ ਆਰ-ਪਾਰ** (ਕਹਾਣੀ ਸੰਗ੍ਰਹਿ) ਜਸਪਾਲ ਕੌਰ
ਪੰਨੇ 112, ਮੁੱਲ 180 ਰੁਪਏ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ-ਜਲੰਧਰ
**ਕੱਕੇ ਰੇਤੇ ਵਿਚ ਉੱਗੀਆਂ ਬਾਤਾਂ** (ਰਾਜਸਥਾਨੀ ਲੋਕ ਕਹਾਣੀਆਂ) ਸੰਪਾਦਨ ਤੇ ਅਨੁਵਾਦ ਕੇਸਰਾ ਰਾਮ
ਪੰਨੇ 240, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਘੇਰੇ ਤੋਂ ਬਾਹਰ** (ਕਵਿਤਾਵਾਂ) ਮਦਨ ਵੀਰਾ
ਪੰਨੇ 96, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਦਰਦ ਉਜੜੇ ਖੇਤਾਂ ਦਾ** (ਕਾਵਿ ਸੰਗ੍ਰਹਿ) ਗੁਰਨਾਮ ਢਿੱਲੋਂ
ਪੰਨੇ 92, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਦਰਦ ਦੀ ਲਾਟ** (ਕਾਵਿ ਸੰਗ੍ਰਹਿ) ਗੁਰਨਾਮ ਢਿੱਲੋਂ
ਪੰਨੇ 108, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਦਰਦ ਦੀ ਗੂੰਜ** (ਕਾਵਿ ਸੰਗ੍ਰਹਿ) ਗੁਰਨਾਮ ਢਿੱਲੋਂ
ਪੰਨੇ 80, ਮੁੱਲ 200 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਪੈਰਾਂ ਦੀ ਪਿਆਸ** (ਕਾਵਿ ਸੰਗ੍ਰਹਿ) ਗੁਰਮੀਤ ਕੱਲਰਮਾਜਰੀ
ਪੰਨੇ 124, ਮੁੱਲ 160 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ
**ਜ਼ਖਮਾਂ ਦਾ ਹਾਸ਼ੀਆ** (ਸੰਪਾਦਿਤ ਕਾਵਿ ਸੰਗ੍ਰਹਿ) ਗੁਰਮੀਤ ਕੱਲਰਮਾਜਰੀ, ਸੰਤੋਖ ਸਿੰਘ ਸੁੱਖੀ
ਪੰਨੇ 144, ਮੁੱਲ 170 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ
**ਚਾਨਣੀ ਦੇ ਦੇਸ਼ ਵਿਚ** (ਸੰਪਾਦਿਤ ਕਾਵਿ ਸੰਗ੍ਰਹਿ) ਅਰਤਿੰਦਰ ਸੰਧੂ, ਸੰਪਾਦਕ ਮੋਹ ਤਿਆਗੀ
ਪੰਨੇ 160, ਮੁੱਲ 250 ਰੁਪਏ, ਯੂਨੀਸਟਾਰ ਬੁੱਕਸ ਪ੍ਰਾਈਵੇਟ ਲਿਮਟਡ, ਮੁਹਾਲੀ
**ਵਗਦੇ ਪਾਣੀਆਂ ਦੇ ਰੰਗ** (ਕਾਵਿ ਸੰਗ੍ਰਹਿ) ਗੁਰਚਰਨ
ਪੰਨੇ 112, ਮੁੱਲ 175 ਰੁਪਏ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ
**ਖਾਲੀ ਆਲ੍ਹਣਾ** (ਕਾਵਿ ਸੰਗ੍ਰਹਿ) ਸੰਨੀ ਧਾਲੀਵਾਲ
ਪੰਨੇ 128, ਮੁੱਲ 250 ਰੁਪਏ, ਪੰਜ ਆਬ ਪ੍ਰਕਾਸ਼ਨ, ਜਲੰਧਰ
**ਵਿਸ਼ਵੇਂਦੂ** (ਕਾਵਿ ਸੰਗ੍ਰਹਿ) ਸੰਤ ਇੰਦਰ ਸਿੰਘ ਚੱਕਰਵਰਤੀ, ਸੰਪਾਦਕ ਸੁਵਰਨ ਸਿੰਘ ਵਿਰਕ
ਪੰਨੇ 456, ਮੁੱਲ 500 ਰੁਪਏ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ
**ਲੋਕ ਨਾਇਕ ਕਵੀ-ਪੀ.ਆਰ. ਸੰਧਵਾਂ (ਯੂ.ਕੇ.)** (ਸੰਪੂਰਨ ਕਾਵਿ ਰਚਨਾਵਲੀ) ਸੰ: ਗੁਰਮੀਤ ਕੱਲਰਮਾਜਰੀ
ਪੰਨੇ 176, ਮੁੱਲ 200 ਰੁਪਏ, ਕੈਲੀਬਰ ਪਬਲੀਕੇਸ਼ਨ, ਪਟਿਆਲਾ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਜੁਲਾਈ, 2023

## ਕੈਨੇਡਾ ਵੱਸਦੇ ਕਲਮਕਾਰ ਸਤਨਾਮ ਸਿੰਘ ਢਾਅ ਦੀ ਮੁਲਾਕਾਤਾਂ 'ਤੇ ਆਧਾਰਿਤ ਤੀਜੀ ਕਿਤਾਬ 'ਰੰਗ ਆਪੋ ਆਪਣੇ'




ਪੰਜਾਬ ਅਤੇ ਪੰਜਾਬੀਅਤ ਨਾਲ ਜੁੜੀਆਂ ਦਸ ਅਹਿਮ ਸ਼ਖ਼ਸੀਅਤਾਂ ਨਾਲ ਮੁਲਾਕਾਤਾਂ ਕਰਦਿਆਂ ਸਤਨਾਮ ਸਿੰਘ ਢਾਅ ਪੰਜਾਬ ਤੇ ਪੰਜਾਬੀਆਂ ਦੀ ਹੋਣੀ ਅਤੇ ਹਸਤੀ ਨਾਲ ਸੰਬੰਧਤ ਪੱਖਾਂ ਦੀ ਬਹੁਤ ਬਰੀਕਬੀਨੀ ਨਾਲ ਨਿਸ਼ਾਨਦੇਹੀ ਕਰਦਾ ਹੈ। ਇਸ ਨਿਸ਼ਾਨਦੇਹੀ ਅੰਦਰ ਬਿਹਤਰ ਜੀਣ-ਥੀਣ ਦੀ ਲਲਕ ਇਨ੍ਹਾਂ ਮੁਲਾਕਾਤਾਂ ਵਿਚ ਥਾਂ-ਪੁਰ-ਥਾਂ ਝਾਤੀਆਂ ਮਾਰਦੀ ਹੈ। 'ਰੰਗ ਆਪੋ ਆਪਣੇ' ਵਿਚ ਦਰਜ ਇਨ੍ਹਾਂ ਸ਼ਖ਼ਸੀਅਤਾਂ ਵਿਚ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ, ਲੇਖਕ ਸੰਤੋਖ ਸਿੰਘ ਸੰਤੋਖ ਤੇ ਕਹਾਣੀਕਾਰ ਜਰਨੈਲ ਸਿੰਘ, ਪੱਤਰਕਾਰ ਜਤਿੰਦਰ ਪੰਨੂੰ ਅਤੇ ਹੋਰ ਸ਼ਾਮਿਲ ਹਨ।

ਪੰਨੇ 394 ਸੁੰਦਰ ਦਿੱਖ ਮੁੱਲ 550 ਰੁਪਏ

**ਸਪਤਰਿਸ਼ੀ ਪਬਲੀਕੇਸ਼ਨ** ਚੰਡੀਗੜ੍ਹ

**SIRJANA** Literary Punjabi Quarterly Chandigarh
No. 209 ISSN 2455-1058 JULY-SEPTEMBER 2023
Registered with the Registrar of Newspapers for India vide R.N. 10215/65

## ਸਮਰੱਥ ਗਲਪਕਾਰ ਅਵਤਾਰ ਸਿੰਘ ਬਿਲਿੰਗ ਦੀ ਸਵੈ-ਜੀਵਨੀ ਆਧਾਰਿਤ ਸ਼ਬਦ ਚਿੱਤਰਾਂ ਦੀ ਕਿਤਾਬ 'ਮੂਰਤਾਂ ਰੰਗ ਬਰੰਗੀਆਂ'




'ਮੂਰਤਾਂ ਰੰਗ ਬਰੰਗੀਆਂ' ਵਿਚ ਅਵਤਾਰ ਸਿੰਘ ਬਿਲਿੰਗ ਨੇ ਆਪਣੇ ਦਿਲ ਦੇ ਨੇੜਲੇ ਪਾਤਰਾਂ ਬਾਰੇ ਗੱਲਾਂ ਛੋਹੀਆਂ ਹਨ। ਲੇਖਕ ਦਾ ਦਾਅਵਾ ਹੈ ਕਿ ਧਰਤੀ ਜੁੜੇ ਇਨ੍ਹਾਂ ਹਿੰਮਤੀ ਜਿਊੜਿਆਂ ਤੋਂ ਗ੍ਰਹਿਣ ਕੀਤਾ ਲੋਕ-ਵੇਦ ਹੀ ਉਸ ਦੀਆਂ ਰਚਨਾਵਾਂ ਵਿਚ ਵਿਦਮਾਨ ਹੋਇਆ ਹੈ। ਇਨ੍ਹਾਂ ਆਮ ਦਿਸਦੇ ਪਾਤਰਾਂ ਦੀਆਂ ਅੰਦਰਲੀਆਂ ਪਰਤਾਂ ਲੇਖਕ ਨੇ ਖ਼ੂਬਸੂਰਤੀ ਨਾਲ ਖੋਲ੍ਹ ਦਿਖਾਈਆਂ ਹਨ।

ਪੰਨੇ 152 ਸੁੰਦਰ ਦਿੱਖ ਮੁੱਲ 295 ਰੁਪਏ

ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ-143002